# ਜਾਣ-ਪਛਾਣ

**ਵਲੋਂ — ਗਿਆਨੀ ਗੋਪਾਲ ਸਿੰਘ 'ਮਿੱਤਰ'**

ਹੱਥਲੀ ਭਾਵਰ ਸਾਂਮ੍ਰਿਤ ਪੁਸਤਕ ਦੇ ਟੀਕਾਕਾਰ ਦਾ ਜਨਮ ਨੂਰ ਪੁਰ ਥਲ, ਜ਼ਿਲ੍ਹਾ ਸਰਗੋਧਾ (ਪਾਕਿਸਤਾਨ) ਵਿਖੇ ਭਾਈ ਖੇਮ ਚੰਦ ਜੀ ਦੇ ਗ੍ਰਹਿ ਮਾਤਾ ਰਾਮ ਪਿਆਰੀ ਜੀ ਦੀ ਕੁੱਖ ਤੋਂ ਮਹੀਨਾ ਵਿਸਾਖ ਸੰਮਤ ੧੯੯੪ (ਅਪ੍ਰੈਲ ੧੯੩੭) ਵਿਚ ਹੋਇਆ। ਮਾਪਿਆਂ ਨੇ ਆਪ ਜੀ ਦਾ ਨਾਮ ਸ੍ਰੀ ਭਗਵਾਨ ਦਾਸ ਰੱਖਿਆ। ਮੁਢਲੀ ਪੜ੍ਹਾਈ ਪੰਜਵੀਂ ਜਮਾਤ ਤਕ ਸਥਾਨਕ ਸਕੂਲ ਵਿਚ ਕੀਤੀ।

੧੯੪੭ ਦੀ ਦੇਸ਼ ਵੰਡ ਸਮੇਂ ਪ੍ਰਵਾਰ ਸਮੇਤ ਅੰਬਾਲੇ ਆ ਗਏ। ਦੋ ਸਾਲ ਅੰਬਾਲੇ ਗੁਜ਼ਾਰੇ ਤੇ ਦੋ ਸਾਲ ਸ੍ਰੀ ਅੰਮ੍ਰਿਤਸਰ ਨਿਵਾਸ ਕੀਤਾ। ਆਪ ਦੇ ਮਾਮਾ ਸੰਤ ਗਿਆਨੀ ਸੋਹਣ ਸਿੰਘ ਜੀ (ਡੇਰਾ ਭਾਈ ਜਗਤਾ ਜੀ ਨੂਰਪੁਰ ਵਾਲੇ) ਅੰਬਾਲੇ ਰਹਿੰਦੇ ਸਨ। ਉਨ੍ਹਾਂ ਦੀ ਪਿਆਰ-ਸੱਦ ਅਨੁਸਾਰ ਆਪ ਫੇਰ ਪ੍ਰਵਾਰ ਸਮੇਤ ਅੰਬਾਲੇ ਪੁੱਜ ਗਏ। ਮਾਮਾ ਜੀ ਦੀ ਪ੍ਰੇਰਨਾ ਅਨੁਸਾਰ ਸਿੰਘ ਸਜੇ। ਗੁਰੂ-ਘਰ ਤੋਂ ਪਵਿੱਤਰ ਨਾਮ 'ਸੁਰਜੀਤ ਸਿੰਘ' ਪ੍ਰਾਪਤ ਹੋਇਆ। ਅੰਮ੍ਰਿਤ ਦੀ ਦਾਤ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਤੋਂ ਪ੍ਰਾਪਤ ਕੀਤੀ। ੧੯੫੪ ਵਿਚ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਡੇਰਾ ਸੱਤੋਵਾਲੀ ਗਲੀ ਅੰਮ੍ਰਿਤਸਰ, ਸੰਪ੍ਰਦਾਈ ਟਕਸਾਲ ਵਾਲਿਆਂ ਦਾ ਸੱਚ-ਖੰਡ ਪਿਆਨਾ ਹੋ ਜਾਣ ਕਰ ਕੇ, ਦਸਤਾਰ-ਬੰਦੀ ਵਾਲੇ ਦਿਨ ਆਪ ਜੀ ਆਪਣੇ ਮਾਮਾ ਜੀ ਨਾਲ ਅੰਬਾਲੇ ਤੋਂ ਸ੍ਰੀ ਅੰਮ੍ਰਿਤਸਰ ਆ ਗਏ। ਸਾਧਾਰਨ ਰੁਚੀ ਪਹਿਲੇ ਹੀ ਪ੍ਰਪੱਕ ਹੋ ਚੁੱਕੀ ਸੀ ਤੇ ਉਥੇ ਰਹਿ ਕੇ ਗੁਰਬਾਣੀ ਦਾ ਵਿਚਾਰ-ਬੋਧ ਪ੍ਰਾਪਤ ਕਰਨ ਦੀ ਇੱਛਾ ਮਾਮਾ ਜੀ ਅੱਗੇ ਪ੍ਰਗਟ ਕੀਤੀ। ਉਨ੍ਹਾਂ ਦੀ ਆਗਿਆ ਪਾ ਕੇ ਡੇਰੇ ਵਿਚ ਹੀ ਨਿਵਾਸ ਕਰ ਲਿਆ। ਸਮਾਂ ਸਫਲ ਕਰਨ ਲਈ ਗੁਰਬਾਣੀ ਦੇ ਪੜ੍ਹਨ ਅਤੇ ਡੇਰੇ ਦੀ ਸੇਵਾ ਵਿਚ ਲੱਗ ਗਏ। ਇਸ ਸਮੇਂ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਛੇ-ਸੱਤ ਸੰਥਿਆ/ਕਥਾ ਲਗਾਤਾਰ ਸੰਤ ਬਾਬਾ ਕ੍ਰਿਪਾਲ ਸਿੰਘ ਜੀ ਤੋਂ ਪੜ੍ਹੀਆਂ। ਪੜ੍ਹਾਈ ਦੇ ਨਾਲ ਸ੍ਰੀਮਾਨ ਸੰਤ ਅਮੀਰ ਸਿੰਘ ਜੀ ਦੇ ਗੁਰਦੇਵ ਸੰਤ ਬਾਬਾ ਉਤਮ ਸਿੰਘ ਜੀ ਦੀ ਅਣਥੱਕ ਸੇਵਾ ਕੀਤੀ ਤੇ ਉਨ੍ਹਾਂ ਤੋਂ ਬੇਅੰਤ ਅਸੀਸਾਂ ਪ੍ਰਾਪਤ ਕੀਤੀਆਂ। ਉਨ੍ਹਾਂ ਨੇ ਹੀ ਆਪ ਜੀ ਨੂੰ ੧੯੫੮ ਵਿਚ ਸਾਧੂ ਭੇਖ ਬਖਸ਼ਿਆ ਅਤੇ ਸੰਤ ਗਿਆਨੀ ਕ੍ਰਿਪਾਲ ਸਿੰਘ ਜੀ ਦਾ ਉਤਰਾਧਿਕਾਰੀ ਬਣਾਇਆ।

ਆਪ ਨੇ ਸੇਵਾ ਕਰਦਿਆਂ ਹੋਰ ਅਨ-ਭਾਸ਼ਾਵਾਂ ਦੀ ਜਾਣਕਾਰੀ ਵੀ ਹੋਰ ਵਿਦਵਾਨਾਂ ਤੋਂ ਪ੍ਰਾਪਤ ਕੀਤੀ। ਜਿਵੇਂ ਕਿ ਵੇਦਾਂਤ ਅਤੇ ਭਾਸ਼ਾ ਦੇ ਗ੍ਰੰਥ ਸ੍ਰੀਮਾਨ ਪੰਡਿਤ ਕਲਿਆਣ ਸਿੰਘ ਜੀ ਤੋਂ ਵਿਚਾਰੇ ਅਤੇ ਸ੍ਰੀਮਾਨ ਸੰਤ ਸੁੰਦਰ ਸਿੰਘ ਜੀ 'ਕੁਠਾਰੀ' ਲਾਇਲਪੁਰੀ ਤੋਂ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ ਦਾ ਅਧਿਐਨ ਕੀਤਾ। ੧੯੭੭ ਤਕ ਆਪ ਜੀ ਨੇ ਜਿਥੇ ਡੇਰੇ ਵਿਚ ਰਹਿ ਕੇ ਸੰਥਿਆ ਪੜ੍ਹੀਆਂ ਤੇ ਵਿਚਾਰੀਆਂ, ਉਥੇ ਮਹਾਂ ਪੁਰਖਾਂ ਦੀ ਆਗਿਆ ਅਨੁਸਾਰ ਨਾਲ-ਨਾਲ ਵਿਦਿਆਰਥੀਆਂ ਨੂੰ ਸੰਥਿਆ ਪੜ੍ਹਾਉਣ ਦੀ ਸੇਵਾ ਵੀ ਕਰਦੇ ਰਹੇ।

**ਪ੍ਰਦੇਸ਼ ਰਟਨ** ਸ੍ਰੀ ਅੰਮ੍ਰਿਤਸਰ ਰਹਿੰਦਿਆਂ ਹਿਰਦੇ ਵਿਚ ਗੁਰਮਤਿ-ਗਿਆਨ ਦਾ ਭੰਡਾਰ ਵਿਸ਼ਾਲ ਹੋ ਜਾਣ ਤੇ ਆਪ ਜੀ ਨੇ ਤੁਰ-ਫਿਰ ਕੇ ਮੰਡਲੀ ਬਣਾ ਕੇ ਗੁਰਮਤਿ ਪ੍ਰਚਾਰ ਕਰਨ ਦਾ ਮਨ ਬਣਾਇਆ। ਲਗਪਗ ਦੋ ਸਾਲ ਭਾਰਤੀ ਪ੍ਰਾਂਤਾਂ ਦੇ ਪ੍ਰਮੁੱਖ ਨਗਰਾਂ (ਕਲਕੱਤਾ, ਬੰਬਈ ਆਦਿ) ਵਿਚ ਸੰਗਤਾਂ ਨੂੰ ਗੁਰਮਤਿ ਸੁੰਗਧੀ ਪ੍ਰਦਾਨ ਕਰਦੇ ਰਹੇ। ਗੁਰਮਤਿ ਪ੍ਰਚਾਰ ਦੇ ਨਾਲ-ਨਾਲ ਅੰਮ੍ਰਿਤ ਸੰਚਾਰ ਵੀ ਹੁੰਦਾ।

ਅਚਾਨਕ ਹੀ ੨ ਫਰਵਰੀ ੧੯੭੯ ਵਾਲੇ ਦਿਨ ਮਹੰਤ ਗਿਆਨੀ ਸੁੰਦਰ ਸਿੰਘ ਜੀ ਰੇਵਾੜੀ (ਹਰਿਆਣੇ) ਵਾਲੇ ਸੱਚ-ਖੰਡ ਪਿਆਨਾ ਕਰ ਗਏ। ਉਨ੍ਹਾਂ ਦੀ ਦਸਤਾਰ-ਬੰਦੀ ਵਾਲੇ ਦਿਨ ਮਿਤੀ ੧੮-੨-੭੯ ਨੂੰ ਸੇਵਾ ਪੰਥੀ ਭੇਖ ਦੇ ਇਕੱਤਰ ਹੋਏ ਸਾਰੇ ਸਾਧੂ ਸਮਾਜ ਨੇ ਆਪ ਜੀ ਨੂੰ ਹਰ ਪ੍ਰਕਾਰ ਯੋਗ ਸਮਝ ਕੇ ਗਿਆਨੀ ਸੁੰਦਰ ਸਿੰਘ ਜੀ ਦੀ ਥਾਂ ਤੇ ਸੇਵਾ ਪੰਥੀ ਮਰਯਾਦਾ ਅਨੁਸਾਰ ਦਸਤਾਰ-ਬੰਦੀ ਕਰ ਕੇ ਆਪ ਜੀ ਨੂੰ 'ਮਹੰਤ' ਥਾਪਿਆ ਤੇ ਦਸਤਾਰਾਂ ਦਿਤੀਆਂ ਉਨ੍ਹਾਂ ਮਹਾਂਪੁਰਖਾਂ ਦੇ ਨਾਮ ਇਸ ਪ੍ਰਕਾਰ ਹਨ :-

੧ ਸ੍ਰੀਮਾਨ ਮਹੰਤ ਗੁਰਮੁਖ ਸਿੰਘ ਜੀ, ਪ੍ਰਧਾਨ ਸੇਵਾ ਪੰਥੀ ਸੰਪ੍ਰਦਾਇ, ਰੋਹਤਕ ਵਾਲੇ।

Sri Satguru Jagjit Singh Ji eLibrary NamdhariElibrary@gmail.com

੨ ਸ੍ਰੀਮਾਨ ਮਹੰਤ ਤੀਰਥ ਸਿੰਘ ਜੀ, ਮੀਤ ਪ੍ਰਧਾਨ, ਸੇਵਾ ਪੰਥੀ ਸੰਪ੍ਰਦਾਏ, ਗੋਨਿਆਣਾ ਮੰਡੀ।

੩ ਸ੍ਰੀਮਾਨ ਮਹੰਤ ਗੋਪਾਲ ਸਿੰਘ ਜੀ, ਸਕੱਤਰ ਸੇਵਾ ਪੰਥੀ ਸੰਪ੍ਰਦਾਏ ਸ਼ੇਰਾਂ ਵਾਲਾ ਗੇਟ, ਪਟਿਆਲਾ।

੪ ਸ੍ਰੀਮਾਨ ਮਹੰਤ ਤਾਰਾ ਸਿੰਘ ਜੀ, ਮਿੱਠਾ ਟਿਵਾਣਾ, ਹੁਸ਼ਿਆਰਪੁਰ।

੫ ਸ੍ਰੀਮਾਨ ਮਹੰਤ ਬਿਹਾਰੀ ਲਾਲ ਜੀ, ਕੈਥਲ।

੬ ਸ੍ਰੀਮਾਨ ਮਹੰਤ ਨਰੈਣ ਸਿੰਘ ਜੀ, ਅਨੰਦਪੁਰ ਸਾਹਿਬ।

੭ ਸ੍ਰੀਮਾਨ ਮਹੰਤ ਬਲਬੀਰ ਸਿੰਘ ਜੀ, ਸ੍ਰੀ ਅੰਮ੍ਰਿਤਸਰ।

੮ ਸ੍ਰੀਮਾਨ ਮਹੰਤ ਦਇਆ ਸਿੰਘ ਜੀ, ਡੇਰਾ ਮਿੱਠਾ ਟਿਵਾਣਾ, ਸ੍ਰੀ ਅੰਮ੍ਰਿਤਸਰ।

੯ ਸ੍ਰੀਮਾਨ ਮਹੰਤ ਤ੍ਰਿਲੋਚਨ ਸਿੰਘ ਜੀ, ਜਮਨਾ ਨਗਰ।

੧੦ ਸ੍ਰੀਮਾਨ ਮਹੰਤ ਨਿਰਵੈਰ ਸਿੰਘ ਜੀ, ਸਲੇਮਪੁਰ।

੧੧ ਸ੍ਰੀਮਾਨ ਮਹੰਤ ਰਾਮ ਸਿੰਘ ਜੀ ਬਰਾੜਾ, ਅੰਬਾਲਾ।

੧੨ ਸ੍ਰੀਮਾਨ ਮਹੰਤ ਭਗਵਾਨ ਸਿੰਘ ਜੀ, ਕਲਾਨੌਰ।

੧੩ ਸ੍ਰੀਮਾਨ ਮਹੰਤ ਕਿਸ਼ਨ ਦਾਸ ਜੀ, ਕਲਾਨੌਰ।

੧੪ ਸ੍ਰੀਮਾਨ ਮਹੰਤ ਸਤੀਸ਼ ਦਾਸ ਜੀ, ਕਲਾਨੌਰ।

ਹੋਰ ਵੀ ਬੇਅੰਤ ਪ੍ਰੇਮੀਆਂ ਵਲੋਂ ਦਸਤਾਰਾਂ, ਭੇਟਾਵਾਂ ਅਰਪਣ ਹੋਈਆਂ।

ਇਸ ਸਮੇਂ ਆਪ ਜੀ ਆਰ. ਐਲ. ੨੭੫, ਮਾਡਲ ਟਾਊਨ ਸੇਵਾ ਪੰਥੀ ਆਸ਼ਰਮ ਅਤੇ (ਗੁਰਦੁਵਾਰਾ ਗੋਕਲ ਗੇਟ) ਧਰਮਸਾਲਾ ਭਾਈ ਕਿਸ਼ਨ ਦਾਸ ਜੀ (ਭੱਖਰ ਵਾਲਿਆਂ) ਦੇ ਅਸਥਾਨ, ਗੋਕਲ ਗੇਟ, ਰੇਵਾੜੀ ਦੇ ਸਰਪ੍ਰਸਤ ਹਨ ਅਤੇ ਸ੍ਰੀ ਅੰਮ੍ਰਿਤਸਰ ਵਿਖੇ ਚਾਟੀਵਿੰਡ ਗੇਟ ਦੇ ਨੇੜੇ ਸ਼ਹੀਦ ਊਧਮ ਸਿੰਘ ਨਗਰ ਵਿਖੇ ਵੀ ਸੇਵਾ ਪੰਥੀ ਆਸ਼ਰਮ ਦੀ ਸਥਾਪਨਾ ਕੀਤੀ ਹੈ। ਸੰਗਤਾਂ ਨੇ ਰੇਵਾੜੀ ਡੇਰਾ ਸਥਾਪਤ ਕਰਨ ਸਮੇਂ ਵੀ ਬਹੁਤ ਸੇਵਾ ਕੀਤੀ ਹੈ ਤੇ ਹੁਣ ਵੀ ਕਰ ਰਹੀਆਂ ਹਨ।

ਦੋਹਾਂ ਡੇਰਿਆਂ (ਰੇਵਾੜੀ ਤੇ ਅੰਮ੍ਰਿਤਸਰ) ਵਿਖੇ ਨਿਤਾਪ੍ਰਤੀ ਨਾਮ ਬਾਣੀ, ਕਥਾ/ਕੀਰਤਨ ਦਾ ਪ੍ਰਵਾਹ ਚਲਦਾ ਹੈ ਤੇ ਆਤਮਕ ਭੋਜਨ ਦੇ ਨਾਲ ਸਰੀਰਕ ਭੋਜਨ (ਲੰਗਰ) ਵੀ ਦੋਵੇਂ ਵੇਲੇ ਅਤੁੱਟ ਵਰਤਦਾ ਹੈ। ਇਨ੍ਹਾਂ ਦੋਹਾਂ ਡੇਰਿਆਂ ਨੂੰ ਨਵਾਂ ਰੂਪ ਦੇਣ ਵਿਚ ਆਪ ਜੀ ਨੇ ਬਹੁਤ ਵੱਡਾ ਉਦਮ ਕੀਤਾ ਹੈ। ਇਸ ਸੇਵਾ ਵਿਚ ਕਲਕੱਤਾ ਟਾਟਾ ਨਗਰ, ਕਾਨ੍ਹਪੁਰ, ਬੰਬਈ, ਦਿੱਲੀ, ਜਲੰਧਰ, ਅੰਮ੍ਰਿਤਸਰ, ਗਾਜ਼ੀਆਬਾਦ, ਹਿਸਾਰ, ਰੋਹਤਕ, ਡੈਕੋਰ, ਫ਼ਰੀਦਾਬਾਦ, ਪਾਣੀਪਤ, ਰੇਵਾੜੀ, ਬਾਨਸੁਰ, ਸਹਾਰਨਪੁਰ, ਸੈਂਪਲ ਆਦਿ ਦੀਆਂ ਸੰਗਤਾਂ ਨੇ ਪੂਰਨ ਸਹਿਯੋਗ ਦਿੱਤਾ ਹੈ।

ਸ੍ਰੀ ਜਗਦੀਸ਼ ਚੰਦਰ ਜੀ 'ਅਨੰਦ' ਦਿੱਲੀ ਵਾਲਿਆਂ ਦੀ ਸੇਵਾ ਵਿਸ਼ੇਸ਼ ਵਰਣਨ ਯੋਗ ਹੈ,। ਜਿਨ੍ਹਾਂ ਨੇ ਨਵੇਂ ਦਰਬਾਰ ਹਾਲ, (ਰੇਵਾੜੀ) ਫ਼ਰਸ਼ ਦੀ ਸਾਰੀ ਸੇਵਾ ਕੀਤੀ ਹੈ ਅਤੇ ਪ੍ਰਚਾਰ ਲਈ ਨਵੀਂ ਗੱਡੀ (ਮਿੰਨੀ ਬਸ) ਖ਼ਰੀਦਣ ਵਿਚ ਵੀ 'ਅਨੰਦ' ਜੀ ਦਾ ਭਾਰੀ ਯੋਗਦਾਨ ਹੈ।

ਸ੍ਰੀ ਮਾਨ ਸੰਤ ਜੀ ਆਪ ਇਕ ਪ੍ਰਸੰਨ ਚਿਤ, ਉਦਾਰ ਦਿਲ, ਹਸਮੁਖ ਤੇ ਮਹਾਨ ਵਿਦਵਾਨ ਸ਼ਖ਼ਸੀਅਤ ਹਨ। ਡੇਰਾ ਸੇਵਾ ਪੰਥੀ ਆਸ਼ਰਮ, ਮਾਡਲ ਟਾਊਨ ਰੇਵਾੜੀ ਵਿਖੇ ਅਤੇ ਸੇਵਾ ਪੰਥੀ ਆਸ਼ਰਮ ਸ੍ਰੀ ਅੰਮ੍ਰਿਤਸਰ ਵਿਖੇ ਭੀ ਆਪ ਨੇ ੧੮ ਸਾਲ ਤੋਂ (ਜਦੋਂ ਤੋਂ ਆਪ ਜੀ ਨੂੰ ਇਹ ਵਡਿਆਈ ਪ੍ਰਾਪਤ ਹੋਈ ਹੈ)। ਸੰਪ੍ਰਦਾਈ ਅਰਥਾਂ ਦੀ ਟਕਸਾਲ ਚਲਾਈ ਹੋਈ ਹੈ, ਜਿਸ ਵਿਚ ਹਰ ਸਮੇਂ ੨੦-੨੫ ਕੁ ਵਿਦਿਆਰਥੀ ਗੁਰਬਾਣੀ ਅਤੇ ਹੋਰ ਅਨਯ ਗ੍ਰੰਥਾਂ ਦੀ ਜਾਣਕਾਰੀ ਪ੍ਰਾਪਤ ਕਰਦੇ ਹਨ। ਇਸ ਸਮੇਂ ਵੀ ਗੁਰਬਾਣੀ ਦੀ ਸੰਥਿਆ ਚਲ ਰਹੀ ਹੈ। ਸਮੇਂ-ਸਮੇਂ ਸਿਰ ਹਰ ਭੇਖ ਦੇ ਵਿਦਵਾਨ ਡੇਰਿਆਂ ਤੋਂ ਆਏ ਰਹਿੰਦੇ ਹਨ। ਆਪ ਜੀ ਉਨ੍ਹਾਂ ਦਾ ਪੂਰਾ-ਪੂਰਾ ਸਤਿਕਾਰ ਕਰਦੇ ਹਨ।

ਆਪ ਜੀ ਦੀ ਕਥਨੀ ਵਿਚ ਇਤਨਾ ਰਸ ਹੈ ਕਿ ਸਰੋਤੇ ਕਥਾ ਦੇ ਸਮਾਪਤ ਹੋਣ ਤਕ ਧਿਆਨ ਨਿਮਗਨ ਇਸਥਿਤ ਰਹਿੰਦੇ ਹਨ। ਗੁਰਬਾਣੀ ਦੀ ਸਰਲ ਤੇ ਭਾਵ-ਪੂਰਣ ਕਥਾ ਵਿਚ ਦਾਰਸ਼ਨਿਕ ਪੱਖ ਨੂੰ ਐਸੇ ਸੁਚੱਜੇ ਢੰਗ ਨਾਲ ਬਿਆਨ ਕਰਦੇ ਹਨ ਕਿ ਸੁਣਨ ਵਾਲੇ ਆਪ ਦੀ ਕਥਾ ਦਾ ਪ੍ਰਭਾਵ ਸੁਖਾਲੇ ਹੀ ਕਬੂਲ ਕਰ ਲੈਂਦੇ ਹਨ। ਹੋਰ ਗ੍ਰੰਥਾਂ, ਸਾਰੁਕਤਾਵਲੀ, ਭਾਵਰਸਾਂਮ੍ਰਿਤ, ਵਿਚਾਰ ਮਾਲਾ, ਅਧਿਆਤਮ ਪ੍ਰਕਾਸ਼, ਵਿਚਾਰ ਸਾਗਰ ਆਦਿ ਸੰਸਕ੍ਰਿਤ ਸਲੋਕਾਂ ਦੇ ਪ੍ਰਮਾਣ ਵੀ ਆਪ ਦੇ ਢੁਕਵੇਂ ਤੇ ਚਲ ਰਹੀ ਵੀਚਾਰ ਨਾਲ ਮੇਲ ਖਾਂਦੇ, ਆਪ ਜੀ ਦੇ ਮਹਾਨ ਵਿਦਵਾਨ ਹੋਣ ਦੀ ਸਾਖ ਭਰਦੇ ਹਨ। ਵਿਆਖਿਆ ਕਰਨ ਸਮੇਂ ਇਤਨੇ ਇਕਾਗਰ ਚਿਤ ਰਹਿੰਦੇ ਹਨ ਕਿ ਪਾਠ ਕਰਨ ਵਾਲਾ ਵਿਦਿਆਰਥੀ ਜੇਕਰ ਲਗ-ਮਾਤਰ ਦੇ ਉਚਾਰਨ ਵਿਚ ਭੁੱਲ ਕਰ ਜਾਵੇ ਤਾਂ ਉਸ ਨੂੰ ਤੁਰੰਤ ਹੀ ਸੁਚੇਤ ਕਰ ਦੇਂਦੇ ਹਨ। ਆਪ ਜੀ ਕਥਨੀ ਵਿਚ

Sri Satguru Jagjit Singh Ji eLibrary NamdhariElibrary@gmail.com



ਸੰਤ ਸੁਰਜੀਤ ਸਿੰਘ ਜੀ 'ਸੇਵਾ ਪੰਥੀ' ਦੀ ਸੇਵਾ ਪੰਥੀ ਆਸ਼ਰਮ, ਮਾਡਲ ਟਾਊਨ, ਰੇਵਾੜੀ (ਹਰਿਆਣਾ) ਦੀ ਮਹੰਤੀ ਦੀ ਦਸਤਾਰ ਬੰਦੀ ਸਮੇਂ ਮਹੰਤ ਗੁਰਮੁਖ ਸਿੰਘ ਜੀ, ਰੋਹਤਕ, ਪ੍ਰਧਾਨ ਸੇਵਾ ਪੰਥੀ ਭੇਖ ਸਿਹਰਾ ਪਾਉਂਦੇ ਹੋਏ, ਉਨ੍ਹਾਂ ਨਾਲ ਖੜੇ ਹਨ ਮਹੰਤ ਗੋਪਾਲ ਸਿੰਘ ਜੀ ਪਟਿਆਲਾ ਜਨਰਲ ਸਕੱਤ੍ਰ ਸੇਵਾ ਪੰਥੀ ਅੱਡਣ ਸ਼ਾਹੀ ਸਭਾ ।

Sri Satguru Jagjit Singh Ji eLibrary NamdhariElibrary@gmail.com

# ਸੰਤ ਗਿਆਨੀ ਸੁਰਜੀਤ ਸਿੰਘ ਜੀ 'ਸੇਵਾ ਪੰਥੀ'

ਵਿਦਿਆਰਥੀਆਂ ਨੂੰ ਸੰਥਿਆ ਪੜ੍ਹਾ ਰਹੇ ਹਨ ।





ਇਕ ਵਿਸ਼ੇਸ਼ ਗੁਣ ਹੈ,-'ਹਾਸ- ਰਸ ਦੀ ਚਾਸ਼ਨੀ' ਅਨੂਪਮ ਢੰਗ ਨਾਲ ਗੁਰਬਾਣੀ ਦੇ ਭਾਵ ਨਿਰੂਪਣ ਕਰਦੇ ਸਮੇਂ ਕਿਸੇ ਪ੍ਰਸੰਗ ਜਾਂ ਸਾਖੀ ਨੂੰ ਇੰਜ ਬਿਆਨ ਕਰਨ ਦੀ ਜੁਗਤੀ ਵਰਤਦੇ ਹਨ ਕਿ ਹਰ ਇਕ ਸਰੋਤੇ ਦੇ ਚਿਹਰੇ ਤੇ ਨਿੰਮੀ-ਨਿੰਮੀ ਮੁਸਕਾਨ ਦੀ ਝਲਕ ਪੈਂਦੀ ਹੈ ਤੇ ਕਦੀ ਕਦੀ ਤਾਂ ਖਿੜ-ਖਿੜਾ ਕੇ ਹੱਸ ਪੈਣ ਤਕ ਦਾ ਅਦਭੁਤ ਨਜ਼ਾਰਾ ਵੀ ਵੇਖਿਆ ਜਾ ਸਕਦਾ ਹੈ।

ਆਪ ਜੀ ਦੀ ਕਥਨੀ ਦੇ ਨਾਲ ਕਰਣੀ ਦਾ ਵੀ ਸੁਮੇਲ ਹੈ। ਤਿਆਰ ਬਰ-ਤਿਆਰ, ਕ੍ਰਿਪਾਨਧਾਰੀ, ਅਨੂਪਮ ਜਥੇ ਵਾਲੇ, ਸੇਵਾ ਪੰਥੀ ਸੰਪ੍ਰਦਾ ਦੇ ਮਹਾਂ-ਪੁਰਸ਼ਾਂ ਦੇ ਉਲੀਕੇ ਰਾਹ 'ਤੇ ਤੁਰ ਕੇ ਸਾਦਾ ਤੇ ਸਾਧਾਰਣ ਠਰੰਮੇ ਵਾਲਾ ਜੀਵਨ ਬਿਤਾ ਰਹੇ ਵਿਸ਼ਾਲ ਤਜਰਬੇ ਵਾਲੇ ਮਹਾ ਪੁਰਸ਼ ਹਨ। ਆਪ ਦੇ ਵਿਦਿਆਰਥੀ ਪੰਜ ਕਕਾਰਾਂ ਦੀ ਰਹਿਣੀ-ਰਹਿਤ ਦੇ ਧਾਰਨੀ ਸੁਹਿਰਦ ਯੁਵਕ ਹਨ। ਜਿਥੇ ਆਪ ਗੁਰਮਤਿ ਰਹਿਣੀ-ਰਹਿਤ ਵਾਲੇ ਵਿਦਿਆਰਥੀ ਨੂੰ ਜ਼ਿਆਦਾ ਪ੍ਰੋੜ੍ਹਤਾ ਦੇਂਦੇ ਹਨ, ਉਥੇ ਉਦਾਸੀ, ਨਿਰਮਲੇ ਆਦਿ ਭੇਖ ਵਾਲੇ ਸਿਖਿਆਰਥੀ ਨੂੰ ਵੀ ਉਤਨਾ ਹੀ ਪਿਆਰ ਪ੍ਰਦਾਨ ਕਰਦੇ ਹਨ।

ਜਦੋਂ ਵੀ ਆਪ ਸੰਗਤਾਂ ਦੀ ਪਿਆਰ-ਸੱਦ ਅਨੁਸਾਰ ਭਾਰਤ ਦੇ ਕਿਸੇ ਪ੍ਰਾਂਤ ਵਿਚ ਵੀ ਗੁਰਮਤਿ ਪ੍ਰਚਾਰ ਲਈ ਪੁਜਦੇ ਹਨ, ਵਿਦਿਆਰਥੀ ਸਿੰਘਾਂ ਨੂੰ ਵੀ ਨਾਲ ਹੀ ਰੱਖਦੇ ਹਨ ਤੇ ਲਗਾਤਾਰ ਸੰਥਿਆ ਦੀ ਲੜੀ ਚਲਦੀ ਰਹਿੰਦੀ ਹੈ, ਜਿਸ ਤੋਂ ਸਥਾਨਕ ਸੰਗਤਾਂ ਵੀ ਪੂਰਾ-ਪੂਰਾ ਲਾਭ ਪ੍ਰਾਪਤ ਕਰਦੀਆਂ ਹਨ। ਦਾਸ ਨੂੰ ਵੀ ਰਿਸ਼ੀ ਆਸ਼ਰਮ-ਡੇਹਰਾਦੂਨ, ਕਾਨ੍ਹਪੁਰ, ਧਰਮਸ਼ਾਲਾ (ਹਿਮਾਚਲ ਪ੍ਰੇਦਸ), ਨਾਸਿਕ (ਮਹਾਂਰਾਸ਼ਟਰ), ਟਾਟਾ ਨਗਰ (ਬਿਹਾਰ) ਦੇ ਪ੍ਰਚਾਰ ਦੌਰਿਆਂ ਸਮੇਂ ਨਾਲ ਰਹਿਣ ਦਾ ਅਵਸਰ ਪ੍ਰਾਪਤ ਹੋਇਆ ਹੈ।

ਵਰਣਨ ਯੋਗ ਵਿਚਾਰ ਹੈ ਕਿ ਅਨਜ ਮੱਤਾਂ ਦੇ ਸਾਧੂ ਸੰਤ ਵਿਦਵਾਨ ਵੀ ਆਪ ਜੀ ਤੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕਰ ਫੈਜ਼ ਯਾਬ ਹੋਏ ਹਨ। ਜਿਵੇਂ ਕਿ ੧੯੭੨ ਵਿਚ ਦਿੱਲੀ ਤੇ ਡੇਹਰਾਦੂਨ ਵਿਖੇ ਸੰਤ ਅਵਤਾਰ ਹਰੀ ਜੀ (ਨਿਰਮਲੇ ਸੰਤ) ਰਿਸ਼ੀ ਆਸ਼ਰਮ ਵਾਲਿਆਂ ਨੂੰ ਲਗਪਗ ਤਿੰਨ ਮਹੀਨੇ ਵਿਚ ਸਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਕਰਵਾਈ ਤੇ ਉਨ੍ਹਾਂ ਦੇ ਗੁਰਭਾਈ ਸੰਤ ਜਗਦੀਸ਼ ਹਰੀ ਸ਼ਾਸਤਰੀ ਵੇਦਾਂਤ ਆਚਾਰੀਆ ਜੀ ਨੂੰ ਵੀ ਵਿਸ਼ੇਸ਼ ਕਰ ਕੇ ਤਿੰਨ ਮਹੀਨਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਸੰਥਿਆ ਕਰਵਾਈ।

ਰੇਵਾੜੀ 'ਡੇਰੇ ਤੇ ਹੋਣ ਜਾਂ ਅੰਮ੍ਰਿਤਸਰ ਜਾਂ ਬਾਹਰ, ਸੰਥਿਆ ਕਰਵਾਉਣ ਸਮੇਂ ਕਈ ਵਾਰੀ ਆਪ ਲਗਾਤਾਰ ਦੋ ਦੋ, ਢਾਈ-ਢਾਈ ਘੰਟੇ ਵਿਆਖਿਆ ਕਰਦੇ ਹਨ। ੧੯੮੧ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਵਸ 'ਤੇ ਸੰਥਿਆ ਦੀ ਸਮਾਪਤੀ ਸਮੇਂ ਨੌਵੇਂ ਮਹਲੇ ਦੇ ਸਲੋਕਾਂ ਅਤੇ ਰਾਗਮਾਲਾ ਦੀ ਵਿਦਵਤਾ ਭਰਪੂਰ ਵਿਆਖਿਆ ਆਪ ਨੇ ਲਗਾਤਾਰ ਚਾਰ ਘੰਟੇ ਇਕੋ ਆਸਣ 'ਤੇ ਬੈਠ ਕੇ ਸੰਪੂਰਨ ਕੀਤੀ ਸੀ। ਇਹ ਅੱਖੀਂ ਦੇਖੀ ਵਾਰਤਾ ਹੈ। ਵਿਦਿਆਰਥੀ (ਲੇਖਕ) ਵੀ ਵਿਦਿਆਰਥੀਆਂ ਵਿਚ ਸ਼ਾਮਲ ਸੀ। ਏਥੇ 'ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ' ਮਹਾਂਵਾਕ ਹੀ ਸੋਭਦਾ ਹੈ।

ਆਪ ਜੀ ਤੋਂ ਵਿਦਿਆ ਪਾ ਕੇ ਜੋ ਵਿਦਿਆਰਥੀ ਇਸ ਸਮੇਂ ਪ੍ਰਚਾਰ ਅਤੇ ਸੇਵਾ ਸਿਮਰਨ ਕਰ ਰਹੇ ਹਨ ਅਤੇ ਜੋ ਸੰਥਿਆ ਪ੍ਰਾਪਤ ਕਰ ਚੁੱਕੇ ਹਨ ਜਾਂ ਕਰ ਰਹੇ ਹਨ, ਉਨ੍ਹਾਂ ਵਿਚੋਂ ਕੁਝ-ਕੁ ਦੇ ਨਾਮ ਹੇਠਾਂ ਦਿਤੇ ਜਾ ਰਹੇ ਹਨ :-

ਸੰਤ ਹਰਭਜਨ ਸਿੰਘ ਜੀ ਵਿ: (ਸ਼ਿਸ਼ ਸੰਤ ਦਲੇਰ ਸਿੰਘ ਜੀ)
ਸੰਤ ਇੰਦਰਜੀਤ ਸਿੰਘ ਜੀ, ਗਵਾਲੀਅਰ।
ਸੰਤ ਅਮਰਜੀਤ ਸਿੰਘ ਜੀ, ਸੰਤ ਦਲੀਪ ਸਿੰਘ ਜੀ ਨਾਨਕਸਰ।
ਸੰਤ ਗੁਰਨਾਮ ਸਿੰਘ ਜੀ, ਅਨੰਦਪੁਰੀ।
ਸੰਤ ਜਗਦੀਸ਼ ਹਰੀ ਜੀ, ਸ਼ਾਸਤਰੀ ਵੇਦਾਂਤ ਆਚਾਰੀਆ, ਡੇਹਰਾਦੂਨ
ਸੰਤ ਕੇਸ਼ੋ ਰਾਮ ਜੀ, ਉਦਾਸੀਨ, ਹੀਰੇ ਵਾਲਾ, ਬਠਿੰਡਾ।
ਭਾਈ ਸੁਖਦੇਵ ਸਿੰਘ ਜੀ, ਬਿਧੀ ਚੰਦੀਏ (ਸੁਰਸਿੰਘ) ਅੰਮ੍ਰਿਤਸਰ।
ਭਾਈ ਬਲਵਿੰਦਰ ਸਿੰਘ ਜੀ, ਰਾੜਾ ਸਾਹਿਬ।
ਸੰਤ ਹਰਨਾਮ ਸਿੰਘ ਜੀ, ਕਲਾਨੌਰ (ਹਰਿਆਣਾ)।
ਸੰਤ ਸਰਬਜੀਤ ਸਿੰਘ ਦਰਸ਼ਨ ਸਿੰਘ ਜੀ, ਅੰਮ੍ਰਿਤਸਰ।
ਸੰਤ ਅਮਰ ਸਿੰਘ ਜੀ, 'ਮਸਤ' ਮਲੇਰ ਕੋਟਲਾ।
ਸੰਤ ਸੰਪੂਰਨ ਸਿੰਘ ਜੀ ਨਿਹੰਗ (ਸ੍ਰੀ ਪਾਉਂਟਾ ਸਾਹਿਬ)।
ਭਾਈ ਜੋਗਿੰਦਰ ਸਿੰਘ ਜੀ 'ਸੇਵਕ'।
ਭਾਈ ਗੁਰਵਿੰਦਰ ਸਿੰਘ ਜੀ, 'ਜਿੰਦਾ ਸ਼ਹੀਦ'।
ਭਾਈ ਕਰਤਾਰ ਸਿੰਘ ਜੀ, ਪਟਨਾ ਸਾਹਿਬ।
ਭਾਈ ਗੁਰਮੁਖ ਸਿੰਘ ਜੀ, ਫੌਜੀ।
ਭਾਈ ਜਰਨੈਲ ਸਿੰਘ ਜੀ, ਗੜ੍ਹਸ਼ੰਕਰ (ਹੁਸ਼ਿਆਰਪੁਰ)।
ਭਾਈ ਇੰਦਰਜੀਤ ਸਿੰਘ ਜੀ, ਰੋਹਤਕ।
ਭਾਈ ਅਵਤਾਰ ਸਿੰਘ ਜੀ, ਹੁਸ਼ਿਆਪੁਰ।
ਭਾਈ ਕਰਮ ਸਿੰਘ ਜੀ, ਬਿਧੀ ਚੰਦੀਏ।
ਭਾਈ ਕੁਲਦੀਪ ਸਿੰਘ ਜੀ, ਜੰਮੂ।
ਭਾਈ ਕ੍ਰਿਪਾਲ ਸਿੰਘ ਜੀ, ਜੰਮੂ।
ਭਾਈ ਹਰਦੀਪ ਸਿੰਘ ਜੀ ਜੰਮੂ।
ਭਾਈ ਸਵਰਣ ਸਿੰਘ ਜੀ, ਜੰਮੂ।
ਭਾਈ ਸੁਲਿੰਦਰ ਸਿੰਘ ਬਿੱਟੂ ਜੰਮੂ।
ਭਾਈ ਕੁਲਵੰਤ ਸਿੰਘ ਜੀ , ਜੰਮੂ।
ਭਾਈ ਰਵਿੰਦਰ ਸਿੰਘ ਜੀ, (ਜੰਮੂ)।
ਭਾਈ ਕੁਲਜੀਤ ਸਿੰਘ ਜੀ, ਅੰਮ੍ਰਿਤਸਰ।

Sri Satguru Jagjit Singh Ji eLibrary NamdhariElibrary@gmail.com

ਭਾਈ ਧਰਮ ਸਿੰਘ ਜੀ, ਬਠਿੰਡਾ।
ਭਾਈ ਸਤਪਾਲ ਸਿੰਘ ਜੀ ਸੰਗਰੂਰ।
ਭਾਈ ਬਲਦੇਵ ਸਿੰਘ ਜੀ, ਕੁਰੂਕਸ਼ੇਤਰ।
ਭਾਈ ਜਗਤਾਰ ਸਿੰਘ ਭਾਈ ਮੇਵਾ ਸਿੰਘ ਜੀ, ਅੰਮ੍ਰਿਤਸਰ।
ਭਾਈ ਬਲਕਾਰ ਸਿੰਘ ਜੀ, ਅੰਮ੍ਰਿਤਸਰ।
ਭਾਈ ਬਘੇਲ ਸਿੰਘ ਜੀ, ਬੰਠਿਡਾ।
ਸੰਤ ਕੁਲਜੀਤ ਸਿੰਘ ਜੀ, ਪਟਿਆਲਾ।
ਭਾਈ ਕਰਮ ਸਿੰਘ ਜੀ, ਦਮਦਮਾ ਸਾਹਿਬ।
ਗਿਆਨੀ ਕਰਮ ਸਿੰਘ ਜੀ, ਦਮਦਮਾ ਸਾਹਿਬ।
ਗਿਆਨੀ ਗੁਰਚਰਨ ਸਿੰਘ ਜੀ, ਦੌਣ ਕਲਾਂ।
ਸੰਤ ਬਲਬੀਰ ਸਿੰਘ ਜੀ, ਹੁਸ਼ਿਆਪੁਰ।
ਭਾਈ ਹਰਮੇਜਰ ਸਿੰਘ ਭੂਪਿੰਦਰ ਸਿੰਘ ਹੁਸ਼ਿਆਪੁਰ
ਰਾਗੀ ਗੁਰਬਚਨ ਸਿੰਘ ਜੀ ਸੂਰਮਾ, ਸਮਾਨਪੁਰ (ਕੁਰੂਕਛੇਤਰ)।
ਭਾਈ ਕੁਲਦੀਪ ਸਿੰਘ ਜੀ, ਦਮਦਮਾ ਸਾਹਿਬ।
ਭਾਈ ਜਗੀਰ ਸਿੰਘ ਜੀ, ਪੀਲੀਭੀਤ (ਯੂ. ਪੀ)।
ਭਾਈ ਗੁਰਜੀਤ ਸਿੰਘ ਜੀ, ਪੀਲੀਭੀਤ (ਯੂ. ਪੀ.)।
ਭਾਈ ਵੀਰ ਸਿੰਘ ਜੀ, ਖਵਾਸਪੁਰ (ਅੰਮ੍ਰਿਤਸਰ)।
ਭਾਈ ਖੁਸ਼ਹਾਲ ਸਿੰਘ ਜੀ, ਅੰਮ੍ਰਿਤਸਰ।
ਭਾਈ ਸੁਖਦੇਵ ਸਿੰਘ ਜੀ, ਮੋਗਾ।
ਭਾਈ ਸਤਵੰਤ ਸਿੰਘ ਜੀ, ਲਾਲਪੁਰਾ (ਅੰਮ੍ਰਿਤਸਰ)।
ਭਾਈ ਹਰਮੇਵ ਸਿੰਘ ਜੀ, ਕਿਲ੍ਹਾ ਦਰਹਾਲ ਗੜ੍ਹ (ਜੰਮੂ)।
ਭਾਈ ਬਲਵਿੰਦਰ ਸਿੰਘ ਜੀ, ਲੁਧਿਆਣਾ।
ਬਾਬਾ ਗੁਰਨਾਮ ਸਿੰਘ ਜੀ ਗਿੱਲ, ਫਰੀਦ ਕੋਟ।
ਭਾਈ ਮੇਵਾ ਸਿੰਘ ਜੀ ਸੁਨਾਮ।
ਭਾਈ ਸਤਬੀਰ ਸਿੰਘ ਜੀ, ਅੰਮ੍ਰਿਤਸਰ।
ਗਿਆਨੀ ਗੁਰਮੇਲ ਸਿੰਘ ਜੀ ਸੇਵਾ ਪੰਥੀ ਆਸ਼੍ਰਮ, ਅੰਮ੍ਰਿਤਸਰ।
ਸੰਤ ਸੁਖਚੈਨ ਸਿੰਘ ਜੀ, ਅੰਮ੍ਰਿਤਸਰ।
ਭਾਈ ਚਰਨਜੀਤ ਸਿੰਘ ਜੀ, ਅੰਮ੍ਰਿਤਸਰ।
ਗਿਆਨੀ ਗੋਪਾਲ ਸਿੰਘ ਜੀ, 'ਮਿੱਤਰ' ਗੁੜਗਾਉਂ।
ਭਾਈ ਜਗਤਾਰ ਸਿੰਘ ਜੀ, ਮਲੋਟ ਮੰਡੀ।
ਪੰਡਤ ਮਦਨ ਲਾਲ ਜੀ, ਰੇਵਾੜੀ।
ਰਾਗੀ ਭਾਈ ਬਲਵਿੰਦਰ ਸਿੰਘ ਜੀ 'ਮਸਤਾਨਾ' ਰੇਵਾੜੀ।
ਸੰਤ ਸਲਵਿੰਦਰ ਸਿੰਘ ਜੀ ਸੇਵਾ ਪੰਥੀ ਗੁਰਦੁਆਰਾ, ਰੇਵਾੜੀ।
ਸੰਤ ਜਗਦੇਵ ਸਿੰਘ ਜੀ ਸੇਵਾ ਪੰਥੀ ਗੁਰਦੁਆਰਾ, ਰੇਵਾੜੀ।
ਸੰਤ ਕਸ਼ਮੀਰਾ ਸਿੰਘ ਜੀ ਸੇਵਾ ਪੰਥੀ ਆਸ਼੍ਰਮ, ਰੇਵਾੜੀ।
ਸੰਤ ਗਜ਼ਬ ਸਿੰਘ ਜੀ, ਸੇਵਾ ਪੰਥੀ ਆਸ਼੍ਰਮ, ਅੰਮ੍ਰਿਤਸਰ।
"ਭਾਟੀਆ" ਪ੍ਰਿਥੀਪਾਲ ਸਿੰਘ ਜੀ, ਸੇਵਾ ਪੰਥੀ ਆਸ਼ਰਮ ਅੰਮ੍ਰਿਤਸਰ।

ਆਪ ਜੀ ਦੇ ਪ੍ਰਬੰਧ ਹੇਠ ਚਲਦੇ ਰੇਵਾੜੀ ਅਤੇ ਅੰਮ੍ਰਿਤਸਰ ਡੇਰਿਆਂ ਤੇ ਨਾਮ ਬਾਣੀ ਦੇ ਪ੍ਰਚਾਰ ਦੀ ਜਿਉਂਦੀ ਜਾਗਦੀ ਮਿਸਾਲ ਹੈ। ਬੁਲ੍ਹੇ ਸ਼ਾਹ ਦੇ ਕਥਨ ਅਨੁਸਾਰ :- "ਇੱਟ ਖੜੱਕੇ ਦੁੱਕੜ ਵਜੇ ਤਪਦਾ ਰਵ੍ਹੇ ਚੁੱਲ੍ਹਾ।
ਆਉਂਦੇ ਜਾਂਦੇ ਰਹਿਣ ਮੁਸਾਫਰ ਤਾਂ ਖੁਸ਼ ਥੀਵੇ ਬੁੱਲ੍ਹਾ।

ਆਸ ਕਰਦਾ ਹਾਂ ਕਿ ਹੱਥਲੀ ਪੁਸਤਕ ਤੋਂ ਪਾਠਕ ਤੇ ਵਿਦਿਆਰਥੀ ਲਾਭ ਲੈਣਗੇ।

**ਏਸੇ ਕਲਮ ਤੋਂ:**

(੧) ਗਿਆਨ ਭੰਡਾਰ-੧ (ਨਿਤਨੇਮ ਸਟੀਕ-ਜਿਸ ਵਿਚ ਜਪੁਜੀ ਸਾਹਿਬ, ਜਾਪੁ ਸਾਹਿਬ, ਸੁਧਾ ਸ੍ਵਯੇ, ਚੌਪਈ, ਅਨੰਦ ਸਾਹਿਬ, ਰਹਿਰਾਸ ਸਾਹਿਬ ਤੇ ਕੀਰਤਨ ਸੋਹਿਲਾ ਦੀ ਟੀਕਾ ਅਤੇ ੧੧੨ ਸਾਖੀਆਂ, ਮਹਾਤਮ ਤੇ ਪ੍ਰਮਾਣਾਂ ਸਮੇਤ ਦਰਜ ਹਨ)।
(੨) ਗਿਆਨ ਭੰਡਾਰ-੨ (ਸ੍ਰੀ ਜਪੁਜੀ ਸਾਹਿਬ ਸਟੀਕ) ਸਾਖੀਆਂ, ਮਹਾਤਮ ਤੇ ਪ੍ਰਮਾਣਾਂ ਸਮੇਤ।
(੩) ਵਿਵੇਕ ਭੰਡਾਰ (ਰਹਿਰਾਸ ਤੇ ਕੀਰਤਨ ਸੋਹਿਲਾ ਸਟੀਕ), ਸਾਖੀਆਂ ਪ੍ਰਮਾਣਾਂ ਸਹਿਤ।
(੪) ਉਸਤਤ ਭੰਡਾਰ (ਜਿਸ ਵਿਚ ਜਾਪ ਸਾਹਿਬ ਤੇ ਸੁਧਾ ਸ੍ਵਯੇ ਦੇ ਅਰਥ ਦਰਜ ਹਨ)।
(੫) ਅਮੋਲਕ ਰਤਨ (ਸ੍ਰੀ ਸੁਖਮਨੀ ਸਾਹਿਬ ਸਟੀਕ) ਜਿਸ ਵਿਚ ੪੫ ਸਾਖੀਆਂ, ਮਹਾਤਮ, ਪ੍ਰਮਾਣਾਂ ਸਮੇਤ।
(੬) ਗੁਰਬਾਣੀ ਪਾਠ ਦਰਪਣ (ਜਿਸ ਵਿਚ ਕਠਨ ਪਾਠਾਂ ਦੇ ਵਿਚਾਰ ਤੇ ਟਿੱਪਣ ਭੀ ਦਿੱਤੇ ਹਨ)।
(੭) ਸਿਧਾਂਤ ਭੰਡਾਰ (ਅਰਥਾਤ ਸ੍ਰੀ ਸਾਰੁਕਤਾਵਲੀ ਸਟੀਕ)।
(੮) ਸੁੱਚੇ ਮੋਤੀ : ਜਿਸ ਵਿਚ ਭਾਈ ਘਨਈਆ ਜੀ ਤੇ ਹੋਰ ਸੇਵਾ ਪੰਥੀ ਮਹਾਂ ਪੁਰਸ਼ਾਂ ਦੇ ਸੰਖੇਪ ਪਰ ਭਾਵਪੂਰਨ ਜੀਵਨ ਦਰਜ ਹੈ।

ਦਾਸ ਦੀ ਵਾਹਿਗੁਰੂ ਅੱਗੇ ਅਰਦਾਸ ਹੈ, ਕਿ ਅਕਾਲ ਪੁਰਖ ਆਪ ਜੀ ਨੂੰ ਦੇਹ ਅਰੋਗਤਾ ਬਖਸ਼ੀ ਰੱਖੇ ਅਤੇ ਗੁਰਮਤਿ ਪ੍ਰਚਾਰ ਦਾ ਵਧੇਰੇ ਬਲ ਤੇ ਉਤਸ਼ਾਹ ਪ੍ਰਦਾਨ ਕਰੇ !

ਮਾਰਚ ੧੯੯੭

ਦਾਸ ਗੋਪਾਲ ਸਿੰਘ "ਮਿੱਤਰ"।

www.archive.org/details/namdhari

# ਪਰਉਪਕਾਰੁ ਨਿਤ ਚਿਤਵਤੇ

ਸੰਪ੍ਰਦਾਵਾਂ ਵਿਚ ਜਾਂ ਸਾਧੂਆਂ ਦੇ ਡੇਰਿਆਂ ਵਿਚ ਜਿਹੜਾ ਵੀ ਵਿਦਿਆ ਪੜ੍ਹਨ ਵਾਸਤੇ ਬੱਚਾ ਆਉਂਦਾ ਹੈ, ਉਸ ਨੂੰ ਸਭ ਤੋਂ ਪਹਿਲਾਂ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ ਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁੱਧ ਪਾਠ ਕਰਵਾਇਆ ਜਾਂਦਾ, ਉਸ ਤੋਂ ਬਾਅਦ ਪੜ੍ਹਨ ਵਾਲੇ ਬੱਚੇ ਦੀ ਲਗਨ ਦੇਖ ਕੇ ਉਸ ਨੂੰ ਕਥਾ ਸਿਖਣ ਵਾਸਤੇ ਛੋਟੇ-ਛੋਟੇ ਭਾਸ਼ਾ ਦੇ ਗ੍ਰੰਥ ਪੜ੍ਹਾਏ ਜਾਂਦੇ ਸਨ ਜਿਹਨਾਂ ਵਿਚ ਸਾਰੁਕਤਾਵਲੀ, ਭਾਵਰਸਾਂਮ੍ਰਿਤ, ਵਿਚਾਰ ਮਾਲਾ ਤੇ ਅਧਿਆਤਮ ਪ੍ਰਕਾਸ਼ ਅਤੇ ਫੇਰ ਵਿਦਾਂਤ ਦਾ ਗ੍ਰੰਥ ਵਿਚਾਰ ਸਾਗਰ ਪੜ੍ਹਾਇਆ ਜਾਂਦਾ ਹੈ, ਜਿਸ ਦੇ ਪੜ੍ਹਨ ਤੋਂ ਬਾਅਦ ਵਿਦਿਆਰਥੀ ਹੋਰ ਕਥਾ ਵਾਲੇ ਗ੍ਰੰਥਾਂ ਦੀ ਪੜ੍ਹਾਈ ਕਰਦਾ ਹੈ। ਜਿਸ ਵੇਲੇ ਇਹ ਭਾਸ਼ਾ ਦੇ ਗ੍ਰੰਥ ਪੜ੍ਹਨ ਵਾਸਤੇ ਵਿਦਿਆਰਥੀ ਦਾ ਮਨ ਤਿਆਰ ਹੁੰਦਾ ਹੈ। ਉਸ ਵਕਤ ਮੁਸ਼ਕਿਲ ਇਹ ਆਉਂਦੀ ਹੈ ਕਿ ਉਸ ਨੂੰ ਪੜ੍ਹਨ ਵਾਸਤੇ ਸਹੀ ਗ੍ਰੰਥ (ਪੁਸਤਕ) ਨਹੀਂ ਮਿਲਦੇ, ਜੇ ਮਿਲਦੇ ਵੀ ਹਨ ਤਾਂ ਉਹਨਾਂ ਦਾ ਪਾਠ ਇੰਨਾ ਗਲਤ ਛਪਿਆ ਹੁੰਦਾ ਹੈ ਕਿ ਪੜ੍ਹਨ ਵਾਲੇ ਨੂੰ ਨਿਰਣਾ ਕਰਨਾ ਕਠਿਨ ਹੋ ਜਾਂਦਾ ਹੈ ਸਹੀ ਕੀ ਹੈ ਤੇ ਗਲਤ ਕੀ? ਪਾਠਕਾਂ ਦੀ ਇਹ ਚਿਰੋਕੀ ਮੰਗ ਰਹੀ ਹੈ ਕਿ ਸੰਪ੍ਰਦਾ ਵਲੋਂ ਭਾਸ਼ਾ ਦੇ ਗ੍ਰੰਥਾਂ ਦਾ ਸਟੀਕ ਹੋਣਾ ਚਾਹੀਦਾ ਹੈ ਤਾਂ ਕਿ ਵਿਦਿਆਰਥੀਆਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਨਾ ਆਵੇ। ਦਾਸ ਵੀ ਜਦੋਂ ਮਹਾਂਪੁਰਸ਼ਾਂ ਪਾਸੋਂ ਭਾਸ਼ਾ ਦੇ ਗ੍ਰੰਥ ਪੜ੍ਹਦਾ ਸੀ ਉਸ ਵੇਲੇ ਵੀ ਬੜੀਆਂ ਮੁਸ਼ਕਲਾਂ ਆਉਂਦੀਆਂ ਸਨ। ਸੋ ਮੇਰੇ ਵਿਦਿਆ ਗੁਰੂ ਸ੍ਰੀ ਮਾਨ ਸੰਤ ਸੁਰਜੀਤ ਸਿੰਘ ਜੀ ਨੇ ਵਿਦਿਆ ਪ੍ਰੇਮੀਆਂ ਦੀ ਤਕਲੀਫ ਨੂੰ ਮੁੱਖ ਰੱਖਦਿਆਂ ਇਹ ਭਾਸ਼ਾ ਦੇ ਗ੍ਰੰਥ ਲਿਖ ਕੇ ਛਾਪਣ ਦਾ ਜੋ ਮਨ ਬਣਾਇਆ, ਇਹ ਇਕ ਸ਼ਲਾਘਾਯੋਗ ਉੱਦਮ ਹੈ। ਸੰਤ ਜੀ ਬਾਰੇ ਸੰਖੇਪ ਵਿਚ ਏਨਾ ਦਸਣਾ ਹੀ ਕਾਫੀ ਹੈ ਸ੍ਰੀ ਸੰਤ ਜੀ ਨੇ ਸੱਚ-ਖੰਡ ਵਾਸੀ ਵਿਦਿਆ ਦਾਤੇ ਸੰਤ ਗਿ: ਕਿਰਪਾਲ ਸਿੰਘ ਜੀ ਡੇਰਾ ਸੰਤ ਅਮੀਰ ਸਿੰਘ ਜੀ ਗਲੀ ਸੱਤੋ ਵਾਲੀ ਸ੍ਰੀ ਅੰਮ੍ਰਿਤਸਰ ਵਾਲਿਆਂ ਦੀ ੨੦ ਸਾਲ ਲਗਾਤਾਰ ਸੇਵਾ ਦੇ ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੋ ਇਲਾਵਾ ਹੋਰ ਵੀ ਗ੍ਰੰਥਾਂ ਦਾ ਅਰਥ-ਬੋਧ ਹਾਸਲ ਕੀਤਾ ਹੈ ਤੇ ਉਹਨਾਂ ਦੀ ਅਸ਼ੀਰਵਾਦ ਨਾਲ ਹੀ ਸਿੱਖ ਸੰਗਤਾਂ ਦੀ ਮੰਗ 'ਤੇ ਦੇਸ਼ ਦੇ ਕਈ ਹਿੱਸਿਆਂ 'ਚ ਜਾ ਕੇ ਧਰਮ ਪ੍ਰਚਾਰ ਕੀਤਾ ਤੇ ਗੁਰਬਾਣੀ ਤਥਾ ਗੁਰ ਇਤਿਹਾਸ ਦੀ ਕਥਾ ਸੁਣਾਉਂਦੇ ਰਹੇ। ਸ੍ਰੀ ਸੰਤ ਜੀ ਨੇ ਜੋ ਮਹਾਂਪੁਰਸ਼ਾਂ ਤੋਂ ਸੁਣਿਆ ਉਸ ਨੂੰ ਲਿਖਿਆ ਹੀ ਨਹੀਂ ਬਲਕਿ ਇੰਨ-ਬਿਨ (ਅੱਖਰ-ਅੱਖਰ) ਯਾਦ ਵੀ ਕੀਤਾ। ਜਦੋਂ ਵੀ ਕੋਈ ਅਰਥ ਪੁੱਛੇ, ਸੰਤ ਜੀ ਝੱਟ ਤਸੱਲੀ ਕਰਵਾ ਦਿੰਦੇ। ਅਜੇ ਵੀ ਸੰਤ ਜੀ ਦੀ ਯਾਦ ਸ਼ਕਤੀ ਏਨੀ ਨਿਗਰ ਹੈ ਕਿ ਕੋਈ ਗੱਲ ਪੁੱਛੋ ਝੱਟ ਦੱਸ ਦਿੰਦੇ ਹਨ ਕਿ ਫਲਾਣੀ ਜਗ੍ਹਾ ਦੇਖੋ! ਸੰਤ ਜੀ ਨੇ ਇਹ ਸਟੀਕ ਲਿਖਣ ਲੱਗਿਆਂ ਨਵੀਨਤਮ ਢੰਗ ਦੀ ਵਰਤੋਂ ਕੀਤੀ ਹੈ ਤਾਂ ਜੁ ਹਰੇਕ ਅਨਜਾਣ ਤੋਂ ਅਨਜਾਣ ਦੀ ਸਮਝ ਵਿਚ ਆ ਜਾਵੇ। ਪਹਿਲਾਂ ਪਦ ਅਰਥ, ਫੇਰ ਅਰਥ, ਕਿਤੇ ਕਿਤੇ ਭਾਵ ਅਰਥ ਅਤੇ ਕਈ ਜਗ੍ਹਾ ਪੁਰਾਣਕ ਪ੍ਰਮਾਣ ਵੀ ਦਿੱਤੇ ਗਏ ਹਨ। ਟੀਕੇ ਤਾਂ ਪਹਿਲਾਂ ਵੀ ਕਈ ਵਿਦਵਾਨਾਂ ਨੇ ਲਿਖੇ ਹੋਏ ਸਨ ਜਿਹਾ ਕਿ ਗਿਆਨੀ ਭਗਵਾਨ ਸਿੰਘ ਜੀ ਦਾ ਟੀਕਾ ਵੀ ਬੜਾ ਸੋਹਣਾ ਹੈ ਲੇਕਿਨ ਉਹਦਾ ਵੀ ਅਸਲੀ ਰੂਪ ਨਹੀਂ ਮਿਲਦਾ। ਦੂਜਾ, ਖਾਲਸਾ ਕਾਲਜ ਦੇ ਪ੍ਰੋਫੈਸਰ ਗਿਆਨੀ ਬਿਸ਼ਨ ਸਿੰਘ ਜੀ ਨੇ ਲਿਖਿਆ ਇਹ ਸਾਰੇ ਆਪੋ ਆਪਣੀ ਜਗ੍ਹਾ ਸਨਮਾਨ ਯੋਗ ਹਨ ਇਹ ਸਟੀਕ ਸੰਪ੍ਰਦਾਈ ਛਾਪ ਵਾਲਾ ਆਪਣੀ ਨਿਵੇਕਲੀ ਹੀ ਦਿੱਖ ਦੇਵੇਗਾ, ਐਸਾ ਹੀ ਮੇਰਾ ਵਿਸ਼ਵਾਸ ਹੈ। ਇਸ ਗ੍ਰੰਥ ਦੇ ਛਪਣ ਨਾਲ ਜਗਿਆਸੂ ਪਾਠਕਾਂ ਦੀ ਲੰਮੇ ਸਮੇਂ ਦੀ ਮੰਗ ਦੀ ਪੂਰਤੀ ਹੋਵੇਗੀ। ਵਿਦਿਆਰਥੀ ਵਰਗ ਇਸ ਤੋਂ ਭਰਪੂਰ ਲਾਭ ਲੈ ਸਕੇਗਾ।

ਸੰਤ ਜੀ ਨੇ ਇਸ ਦੀ ਸੁਧਾਈ ਵਿਚ ਦਾਸ ਪਾਸੋਂ ਸਹਿਯੋਗ ਦੇ ਰੂਪ ਵਿਚ ਇਸ ਮਹਾਨ ਕਾਰਜ ਵਿਚ ਸੁਧਾਈ ਦੀ ਸੇਵਾ ਲੈ ਕੇ ਦਾਸ ਨੂੰ ਨਿਵਾਜਿਆ ਹੈ। ਸੁਧਾਈ ਸਬੰਧੀ ਆਪਣੇ ਵੱਲੋਂ ਪੂਰੀ ਸੁਹਿਰਦਤਾ ਨਾਲ ਯਤਨ ਕੀਤਾ ਹੈ, ਫਿਰ ਵੀ "ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ" ਦੇ ਮਹਾਂਵਾਕ ਅਨੁਸਾਰ ਕਈ ਊਣਤਾਈਆਂ ਰਹਿ ਗਈਆਂ ਹੋਣਗੀਆਂ। ਸੂਝਵਾਨ ਪਾਠਕਾਂ ਅਤੇ ਵਿਦਵਾਨ ਸੱਜਣਾਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਉਹ ਇਹਨਾਂ ਸਬੰਧੀ ਆਪਣੀ ਰਾਇ ਭੇਜਣ ਦੀ ਜ਼ਰੂਰ ਕ੍ਰਿਪਾਲਤਾ ਕਰਨ ਤਾਂ ਜੋ ਅਗਲੀ ਐਡੀਸ਼ਨ ਦੀ ਹੋਰ ਸੁਧਾਈ ਹੋ ਸਕੇ।

ਸਿੱਖ ਸੰਗਤਾਂ ਦਾ ਅਦਨਾ ਸੇਵਕ

**ਹਰਬੰਸ ਸਿੰਘ**

੧੦੩-ਨਿਊ ਸ਼ਹੀਦ ਊਧਮ ਸਿੰਘ ਨਗਰ ਗਲੀ ਨੰ: ੩, ਸ੍ਰੀ ਅੰਮ੍ਰਿਤਸਰ। ਪਰੂਫ ਰੀਡਰ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਦੋ ਸ਼ਬਦ

ਭਾਵਰਸਾਮ੍ਰਿਤ ਨਾਮ ਦੀ ਇਹ ਸਟੀਕ ਜੋ ਇਸ ਵੇਲੇ ਸੁਹਿਰਦ ਪਾਠਕਾਂ ਦੇ ਹੱਥਾਂ ਵਿਚ ਹੈ ਇਸ ਦੀ ਨਵੇਂ ਸਿਰੇ ਤੋ ਲਿਖਣ ਜਾਂ ਛਪਵਾਉਣ ਦੀ ਮੇਰੇ ਮਨ ਵਿਚ ਬੜੇ ਚਿਰ ਤੋਂ ਤਾਂਘ ਸੀ ਪਰੰਤੂ ਰੁਝੇਵਿਆਂ ਦੇ ਰੁਝੇਵਿਆਂ ਕਾਰਣ ਕੋਈ ਨ ਕੋਈ ਰੁਕਾਵਟ ਪੈਂਦੀ ਰਹੀ। ਬਹੁਤ ਸਾਰੇ ਵਿਦਵਾਨਾਂ ਤੇ ਵਿਦਿਆਰਥੀਆਂ ਦੀ ਇਹ ਚਿਰੋਕਣੀ ਮੰਗ ਸੀ ਕਿ ਸੰਪ੍ਰਦਾ ਵਲੋਂ ਛੋਟੇ -ਛੋਟੇ ਗ੍ਰੰਥਾਂ ਦੇ ਸਟੀਕ ਛਾਪਣੇ ਚਾਹੀਦੇ ਹਨ। ਉਸ ਦੇ ਕਈ ਕਾਰਨ ਸਨ। ਇਕ ਤਾਂ ਵਿਦਿਆਰਥੀ ਨੂੰ ਪੜ੍ਹਨ ਵੇਲੇ ਇਹ ਪੁਸਤਕਾਂ ਬਹੁਤ ਮੁਸ਼ਕਲ ਨਾਲ ਮਿਲਦੀਆਂ ਸਨ ਤੇ ਜੋ ਮਿਲਦੀਆਂ ਵੀ ਸਨ ਤਾਂ ਉਹਨਾਂ ਦਾ ਪਾਠ ਕਾਫੀ ਗਲਤ ਹੁੰਦਾ ਸੀ ਤੇ ਉਸ ਦਾ ਨਿਰਣਾ ਕਰਨਾ ਮੁਸ਼ਕਿਲ ਹੋ ਜਾਂਦਾ ਕਿ ਸਹੀ ਕੀ ਹੈ ਤੇ ਗਲਤ ਕੀ? ਮੈਂ ਇਸੇ ਭਾਵ ਨੂੰ ਮੁੱਖ ਰੱਖਕੇ ਇਹ ਸੰਪ੍ਰਦਾਈ ਭਾਵਰਸਾਮ੍ਰਿਤ ਸਟੀਕ ਬਨਾਉਣ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਸਾਰੁਕਤਾਵਲੀ ਸਟੀਕ ਛਾਪ ਕੇ ਪਾਠਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਗਿਆ ਸੀ, ਉਸ ਵਿਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਪੇਸ਼ ਆਈਆਂ ਸਨ ਉਨ੍ਹਾਂ ਨੂੰ ਮੱਦੇ-ਨਜ਼ਰ ਰੱਖਦਿਆਂ ਇਸ ਵਾਰ ਇਹ ਪੁਸਤਕ ਲਿਖਣ ਤੋਂ ਬਾਅਦ ਇਸ ਦੀ ਕੰਪਿਊਟਰ ਰਾਹੀਂ ਕੰਪੋਜਿੰਗ ਕਰਵਾ ਕੇ ਆਫਸੈਟ ਪ੍ਰੈਸ ਤੋਂ ਛਪਾਈ ਕਰਵਾਈ ਗਈ ਹੈ ਤਾਂ ਕਿ ਇਸ ਦੀ ਦਿੱਖ ਚੰਗੀ ਤੋਂ ਚੰਗੀ ਬਣ ਸਕੇ। ਦਾਸ ਬਹੁਤਾ ਵੱਡਾ ਵਿਦਵਾਨ ਜਾਂ ਲਿਖਾਰੀ ਨਹੀਂ ਕੇਵਲ ਸਤਿਕਾਰ ਯੋਗ ਮੌੜ-ਖੰਡ ਵਾਸੀ ਸੰਤ ਗਿਆਨੀ ਕਿਰਪਾਲ ਸਿੰਘ ਜੀ ਅਤੇ ਪੰਡਿਤ ਕਲਿਆਣ ਸਿੰਘ ਜੀ ਨਿਰਮਲੇ ਮਹਾਂ ਪੁਰਸ਼ਾਂ ਤੋਂ ਜੋ ਸੰਥਿਆ ਦੇ ਰੂਪ ਵਿਚ ਅਰਥ ਪੜ੍ਹੇ ਜਾਂ ਲਿਖੇ ਉਨ੍ਹਾਂ ਨੂੰ ਹੀ ਪਾਠਕਾਂ ਤੱਕ ਪਹੁੰਚਾਉਣ ਦਾ ਨਿਮਾਣਾ ਯਤਨ ਕੀਤਾ ਹੈ। ਵਿਦਵਾਨ ਜਿਥੇ ਕਿਤੇ ਕੋਈ ਉਕਾਈ ਮਹਿਸੂਸ ਕਰਨ, ਦਾਸ ਨੂੰ ਲਿਖ ਭੇਜਣ ਦੀ ਕਿਰਪਾ ਕਰਨ ਤਾਂ ਜੋ ਅਗਲੀ ਐਡੀਸ਼ਨ ਵਿਚ ਸੋਧ ਕੀਤੀ ਜਾ ਸਕੇ।

ਸਭ ਤੋਂ ਪਹਿਲਾਂ ਮੈਂ ਅਕਾਲ ਪੁਰਖ ਦਾ ਅਤੇ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਬਖਸ਼ਿਸ਼ ਨਾਲ ਇਹ ਅਤੀ ਕਠਿਨ ਕਾਰਜ ਸੰਪੂਰਨ ਹੋਇਆ ਹੈ। ਗੁਰੂ ਸਾਹਿਬ ਦੀ ਕਿਰਪਾ ਤੋਂ ਬਿਨਾਂ ਕੁੱਝ ਵੀ ਕਰਨਾ ਅਸੰਭਵ ਹੈ। ਸਾਹਿਬਾਂ ਦਾ ਆਪਣਾ ਫੁਰਮਾਨ ਹੈ

ਮੂਕ ਉਚਰੈ ਸਾਸਤ੍ਰ ਖਟ ਪਿੰਗ ਗਿਰਨ ਚੜਿ ਜਾਇ।।
ਅੰਧ ਲਖੈ ਬਧਰੋ ਸੁਨੈ ਜੌ ਕਾਲ ਕ੍ਰਿਪਾ ਕਰਾਇ।। (ਦਸਮ ਗ੍ਰੰਥ, ਪੰਨਾ ੪੭)

ਧੰਨਵਾਦੀ ਹਾਂ, ਆਪਣੇ ਅਜੀਜ਼ ਗਿਆਨੀ ਹਰਬੰਸ ਸਿੰਘ ਪਰੂਫ ਰੀਡਰ ਗੋਲਡਨ ਆਫਸੈੱਟ ਪ੍ਰੈੱਸ ਦਾ ਜਿਸ ਨੇ ਇਸ ਪੁਸਤਕ ਦੇ ਮੇਰੇ ਨਾਲ ਲਿਖਵਾਉਣ ਤੇ ਖਰੜਾ ਸੋਧਣ ਤੇ ਖੋਜ ਭਰੀ ਵਿਚਾਰ ਦੇਣ ਅਤੇ ਪੁਸਤਕ ਦੀ ਛਪਵਾਈ ਸਮੇਂ ਹਰ ਤਰ੍ਹਾਂ ਸਹਿਯੋਗ ਦਿੱਤਾ ਹੈ।

ਹੋਰ ਵੀ ਜਿਨ੍ਹਾਂ ਜਿਨ੍ਹਾਂ ਨੇ ਸਹਿਯੋਗ ਦਿੱਤਾ ਹੈ, ਦਾਸ ਉਨ੍ਹਾਂ ਦਾ ਵੀ ਅਤੀ ਧੰਨਵਾਦੀ ਹੈ।

ਵਿਸ਼ੇਸ਼ ਕਰ, ਗਿਆਨੀ ਗੁਰਮੇਲ ਸਿੰਘ ਜੀ, ਗਿਆਨੀ ਕਰਮ ਸਿੰਘ ਜੀ, ਸੰਤ ਸੁਖਚੈਨ ਸਿੰਘ ਜੀ, ਸੰਤ ਗਜਬ ਸਿੰਘ ਜੀ, ਸੰਤ ਜਗਦੇਵ ਸਿੰਘ ਜੀ, 'ਤਲਵੰਡੀ', ਸੰਤ ਕਸ਼ਮੀਰ ਸਿੰਘ ਜੀ, ਸੰਤ ਸਲਵਿੰਦਰ ਸਿੰਘ ਜੀ (ਰੇਵਾੜੀ), ਪ੍ਰਿਥੀਪਾਲ ਸਿੰਘ ਜੀ ਭਾਟੀਆ ਅਤੇ ਸ੍ਰ. ਅਰਜਨ ਸਿੰਘ, ਸ੍ਰ. ਪ੍ਰੀਤਮ ਸਿੰਘ ਜੀ ਫਰਮ ਭਾਈ ਜਵਾਹਰ ਸਿੰਘ, ਕ੍ਰਿਪਾਲ ਸਿੰਘ ਐਂਡ ਕੋ, ਸ੍ਰੀ ਅੰਮ੍ਰਿਤਸਰ ਦਾ, ਜਿਨ੍ਹਾਂ ਇਸ ਪੁਸਤਕ ਨੂੰ ਵਿਦਿਆ ਪ੍ਰੇਮੀਆਂ ਤੱਕ ਪਹੁੰਚਾਣ ਦਾ ਨਿੱਗਰ ਉਪਰਾਲਾ ਕੀਤਾ ਹੈ।

ਸਾਧ ਸੰਗਤ ਦਾ ਸੇਵਕ

**(ਮਹੰਤ) ਸੁਰਜੀਤ ਸਿੰਘ ਸੇਵਾ ਪੰਥੀ**

ਮਾਰਚ ੧੯੯੭

ਰੇਵਾੜੀ, ਸ੍ਰੀ ਅੰਮ੍ਰਿਤਸਰ।

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

– ਸੰਖੇਪ ਜੀਵਨੀ–

# ਪੰਡਿਤ ਗੁਲਾਬ ਸਿੰਘ ਜੀ ਨਿਰਮਲੇ

ਜ਼ਿਲ੍ਹਾ ਲਾਹੌਰ ਤਹਿਸੀਲ ਚੂਣੀਆਂ ਦੇ ਸੇਖਵ (ਸੇਖਮ) ਨਗਰ ਵਿਚ ਚੱਬੇ ਗੋਤ ਵਾਲੇ ਜ਼ਿਮੀਦਾਰ 'ਰਾਯਾ' ਦੇ ਘਰ 'ਗੌਰੀ' ਦੀ ਕੁੱਖ ਤੋਂ ਸੰਮਤ ੧੭੮੯ ਬਿਕ੍ਰਮੀ ਨੂੰ ਇਕ ਬਾਲਕ ਨੇ ਜਨਮ ਲਿਆ, ਜਿਸ ਦਾ ਨਾਮ ਮਾਪਿਆਂ ਨੇ ਗੁਲਾਬਾ ਰੱਖਿਆ। ਇਸ ਬਾਲਕ ਨੇ ਬਾਲ ਉਮਰ ਢੱਗੇ ਵੱਛੇ ਚਾਰਨ ਵਿਚ ਗੁਜ਼ਾਰਨ ਦੀ ਥਾਂ ਆਪਣੇ ਪਿੰਡ ਵਿਚ ਰਹਿਣ ਵਾਲੇ ਸੰਤਾਂ ਪਾਸੋਂ ਵਿਦਯਾ ਪੜ੍ਹਨੀ ਅਰੰਭ ਕੀਤੀ ਅਤੇ ਅਜਿਹੀ ਲਗਨ ਨਾਲ ਇਸ ਕੰਮ ਵਿਚ ਜੁਟ ਗਿਆ ਕਿ ਥੋੜ੍ਹੇ ਸਮੇਂ ਵਿਚ ਹੀ ਚੰਗਾ ਵਿਦਵਾਨ ਬਣ ਗਿਆ।

ਇਸ ਪਿੰਡ ਵਿਚ ਰਹਿਣ ਵਾਲੇ ਸੰਤ ਚੰਗੇ ਵਿਦਵਾਨ ਸਨ, ਉਹਨਾਂ ਦੀ ਸੰਗਤ ਵਿਚ ਰਹਿਣ ਕਰਕੇ ਇਹ ਹੋਣਹਾਰ ਬਾਲਕ ਵਿਦਵਾਨ ਹੀ ਨਹੀਂ ਬਣਿਆ, ਸਗੋਂ ਇਸ ਨੂੰ ਸੰਸਾਰ ਵਲੋਂ ਪੂਰੀ-ਪੂਰੀ ਉਪਰਾਮਤਾ ਹੋ ਗਈ ਤੇ ਕੋਈ ੧੬ ਵਰ੍ਹੇ ਦੀ ਉਮਰ ਵਿਚ ਹੀ ਘਰੋਂ ਮਾਪਿਆਂ ਤੋਂ ਚੋਰੀ, ਕੇਵਲ ਆਪਣੇ ਵਿਦਯਾ-ਗੁਰੂ ਜੀ ਦੀ ਸਲਾਹ ਨਾਲ ਵਿਦਯਾ ਪੜ੍ਹਨ ਦੇ ਸ਼ੌਕ ਨਾਲ ਕਾਂਸ਼ੀ ਪਹੁੰਚ ਗਿਆ। ਪਿੰਡੋਂ ਤੁਰਨ ਲੱਗਿਆਂ ਸੰਤ ਜੀ ਦੀ ਸਲਾਹ ਨਾਲ ਇਸ ਨੇ ਸਾਧੂ ਬਾਣਾ ਧਾਰਨ ਕਰ ਲਿਆ ਸੀ, ਜਿਸ ਕਰਕੇ ਇਸ ਨੂੰ ਕਾਂਸ਼ੀ ਪੁੱਜ ਕੇ ਪੜ੍ਹਨ ਵਲੋਂ ਕੋਈ ਤਕਲੀਫ ਨਾ ਹੋਈ, ਸਗੋਂ ਸਾਧੂ ਪੁਣੇ ਦੇ ਲਿਵਾਸ ਦੇ ਕਾਰਨ ਸਭ ਤਰ੍ਹਾਂ ਦੀਆਂ ਸਹੂਲਤਾਂ ਪ੍ਰਾਪਤ ਹੋ ਗਈਆਂ ਅਤੇ ਇਹ ਇਕ ਪੰਡਿਤ ਜੀ ਪਾਸੋਂ ਸੰਸਕ੍ਰਿਤ ਵਿਦਯਾ ਪੜ੍ਹਨ ਲੱਗ ਪਿਆ।

ਅਜੇ ਕੁਝ ਹੀ ਦਿਨ ਗੁਜ਼ਰੇ ਸਨ ਜਾਂ ਇਸ ਦੇ ਅਧਿਆਪਕ ਪੰਡਿਤ ਨੂੰ ਇਸ ਬਾਲਕ ਦੇ ਜ਼ਿਮੀਂਦਾਰ ਹੋਣ ਦਾ ਪਤਾ ਲੱਗ ਗਿਆ ਅਤੇ ਉਸ ਨੇ ਇਸ ਨੂੰ ਪਾਠਸ਼ਾਲਾ ਤੋਂ ਇਹ ਕਹਿ ਕੇ ਬਾਹਰ ਕੱਢ ਦਿੱਤਾ ਕਿ "ਤੂੰ ਸ਼ੂਦਰ ਜਾਤੀ ਵਿਚੋਂ ਹੈਂ, ਤੈਨੂੰ ਵੇਦ ਵਿਦਯਾ ਪੜ੍ਹਨ ਦਾ ਅਧਿਕਾਰ ਨਹੀਂ ਹੈ।" ਇਹ ਸੁਣ ਕੇ ਇਸ ਬਾਲਕ ਦਾ ਮਨ ਬੜਾ ਦੁਖੀ ਹੋਇਆ। ਇਸ ਨੇ ਪੰਡਿਤ ਦੇ ਬੜੇ ਤਰਲੇ ਕੀਤੇ ਪਰ ਉਸ ਨੇ ਜ਼ਰਾ ਭੀ ਇਸ ਬਾਲਕ ਵੱਲ ਧਿਆਨ ਨਾ ਦਿੱਤਾ ਤਾਂ ਇਸ ਨੇ ਪੰਡਿਤ ਦੇ ਘਰ ਦੀ ਸੇਵਾ, ਜੋ ਪਹਿਲੇ ਹੀ ਕਰਦਾ ਹੁੰਦਾ ਸੀ, ਦੇ ਨਾਲ-ਨਾਲ ਪੰਡਿਤ ਦੇ ਦੋ ਢਾਈ ਸਾਲ ਦੇ ਬੱਚੇ ਦੀ ਸੇਵਾ ਕਰਨੀ ਭੀ ਸ਼ੁਰੂ ਕਰ ਦਿੱਤੀ। ਬਾਲਕ ਦੀ ਸੇਵਾ ਕਰਦਿਆਂ ਹੋਇਆਂ ਉਸ ਦੀ ਮਾਤਾ (ਅਧਿਆਪਕ-ਪਤਨੀ) ਦੀ ਸੇਵਾ, ਪਾਣੀ ਭਰਨਾ, ਬਾਲਣ ਤਿਆਰ ਕਰ ਦੇਣਾ, ਚੌਂਕਾ ਭਾਂਡਾ ਕਰਨਾ, ਕਪੜੇ ਧੋਣ ਵਿਚ ਸਹਾਇਤਾ ਕਰਨੀ ਜਾਂ ਸਾਰੇ ਹੀ ਕਪੜੇ ਆਪ ਧੋ ਦੇਣੇ ਤਾਂਕਿ ਵਿਦਿਆ-ਗੁਰ-ਪਤਨੀ ਨੂੰ ਸੁਖ ਹੋਵੇ।

ਇਸ ਨੇ ਪੰਡਿਤ ਦੇ ਪਰਵਾਰ ਦੀ ਇਥੋਂ ਤਕ ਸੇਵਾ ਕੀਤੀ ਕਿ ਘਰ ਦੇ ਸਾਰੇ ਜੀਅ ਇਸ ਨਾਲ ਪਿਆਰ ਕਰਨ ਲੱਗ ਪਏ। ਪੰਡਿਤ ਦਾ ਬਾਲਕ ਤਾਂ ਗੁਲਾਬ ਸਿੰਘ ਤੋਂ ਵਿਛੜ ਕੇ ਇਕ ਖਿਨ ਭਰ ਨਾ ਰਹਿੰਦਾ। ਇਹੋ ਹਾਲਤ ਬਾਲਕ ਦੀ ਮਾਤਾ ਦੀ ਹੋ ਗਈ। ਜੇਕਰ ਗੁਲਾਬ ਸਿੰਘ ਪੰਡਤਾਣੀ ਦੀਆਂ ਅੱਖਾਂ ਤੋਂ ਘੰਟਾ ਦੋ ਘੰਟੇ ਓਹਲੇ ਹੋ ਜਾਂਦਾ ਤਾਂ ਘਰ ਵਿਚ ਤਰਥਲੀ ਮਚ ਜਾਂਦੀ। ਜਦ ਇਸ ਤਰ੍ਹਾਂ ਦਾ ਮੋਹ-ਜਾਲ ਘਰ ਵਿਚ ਫੈਲ ਗਿਆ, ਤਦ ਇਸ ਨੇ ਕੰਢੇ ਚੋਭਣੇ ਸ਼ੁਰੂ ਕਰ ਦਿੱਤੇ ਅਰਥਾਤ ਕਿਸੇ ਗੱਲੋਂ ਗੁੱਸੇ ਹੋ ਕੇ ਘਰੋਂ ਨਿਕਲ ਆਇਆ। ਇਸ ਦੇ ਘਰੋਂ ਚਲੇ ਆਉਣ ਨਾਲ ਪੰਡਿਤ ਦੇ ਬਾਲਕ ਨੇ ਰੋਣਾ ਕੁਰਲਾਉਣਾ ਤੇ ਧਰਤੀ ਉੱਤੇ ਲੇਟਣਾ ਸ਼ੁਰੂ ਕਰ ਦਿੱਤਾ। ਉਸ ਦੀ ਤੋਤਲੀ ਜ਼ਬਾਨ ਤੋਂ 'ਗਾਬਾ-ਗਾਬਾ' ਸ਼ਬਦ ਹੀ ਨਿਕਲਦਾ। ਗੁਲਾਬ ਸਿੰਘ ਤੋਂ ਬਿਨਾਂ ਉਸ ਨੂੰ ਖਾਣਾ ਪੀਣਾ ਤੇ ਮਾਂ ਪਿਓ ਆਦਿਕ ਸਭ ਕੁਝ ਭੁੱਲ ਗਿਆ।

ਬੱਚੇ ਦੀ ਅਜਿਹੀ ਹਾਲਤ ਵੇਖ ਕੇ ਬੱਚੇ ਦੀ ਮਾਂ ਨੂੰ ਬੜਾ ਦੁੱਖ ਹੋਇਆ। ਉਸ ਨੇ ਆਪਣੇ ਪਤੀ ਦੇ ਪੈਰ ਫੜ ਲਏ

Sri Satguru Jagjit Singh Ji eLibrary NamdhariElibrary@gmail.com

ਤੇ ਹਾੜੇ-ਤਰਲੇ ਕਰਕੇ ਕਿਹਾ-"ਜੇ ਬੱਚੇ ਦੀ ਜ਼ਿੰਦਗੀ ਚਾਹੁੰਦੇ ਹੋ ਤਾਂ ਗੁਲਾਬੇ ਨੂੰ ਮਨਾ ਕੇ ਘਰ ਲੈ ਆਵੋ। ਜੇ ਗੁਲਾਬਾ ਸਾਡੇ ਘਰ ਨਾ ਆਇਆ ਤਾਂ ਅਬੋਧ ਬਾਲਕ ਇਸੇ ਤਰ੍ਹਾਂ ਰੋਂਦਾ-ਪਿੱਟਦਾ ਹੀ ਮਰ ਜਾਵੇਗਾ।"

ਬੱਚੇ ਦੀ ਹਾਲਤ ਤੇ ਇਸਤ੍ਰੀ ਦੀ ਦਸ਼ਾ ਅਤੇ ਉਸ ਦੇ ਤਰਲਿਆਂ ਨੇ ਪੰਡਿਤ ਜੀ ਦੇ ਮਨ ਨੂੰ ਪ੍ਰੇਰਿਆ। ਪੰਡਿਤ ਜੀ ਪਾਠਸ਼ਾਲਾ ਤੋਂ ਚਲ ਕੇ ਗੰਗਾ ਦੇ ਕੰਢੇ ਪੁੱਜਾ। ਜਿਥੇ ਗੁਲਾਬ ਸਿੰਘ ਬੈਠਾ ਹੋਇਆ ਸੀ, ਉਥੇ ਆ ਕੇ ਇਸ ਨੂੰ ਬਾਹੋਂ ਫੜ ਕੇ ਕਿਹਾ-"ਗੁਲਾਬ ! ਘਰ ਚੱਲ, ਕਾਕੇ ਨਾਲ ਏਨਾ ਪਿਆਰ ਪਾ ਕੇ ਹੁਣ ਇਸ ਤਰ੍ਹਾਂ ਗੁੱਸੇ ਹੋ ਆਇਆ ਹੈਂ? ਉਸ ਦੀ ਦਸ਼ਾ ਤਾਂ ਜਾ ਕੇ ਵੇਖ!"

ਗੁਲਾਬ ਸਿੰਘ ਜੀ ਨੇ ਬੜੀ ਨਿਮਰਤਾ ਨਾਲ ਬੰਦਨਾ ਕਰਕੇ ਕਿਹਾ-'ਗੁਰਦੇਵ ! ਮੈਂ ਘਰ ਨਹੀਂ ਜਾ ਸਕਦਾ, ਮੈਂ ਭੀ ਆਪਣੀ ਮਾਂ ਨੂੰ ਰੋਂਦਿਆਂ ਛੱਡ ਕੇ ਆਇਆ ਹਾਂ। ਜੇਕਰ ਰੋਣ ਵੱਲ ਹੀ ਵੇਖਦਾ ਤਾਂ ਮੈਂ ਘਰੋਂ ਇਕ ਕਦਮ ਭੀ ਬਾਹਰ ਨਾ ਨਿਕਲਦਾ, ਪਰ ਮੈਨੂੰ ਮੇਰੇ ਸ਼ੌਕ ਨੇ ਇਥੇ ਲੈ ਆਂਦਾ ਹੈ। ਜੇਕਰ ਆਪ ਮੈਨੂੰ ਵਿਦਿਆ ਪੜ੍ਹਾਓ ਤਦ ਮੈਂ ਘਰ ਚਲਦਾ ਹਾਂ। ਜੇ ਵਿਦਿਆ ਵਲੋਂ ਮੈਨੂੰ ਜਵਾਬ ਹੈ ਤਾਂ ਮੇਰਾ ਭੀ ਘਰ ਜਾਣ ਵਲੋਂ ਆਪ ਜੀ ਨੂੰ ਸਾਫ-ਸਾਫ ਜਵਾਬ ਹੈ !'

ਇਹ ਸੁਣਦਿਆਂ ਹੀ ਪੰਡਿਤ ਜੀ ਨੂੰ ਸੁਰਤ ਆ ਗਈ ਤੇ ਸੋਚੀਂ ਪੈ ਗਏ। ਇਕ ਪਾਸੇ ਪੁਤ੍ਰ ਮੋਹ ਦੂਜੇ ਪਾਸੇ ਸ਼ੂਦਰ ਨੂੰ ਵਿਦਯਾ ਪੜ੍ਹਾਉਣ ਦੀ ਮਰਯਾਦਾ ਦਾ ਉਲੰਘਣ, ਪਰ ਗੌਂ ਗਿਲੇ ਜੌਂ ਭੁਨਾ ਦੇਂਦੀ ਹੈ। ਇਸ ਲਈ ਪੰਡਿਤ ਜੀ ਨੇ ਕਿਹਾ- "ਹੇ ਗੁਲਾਬ! ਮੈਂ ਤੈਨੂੰ ਪੜ੍ਹਾ ਨਹੀਂ ਸਕਦਾ, ਕਿਉਂਕਿ ਤੈਨੂੰ ਅਧਿਕਾਰ ਨਹੀਂ ਹੈ, ਪਰ ਤੈਨੂੰ ਸਾਰੇ ਗ੍ਰੰਥ ਸੁਣਾ ਸਕਦਾ ਹਾਂ। ਮੈਂ ਸਾਰੇ ਗ੍ਰੰਥ ਸਾਂਗੋ ਪਾਂਗ ਤੈਨੂੰ ਸੁਣਾਵਾਂਗਾ, ਤੇਰਾ ਜੋ ਭੀ ਸ਼ੰਕਾ ਹੋਵੇਗਾ ਉਸ ਦਾ ਸਮਾਧਾਨ ਆਪੇ ਕਰਦਾ ਜਾਵਾਂਗਾ। ਹੋਰ ਸਭ ਕੁਝ ਠੀਕ ਹੋਵੇਗਾ, ਤੈਨੂੰ ਕੇਵਲ ਪੁਸਤਕ ਖੋਲ੍ਹ ਕੇ ਮੇਰੇ ਸਾਹਮਣੇ ਬੈਠਣ ਦਾ ਅਧਿਕਾਰ ਨਹੀਂ ਹੋਵੇਗਾ। ਜੇਕਰ ਤੈਨੂੰ ਇਸ ਤਰ੍ਹਾਂ ਦਾ ਪੜ੍ਹਨਾ-ਪ੍ਰਵਾਨ ਹੈ ਤਾਂ ਬੇਸ਼ਕ ਹੁਣੇ ਹੀ ਮੇਰੇ ਨਾਲ ਚਲਾ ਚਲ।"

ਗੁਲਾਬ ਸਿੰਘ ਜੀ ਨੇ ਪੰਡਿਤ ਦਾ ਏਨਾ ਮੰਨ ਜਾਣਾ ਭੀ ਆਪਣੇ ਲਈ ਇਕ ਮਹਾਨ ਕਾਰਜ ਸਮਝਿਆ ਅਤੇ ਵਿਦਿਆ ਦਾਤੇ ਨਾਲ ਉਸ ਦੇ ਘਰ ਆ ਗਿਆ ਅਤੇ ਅੱਗੇ ਨਾਲੋਂ ਭੀ ਵਧੀਕ ਸ਼ੌਕ ਨਾਲ ਪੰਡਿਤ ਜੀ, ਉਨ੍ਹਾਂ ਦੀ ਸੁਪਤਨੀ ਅਤੇ ਬੱਚੇ ਦੀ ਸੇਵਾ ਕਰਨੀ ਅਰੰਭ ਕਰ ਦਿੱਤੀ।

ਪੰਡਿਤ ਜੀ ਨੇ ਆਪਣੇ ਕੀਤੇ ਹੋਏ ਕੌਲ ਅਨੁਸਾਰ ਇਹਨਾਂ ਨੂੰ ਸੰਥਾ ਸੁਣਾਉਣੀ ਸ਼ੁਰੂ ਕਰ ਦਿੱਤੀ ਅਤੇ ਅਜਿਹੀ ਯੋਗਤਾ ਨਾਲ ਗ੍ਰੰਥ ਸੁਣਾਏ ਜੋ ਇਸ ਹੋਣਹਾਰ ਬਾਲਕ ਨੂੰ ਉਹ ਗ੍ਰੰਥ ਕੇਵਲ ਇਕੋ ਵੇਰੀ ਸੁਣਨ ਨਾਲ ਹੀ ਯਾਦ ਹੁੰਦੇ ਗਏ। ਇਸ ਕੰਮ ਵਿਚ ਗੁਲਾਬ ਸਿੰਘ ਜੀ ਨੂੰ ਏਨਾ ਅਧਿਕਾਰ ਸੀ ਕਿ ਜਿੰਨੀ ਸੰਥਾ ਸੁਣਨੀ ਚਾਹੁੰਦੇ, ਸੁਣ ਲੈਂਦੇ। ਜਦੋਂ ਇਹ ਬਸ ਕਹਿੰਦੇ ਤਾਂ ਪੰਡਿਤ ਜੀ ਉਥੇ ਹੀ ਸੰਥਾ ਸੁਣਾਉਣੀ ਬਸ ਕਰ ਦੇਂਦੇ।

ਇਹ ਸੁਣੀ ਹੋਈ ਸੰਥਾ ਨੂੰ ਜਿਉਂ ਦਾ ਤਿਉਂ ਕੰਠ ਹੀ ਨਹੀਂ ਸਨ ਕਰ ਲੈਂਦੇ, ਸਗੋਂ ਉਸੇ ਤਰ੍ਹਾਂ ਹੀ ਤੇ ਉਨ੍ਹਾਂ ਹੀ ਸ਼ਬਦਾਂ ਵਿਚ ਉਸ ਸੰਥਾ ਨੂੰ ਲਿਖ ਲੈਂਦੇ। ਇਸੇ ਤਰ੍ਹਾਂ ਹੀ ਇਹਨਾਂ ਨੇ ਸਾਰੇ ਗ੍ਰੰਥ ਲਿਖ ਕੇ ਆਪਣੇ ਕੋਲ ਰੱਖ ਲਏ। ਇਸ ਤਰ੍ਹਾਂ ਵਿਦਿਆ ਪ੍ਰਾਪਤ ਕਰਕੇ ਫਿਰ ਇਹ ਸੱਚ-ਮੁਚ ਦੇ ਵਿਰਕਤ ਸੰਤ ਹੋ ਗਏ। ਇਹਨਾਂ ਦੇ ਗੁਰੂ ਦਾ ਨਾਮ ਸੰਤ ਮਾਨ ਸਿੰਘ ਜੀ ਸੀ, ਜੋ ਇਹਨਾਂ ਨੇ ਆਪ ਹੀ ਲਿਖਿਆ ਹੈ। ਯਥਾ-

ਦੋਹਰਾ- ਭਾਰਤ ਭੂਮਿ ਪੁਨੀਤ ਪਦ, ਤਪੋ ਗਯਾਨ ਅਵਤਾਰ।
ਮਾਨ ਸਿੰਘ ਗੁਰ ਕੋ ਨਮੋ, ਤਾਰਣ ਕਰੁਣਾ ਸਾਰ। (ਪ੍ਰਬੋਧ ਚੰਦ੍ਰ ਨਾਟਕ)

ਤਥਾ- ਵਿਦਯਾ ਸ਼ਾਂਤਿ ਸੁ ਗਯਾਨ ਸੁਖ ਦਾਇਕ ਫਲ ਸੁਭ ਚਾਰ।
ਮਾਨ ਸਿੰਘ ਗੁਰ ਕੇ ਸਦਾ ਬੰਦੌਂ ਪਾਦ ਉਦਾਰ।।੪।। (ਭਾਵਰਸਾਮ੍ਰਿਤ)

ਜਦ ਇਹ ਵਿਦਿਆ ਪੜ੍ਹ ਕੇ ਪੂਰੇ ਪੂਰੇ ਪੰਡਿਤ ਹੋ ਗਏ ਤਾਂ ਇਨ੍ਹਾਂ ਨੇ ਆਪਣੇ ਵਿਦਿਆਰਥੀ ਪੁਣੇ ਦੀਆਂ ਔਕੜਾਂ ਨੂੰ ਵੇਖ ਕੇ ਵਿਚਾਰ ਕੀਤਾ ਕਿ ਇਨ੍ਹਾਂ ਸਾਰੇ ਗ੍ਰੰਥਾਂ ਨੂੰ ਗੁਰਮੁਖੀ ਅੱਖਰਾਂ ਅਤੇ ਬ੍ਰਿਜ ਭਾਸ਼ਾ ਬੋਲੀ ਵਿਚ ਕਰ ਦੇਣਾ ਚਾਹੀਦਾ ਹੈ, ਤਾਂਕਿ ਆਪਣੇ ਦੇਸ ਵਾਸੀਆਂ ਨੂੰ ਪੰਡਿਤਾਂ ਦੀਆਂ ਮਿੰਨਤਾਂ ਨਾ ਕਰਨੀਆਂ ਪੈਣ। ਇਹ ਵਿਚਾਰ ਕਰਦਿਆਂ ਹੀ ਆਪ ਜੀ ਨੇ-

ਸੰਮਤ ੧੯੩੪ ਬਿਕ੍ਰਮੀ ਵਿਚ ਭਾਵਰਸਾਮ੍ਰਿਤ।
ਸੰਮਤ ੧੯੩੫ ਬਿਕ੍ਰਮੀ ਵਿਚ ਮੋਕਸ਼ ਪੰਥ।
ਸੰਮਤ ੧੯੩੯ ਬਿ. ਵਿਚ ਅਧਯਾਤਮ ਰਮਾਇਣ।

ਸੰਮਤ ੧੯੪੯ ਬਿ. ਵਿਚ ਪ੍ਰਬੋਧ ਚੰਦਰ ਨਾਟਕ।

ਆਦਿਕ ਗ੍ਰੰਥਾਂ ਦੀ ਰਚਨਾ ਕਰ ਦਿੱਤੀ, ਜਿਨ੍ਹਾਂ ਨੂੰ ਪੜ੍ਹ ਕੇ ਕਈ ਪੰਡਿਤਾਂ ਨੂੰ ਦਵੈਖ ਅਗਨੀ ਨੇ ਸਾੜ ਦਿੱਤਾ।

ਇਕ ਸਮੇਂ ਦਾ ਜ਼ਿਕਰ ਹੈ ਕਿ ਪੰਡਿਤਾਂ ਨੇ ਬੜੀ ਭਾਰੀ ਸਭਾ ਕੀਤੀ ਅਤੇ ਉਸ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜੇਕਰ ਪੰਡਿਤ ਗੁਲਾਬ ਸਿੰਘ ਜੀ ਨੇ ਸਾਰੇ ਹੀ ਗ੍ਰੰਥ ਦੇਸ਼ ਭਾਸ਼ਾ ਵਿਚ ਤਿਆਰ ਕਰ ਦਿਤੇ ਤਾਂ ਫਿਰ ਸਾਡਾ ਬੁਰਾ ਹਾਲ ਹੋਵੇਗਾ। ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ, ਜੋ ਇਹ ਅੱਗੇ ਨੂੰ ਕੋਈ ਗ੍ਰੰਥ ਨਾ ਬਨਾਉਣ ਅਤੇ ਪਿਛਲੇ ਬਣੇ ਹੋਏ ਪੁਸਤਕ ਸਾੜ ਦਿਤੇ ਜਾਣ। ਇਸ ਤਰ੍ਹਾਂ ਦੀ ਵੀਚਾਰ ਕਰਕੇ ਸਾਰੀ ਪੰਡਿਤ ਮੰਡਲੀ ਚਲ ਕੇ ਸੰਤ ਮਾਨ ਸਿੰਘ ਜੀ ਦੇ ਚਰਨਾਂ ਵਿਚ ਪੁੱਜ ਗਈ। ਪਰਸਪਰ ਬੰਦਨਾ ਆਦਿਕ ਹੋਣ ਮਗਰੋਂ ਸ੍ਰੀ ਸੰਤ ਮਾਨ ਸਿੰਘ ਜੀ ਨੇ ਪੁਛਿਆ-

"ਇਹ ਹੰਸ ਮੰਡਲੀ ਕਿਧਰੋਂ ਆਈ ਹੈ ?"

ਸਭ ਨੇ ਇਕ ਸੁਰ ਹੋ ਕੇ ਕਿਹਾ-"ਆਪ ਜੀ ਦੇ ਚਰਨਾਂ ਵਿਚ ਦਾਨ ਮੰਗਣ ਲਈ ਹਾਜ਼ਰ ਹੋਈ ਹੈ।"

ਸੰਤਾਂ ਨੇ ਕਿਹਾ-"ਹੁਕਮ ਕਰੋ, ਕੀ ਚਾਹੁੰਦੇ ਹੋ ?"

ਪੰਡਿਤ ਮੰਡਲੀ ਨੇ ਕਿਹਾ-"ਆਪ ਜੀ ਦੇ ਚੇਲੇ ਪੰਡਿਤ ਗੁਲਾਬ ਸਿੰਘ ਜੀ ਨੇ ਕਈ ਗ੍ਰੰਥਾਂ ਦੀ ਰਚਨਾ ਕੀਤੀ ਹੈ ਅਤੇ ਅੱਗੇ ਹੋਰ ਕਰੀ ਜਾਂਦੇ ਹਨ। ਜੇਕਰ ਇਸ ਤਰ੍ਹਾਂ ਦੇ ਗ੍ਰੰਥ ਇਸ ਬੋਲੀ ਵਿਚ ਸੁਖੈਨ ਕੀਤੇ ਗਏ ਤਾਂ ਅਸਾਂ ਸਾਰਿਆਂ ਦੀ ਉਪਜੀਵਕਾ ਬੰਦ ਹੋ ਜਾਏਗੀ ਅਤੇ ਅਧਿਕਾਰੀ, ਅਨ-ਅਧਿਕਾਰੀ ਦਾ ਵਿਚਾਰ ਵੀ ਜਾਂਦਾ ਰਹੇਗਾ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਆਪ ਉਹਨਾਂ ਨੂੰ ਹੁਕਮ ਦੇ ਦਿਓ ਜੋ ਅੱਗੇ ਨੂੰ ਕੋਈ ਗ੍ਰੰਥ ਨਾ ਬਨਾਉਣ ਅਤੇ ਜਿਹੜੇ ਬਣ ਚੁੱਕੇ ਹਨ, ਉਹ ਸਾਨੂੰ ਬਖਸ਼ ਦਿਓ ਤਾਂ ਕਿ ਅਸੀਂ ਉਹਨਾਂ ਨੂੰ ਪੁਸਤਕਾਲਯ ਵਿਚ ਸਾਂਭ ਰੱਖੀਏ।"

ਸੰਤ ਮਾਨ ਸਿੰਘ ਜੀ ਨੇ ਉਹਨਾਂ ਦੀ ਇਹ ਕੁਟਿਲ ਨੀਤੀ ਪੂਰਤ ਵਾਰਤਾ ਸੁਣ ਕੇ ਬੜਾ ਅਫਸੋਸ ਕੀਤਾ, ਪਰ ਬਚਨ-ਬਧ ਹੋਣ ਕਰਕੇ ਸਾਰੇ ਗ੍ਰੰਥ ਉਨ੍ਹਾਂ ਦੇ ਹਵਾਲੇ ਕਰ ਦਿੱਤੇ।

ਜਿਸ ਵੇਲੇ ਇਹ ਪੰਡਿਤ ਮੰਡਲੀ ਸੰਤਾਂ ਦੇ ਚਰਨਾਂ ਵਿਚ ਹਾਜ਼ਰ ਹੋਈ ਸੀ, ਉਸ ਵੇਲੇ ਪੰਡਿਤ ਗੁਲਾਬ ਸਿੰਘ ਜੀ ਡੇਰੇ ਵਿਚ ਨਹੀਂ ਸਨ। ਜਦ ਆਪ ਡੇਰੇ ਵਿਚ ਆਏ ਤਾਂ ਗੁਰਦੇਵ ਜੀ ਦੀ ਰਸਨਾ ਤੋਂ ਸਾਰੀ ਵਾਰਤਾ ਸੁਣ ਕੇ ਚੁਪ ਹੋ ਗਏ ਅਤੇ ਉਸ ਤੋਂ ਮਗਰੋਂ ਆਪ ਜੀ ਨੇ ਫੇਰ ਕੋਈ ਭੀ ਗ੍ਰੰਥ ਨਹੀਂ ਬਣਾਇਆ।

ਕਹਿੰਦੇ ਹਨ, ਜਦ ਪੰਡਿਤ ਮੰਡਲੀ ਆਪ ਜੀ ਦੇ ਗ੍ਰੰਥ ਲੈਣ ਆਈ ਸੀ, ਉਸ ਵੇਲੇ ਇਹ ਚਾਰ ਗ੍ਰੰਥ ਕੋਈ ਸਾਧੂ ਪੜ੍ਹਨ ਵਾਸਤੇ ਆਪਣੇ ਡੇਰੇ ਲੈ ਗਏ ਸਨ, ਇਸ ਕਰਕੇ ਇਹ ਗ੍ਰੰਥ ਸੰਸਾਰ ਵਿਚ ਰਹਿ ਗਏ ਹਨ ਅਤੇ ਬਾਕੀ ਦੇ ਈਰਖਾਲੂ ਪੰਡਿਤਾਂ ਦੀ ਦਵੈਖ ਨਾਲ ਅਗਨ ਦੀ ਭੇਟ ਹੋ ਚੁੱਕੇ ਹਨ। ਕਈ ਮਹਾਂਪੁਰਸ਼ਾਂ ਦਾ ਕਹਿਣਾ ਹੈ ਕਿ ਪੰਡਿਤ ਜੀ ਨੇ ਵੇਦਾਂਤ ਮੱਤ ਦੇ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਕਰਨ ਦੇ ਮਗਰੋਂ ਵੇਦਾਂ ਦਾ ਭੀ ਅਨੁਵਾਦ ਕੀਤਾ ਸੀ, ਜੋ ਸਾਰੇ ਦਾ ਸਾਰਾ ਸੰਗ੍ਰਹਿ ਚੰਡੀ ਦੀ ਭੇਟ ਹੋ ਚੁੱਕਾ ਹੈ।

ਕਹਿੰਦੇ ਹਨ, ਜਦ ਗੁਲਾਬ ਸਿੰਘ ਜੀ ਸੰਤ ਹੋ ਗਏ ਤਾਂ ਇਕ ਦਿਨ ਇਹਨਾਂ ਦੇ ਬਿਰਧ ਮਾਤਾ ਪਿਤਾ ਇਹਨਾਂ ਦੇ ਪਾਸ ਆਏ ਤੇ ਆ ਕੇ ਦੋਵੇਂ ਜਣੇ ਰੋਣ ਲੱਗ ਪਏ। ਪੰਡਿਤ ਜੀ ਨੇ ਜਦ ਮਾਤਾ ਪਿਤਾ ਦੇ ਰੋਣ ਦਾ ਕਾਰਨ ਪੁਛਿਆ ਤਾਂ ਮਾਤਾ ਨੇ ਕਿਹਾ-

ਪੁੱਤਰ! ਮੈਂ ਕੀ ਕਹਾਂ? ਸੰਤ ਮਹਾਤਮਾ ਕਹਿੰਦੇ ਹਨ ਤੇ ਸਤਿਗੁਰੂ ਜੀ ਨੇ ਭੀ ਲਿਖਿਆ ਹੈ-

'ਪੁਤੀਂ ਗੰਢੁ ਪਵੈ ਸੰਸਾਰਿ ॥'

ਜਿੰਨਾ ਚਿਰ ਤੇਰਾ ਜਨਮ ਨਹੀਂ ਹੋਇਆ ਸੀ, ਓਨਾ ਚਿਰ ਮੈਂ ਅਤੇ ਤੇਰੇ ਪਿਤਾ ਜੀ ਹਰ ਵੇਲੇ ਸੋਚ-ਸਾਗਰ ਵਿਚ ਹੀ ਡੁੱਬੇ ਰਹਿੰਦੇ ਸਾਂ। ਤੇਰੇ ਜਨਮ ਲੈਂਦਿਆਂ ਹੀ ਸਾਡੇ ਮਨ ਨੂੰ ਕੋਈ ਆਪਣੇ ਆਪ ਹੀ ਖੇੜਾ ਜਿਹਾ ਪ੍ਰਾਪਤ ਹੋ ਗਿਆ ਸੀ। ਅਸੀਂ ਮਨ ਵਿਚ ਕਿਹਾ ਕਰਦੇ ਸਾਂ ਕਿ ਅਸੀਂ ਭੀ ਇਸ ਸੰਸਾਰ ਦੇ ਹਿੱਸੇਦਾਰ ਹੋ ਗਏ ਹਾਂ, ਪਰ ਪੁੱਤਰ ਤੇਰੇ ਇਸ ਤਰ੍ਹਾਂ ਸੰਤ ਹੋ ਜਾਣ ਨੇ ਸਾਨੂੰ ਗਮਾਂ ਦੇ ਸਮੁੰਦਰ ਵਿਚ ਸੁੱਟ ਦਿੱਤਾ ਹੈ। ਜੇ ਤੂੰ ਪਹਿਲੇ ਗ੍ਰਿਹਸਥ ਕਰਕੇ ਪਰਵਾਰ ਵਾਲਾ ਹੋ ਬੈਠਦੋਂ, ਤੇਰਾ ਬਾਗ ਪਰਿਵਾਰ ਵਧ ਜਾਂਦਾ, ਫਿਰ ਤੂੰ ਸਾਧੂ ਮਹਾਤਮਾ ਹੋ ਜਾਂਦਾ ਤਾਂ ਸਾਨੂੰ ਬੜੀ ਭਾਰੀ ਖੁਸ਼ੀ ਹੁੰਦੀ, ਪਰ ਹੁਣ ਤਾਂ ਅਸੀਂ ਇਹੋ ਸੋਚਾਂ ਸੋਚਦੇ ਹੀ ਮਰ ਜਾਵਾਂਗੇ ਕਿ ਸੰਸਾਰ ਵਿਚ ਸਾਡਾ ਕੋਈ ਨਹੀਂ, ਸਾਡਾ ਕਿਸੇ ਨੇ ਨਾਮ ਨਹੀਂ ਲੈਣਾ। ਜਿਸ ਦਾ ਸੰਸਾਰ 'ਤੇ ਨਾਮ ਨਹੀਂ, ਉਸ ਦਾ ਹੋਣਾ ਨਾ ਹੋਣਾ ਇਕੋ ਜਿਹਾ ਹੈ। ਇਸ ਲਈ ਪੁੱਤਰ! ਤੂੰ ਆਪ ਹੀ ਸੋਚ ਕਿ ਸਾਡੇ ਨਾਮ ਨੂੰ ਕੌਣ ਜਾਣੇਗਾ ?

Sri Satguru Jagjit Singh Ji eLibrary NamdhariElibrary@gmail.com

ਮਾਤਾ ਜੀ ਪਾਸੋਂ ਇਹ ਸੁਣ ਕੇ ਪੰਡਿਤ ਜੀ ਨੇ ਕਿਹਾ-

"ਮਾਤਾ ਜੀ! ਆਪ ਚਿੰਤਾ ਨਾ ਕਰੋ, ਆਪ ਜੀ ਦੇ ਨਾਮ ਨੂੰ ਸਾਰੀ ਦੁਨੀਆਂ ਸਿਮਰੇਗੀ। ਆਪ ਜੀ ਦਾ ਨਾਮ 'ਯਾਵਤ ਇੰਦ੍ਰ-ਵਿਭਾਸ ਹੈ, ਤਾਵਤ ਸਥਿਰ ਰਹੇਗਾ।" ਕਿਉਂਕਿ ਮੈਂ ਸਾਧੂ ਹਾਂ, ਹੁਣ ਸਾਧੂ ਮੱਤ ਤਿਆਗ ਕੇ ਗ੍ਰਿਹਸਥ ਕਰਨ ਨਾਲ ਮੈਂ ਨਰਕਾਂ ਵਿਚ ਜਾ ਪਵਾਂਗਾ ਅਤੇ ਫੇਰ ਭੀ ਪਤਾ ਨਹੀਂ ਕਿ ਮੇਰੇ ਗ੍ਰਿਹਸਥੀ ਹੋਣ ਨਾਲ ਜ਼ਰੂਰ ਹੀ ਮੇਰੇ ਘਰ ਪੁੱਤਰ ਹੋਵੇਗਾ, ਇਸ ਲਈ ਹੁਣ ਤੁਸੀਂ ਮੇਰੇ ਗ੍ਰਿਹਸਥੀ ਹੋ ਕੇ ਪੁੱਤਰ ਪੈਦਾ ਕਰਨ ਦੀ ਆਸ਼ਾ ਤਾਂ ਛੱਡ ਦਿਓ ਪਰ ਤੁਹਾਡੇ ਦੋਹਾਂ ਦੇ ਨਾਮ ਨੂੰ ਹਮੇਸ਼ਾਂ ਲਈ ਕਾਇਮ ਰੱਖਣ ਵਾਸਤੇ ਮੈਂ ਇਹ ਯਤਨ ਕਰਾਂਗਾ ਕਿ ਜੋ ਭੀ ਗ੍ਰੰਥ ਮੈਂ ਬਣਾਵਾਂਗਾ ਉਸ ਵਿਚ ਆਪ ਜੀ ਦਾ ਨਾਮ ਜ਼ਰੂਰ ਲਿਖ ਦੇਵਾਂਗਾ, ਜਿਸ ਕਰਕੇ ਆਪ ਜੀ ਦਾ ਨਾਮ ਸਦਾ ਹੀ ਕਾਇਮ ਰਹੇਗਾ। ਤਦੇ ਹੀ ਪੰਡਿਤ ਜੀ ਨੇ ਲਿਖਿਆ ਹੈ-

ਮਦ੍ਰ ਦੇਸ ਮੰਡਨ ਜਹਾਂ, ਪੁਰਖ ਸੇਖਵ ਅਭਿਰਾਮ।
'ਰਾਯਾ ਜਨਕ' ਪ੍ਰਸਿਧ ਜਗ, ਜਨਨੀ 'ਗੌਰੀ' ਨਾਮ। (ਮੋਖ ਪੰਥ)

ਅਤੇ- 'ਗੌਰੀ' ਜਨਨੀ ਲੋਕ ਮੈਂ 'ਰਾਇਆ' ਜਨਕ ਮਹਾਨ।
ਗੁਲਾਬ ਸਿੰਘ ਸੁਤ ਤਾਂਹਿ ਕੇ ਨਾਟਕ ਕੀਨ ਬਖਾਨ। (ਪ੍ਰਬੋਧ ਚੰਦਰ ਨਾਟਕ)

[illegible]

ਧੰਨਵਾਦ ਸਹਿਤ

ਪ੍ਰਬੋਧ ਚੰਦਰ ਨਾਟਕ ਸਟੀਕ ਵਿਚੋਂ

ਕ੍ਰਿਤ ਗਿਆਨੀ ਨਰੈਣ ਸਿੰਘ

ਪੰਡਤ ਗੁਲਾਬ ਸਿੰਘ ਜੀ ਨੇ ਚਾਰ ਗ੍ਰੰਥ ਰਚੇ
(1) ਅਧਿਆਤਮ ਰਮਾਇਣ
(2) ਮੋਖਪੰਥ
(3) ਪ੍ਰਬੋਧ ਚੰਦ੍ਰ ਨਾਟਕ
(4) ਭਾਵ ਰਸਾਮ੍ਰਿਤ

[illegible]

*ਇਹ ਸੇਖਵ ਪਿੰਡ ਪਤੇ ਕੀ ਮੰਡੀ ਤੋਂ ਚਾਰ ਮੀਲ ਪੱਕੀ ਸੜਕ ਦੇ ਕੰਢੇ ਉਤੇ ਹੈ। ਕੱਚੀ ਕੋਠੀ ਤੋਂ ਚਾਰ ਪੰਜ ਕੋਹ ਦੇ ਕਰੀਬ ਹੈ, ਪੰਡਿਤ ਜੀ ਦੀ ਯਾਦਗਾਰ ਵਿਚ ਇਥੇ ਇਕ ਖੂਹ ਭੀ ਲੱਗਾ ਹੋਇਆ ਹੈ।

Sri Satguru Jagjit Singh Ji eLibrary NamdhariElibrary@gmail.com

੧ਓ ਸਤਿਗੁਰ ਪ੍ਰਸਾਦਿ॥

# ਭਗਵਾਨ ਸ੍ਰੀ ਰਾਮ ਚੰਦਰ ਜੀ ਦਾ ਮੰਗਲ*

ਸ੍ਵੈਯਾ॥

**੧. ਸੇਤੁ ਕਰੇ ਜਿਨ ਸਾਗਰ ਪੈ, ਸਭ ਦੇਵਨ ਕੇ ਦੁਖ ਦੂਰਿ ਮਿਟਾਏ।**
**੨. ਰਾਵਣ ਕੇ ਦਸ ਸੀਸ ਕਟੇ, ਸੁ ਵਿਭੀਖਨ ਕੇ ਸਿਰ ਛੱਤ੍ਰ ਫਿਰਾਏ।**
**੩. ਗੋਤਮ ਨਾਰਿ ਉਧਾਰਿ ਕਰੀ, ਮਿਥਲਾਪਤਿ ਕੇ ਜਿਨ ਭੌਨ ਸੁਹਾਏ।**
**੪. ਸੀਯ ਸਮੇਤ ਨਮੋ ਤਿਨ ਕੋ, ਇਕ ਆਸਨ ਬੈਠ ਮਹਾਂ ਹਰਖਾਏ॥ ੧॥**

**ਪਦ ਅਰਥ :**

ਸੇਤ=ਪੁਲ। ਕਰੇ=ਕੀਤਾ। ਜਿਨ=ਜਿਸ (ਰਾਮ) ਨੇ। ਸਾਗਰ=ਸਮੁੰਦਰ। ਪੈ=ਉੱਤੇ, ਉੱਪਰ। ਸਭ=ਸਾਰੇ। ਦੇਵਨ=ਦੇਵਤੇ। ਦੂਰਿ=ਦੂਰ ਕਰਨੇ। ਮਿਟਾਏ=ਖਤਮ ਕੀਤੇ। ਗੋਤਮ ਨਾਰਿ=ਗੋਤਮ ਦੀ ਘਰਵਾਲੀ,ਅਹੱਲਿਆ। ਉਧਾਰ=ਪਾਰ-ਉਤਾਰਾ। ਕਰੀ=ਕੀਤੀ। ਮਿਥਲਾਪਤਿ=ਜਨਕ। ਭੌਨ=ਘਰ, ਮਹਿਲ। ਸੁਹਾਏ=ਸ਼ਸੋਭਤ। ਤਿਨ ਕੋ=ਉਨ੍ਹਾਂ ਨੂੰ। ਇਕ ਆਸਨ=ਇਕੋ ਸਿੰਘਾਸਨ 'ਤੇ। ਮਹਾਂ=ਬਹੁਤ। ਹਰਖਾਏ=ਖੁਸ਼ ਹੋਏ।

**ਅਰਥ :**

੧. ਜਿਸ ਰਾਮ ਚੰਦਰ ਨੇ ਲੰਕਾ ਵਿਚ ਜਾਣ ਵਾਸਤੇ ਸਮੁੰਦਰ 'ਤੇ ਪੁਲ ਬੰਨ੍ਹਿਆ ਅਤੇ ਸਾਰੇ ਦੇਵਤਿਆਂ ਦਾ ਦੁੱਖ ਦੂਰ ਕੀਤਾ। ਭਾਵ ਰਾਵਣ ਦੀ ਕੈਦ ਵਿਚੋਂ ਸਭ ਦੇਵਤੇ ਅਜ਼ਾਦ ਕਰ ਦਿੱਤੇ।

੨. (ਫੇਰ ਮੈਦਾਨਿ ਜੰਗ ਵਿਚ ਵਾਰੀ-ਵਾਰੀ) ਰਾਵਣ ਦੇ ਦਸ ਸਿਰ ਕੱਟ (ਕੇ ਉਸ 'ਤੇ ਫਤਹ ਹਾਸਲ ਕਰਕੇ ਆਪਣੇ ਭਗਤ ਰਾਵਣ ਦੇ ਛੋਟੇ ਭਰਾ) ਵਿਭੀਖਸ਼ਨ ਦੇ ਸਿਰ ਉੱਪਰ (ਰਾਜ ਤਖਤ ਦਾ) ਛੱਤਰ ਫੇਰਿਆ।

੩. ਗੌਤਮ ਦੀ ਇਸਤਰੀ (ਅਹੱਲਿਆ ਜੋ ਪੱਥਰ ਬਣੀ ਹੋਈ ਸੀ) ਦਾ ਪਾਰ ਉਤਾਰਾ ਕੀਤਾ। (ਫੇਰ) ਰਾਜੇ ਜਨਕ ਦੇ (ਜਿਸ ਰਾਮ ਨੇ) ਮਹਿਲ (ਸੀਤਾ-ਸੁਅੰਬਰ ਸਮੇਂ ਉੱਥੇ ਪੁੱਜ ਕੇ) ਸੋਭਨੀਕ ਕੀਤੇ।

ਇਹ ਇਸ਼ਾਰਾ ਸੀਤਾ ਦੇ ਵਿਵਾਹ ਵੱਲ ਹੈ ਜਿਸ ਵਕਤ ਧਨੁੱਖ ਤੋੜਨ ਲਈ ਸਭ ਦੇਸ਼ਾਂ ਦੇ ਰਾਜ ਕੁਮਾਰ ਪੁੱਜੇ ਹੋਏ ਸਨ ਵਾਰੋ-ਵਾਰੀ ਸਭ ਨੇ ਜ਼ੋਰ ਲਗਾਇਆ। ਲੇਕਿਨ ਉਹ ਧਨੁੱਖ ਕਿਸੇ ਪਾਸੋਂ ਚੁੱਕਿਆ ਨਾ ਗਿਆ। ਸ੍ਰੀ ਰਾਮਚੰਦਰ ਜੀ ਨੇ ਉਸ ਧਨੁੱਖ ਨੂੰ ਸਿਰਫ ਚੁੱਕਿਆ ਹੀ ਨਹੀਂ ਬਲਕਿ ਚੁੱਕ ਕੇ ਤੋੜ ਦਿੱਤਾ ਤੇ ਸੀਤਾ ਨਾਲ ਵਿਵਾਹ ਕਰ ਲਿਆ।

---

*੧. ਮੰਗਲ ਕਰਨਾ, ਕਿਸੇ ਕੰਮ ਨੂੰ ਸ਼ੁਰੂ ਕਰਨ ਵੇਲੇ ਪਰਮਾਤਮਾ ਅੱਗੇ, ਅਰਦਾਸ ਕਰਨੀ ਤਾਕਿ ਜੋ ਕੰਮ ਮੈਂ ਸ਼ੁਰੂ ਕਰਨ ਲੱਗਾ ਹਾਂ ਉਹ ਬਿਨਾਂ ਰੁਕਾਵਟ ਸਿਰੇ ਚੜ੍ਹ ਜਾਵੇ।*

*੨. ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਇਹ ਗ੍ਰੰਥ ਲਿਖਣ ਵਾਲਾ ਕਿਸ ਦਾ ਉਪਾਸ਼ਕ ਹੈ। ਆਸਤਕ ਹੈ ਜਾਂ ਨਾਸਤਕ।*

*੩. ਸ੍ਰੇਸ਼ਟਾਚਾਰ ਵਾਸਤੇ, ਤਾ ਕਿ ਪੜ੍ਹਨ ਵਾਲੇ ਵੀ ਪਰਮਾਤਮਾ ਦੀ ਉਸਤਤੀ ਕਰਨ।*

*ਮੰਗਲ ਕਿਥੇ ਕਿਥੇ ਕੀਤਾ ਜਾਂਦਾ ਹੈ? ਉੱਤਰ ਸ਼ੁਰੂ ਵਿਚ: ਮੱਧ ਵਿਚ ਤੇ ਅਖੀਰ ਵਿਚ (ਸਮਾਪਤੀ ਵੇਲੇ)*

*੧ ਸ਼ੁਰੂ ਵਿਚ ਇਸ ਕਰਕੇ ਮੇਰਾ ਇਹ ਗ੍ਰੰਥ ਨਿਰਵਿਘਨ ਸਮਾਪਤ ਹੋਵੇ।*

*੨ ਮੱਧ ਵਿਚ ਸ਼ੁਕਰਾਨੇ-ਵਜੋਂ ਕੀਤਾ ਜਾਂਦਾ ਹੈ ਕਿ ਜਿਵੇਂ ਮੱਧ ਪੁੱਜਾ ਹੈ, ਉਵੇਂ ਹੀ ਬਿਨਾਂ ਰੋਕ ਸਮਾਪਤ ਹੋਵੇ।*

*੩ ਸਮਾਪਤੀ 'ਤੇ ਇਸ ਕਰਕੇ ਕਿ ਪਰਮਾਤਮਾ ਦਾ ਧੰਨਵਾਦ ਕਰਨਾ ਕਿ ਤੇਰੀ ਕਿਰਪਾ ਨਾਲ ਸੰਪੂਰਨਤਾ ਹੋਈ ਹੈ।*

*ਜਿਵੇਂ "ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥"*

Sri Satguru Jagjit Singh Ji eLibrary NamdhariElibrary@gmail.com

੪. (ਐਸੇ ਮਹਾਨ ਜੋਧੇ ਰਾਜਾ ਰਾਮ ਜੀ ਨੂੰ ਜਿਨ੍ਹਾਂ ਸਮੁੰਦਰ 'ਤੇ ਪੁਲ ਬੰਨ੍ਹ ਕੇ ਲੰਕਾ ਨੂੰ ਫਤਹ ਕੀਤਾ, ਰਾਵਣ ਨੂੰ ਮਾਰ ਕੇ ਦੇਵਤੇ ਅਜ਼ਾਦ ਕੀਤੇ, ਗੌਤਮ ਦੀ ਸਰਾਪ ਨਾਲ ਉਸ ਦੀ ਘਰਵਾਲੀ ਜੋ ਪੱਥਰ ਬਣੀ ਹੋਈ ਦਾ ਉਧਾਰ ਕਰਕੇ ਵਾਪਿਸ ਅਯੁਧਿਆ ਵਿਚ ਰਾਜ ਤਖ਼ਤ ਦੇ) ਇਕ ਹੀ ਸਿੰਘਾਸਨ 'ਤੇ ਸੀਤਾ ਸਮੇਤ ਬੈਠ ਕੇ ਬਹੁਤ ਖੁਸ਼ ਹੋਏ, ਉਨ੍ਹਾਂ ਨੂੰ ਮੈਂ ਨਮਸਕਾਰ ਕਰਦਾ ਹਾਂ।

## ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

**ਸ੍ਵੈਯਾ।।**

**੧. ਕਲਿ ਕੇ ਸਭ ਦੂਖ ਨਿਵਾਰਨ ਕੋ, ਭਵ ਤਾਰਨ ਕੋ ਜਗ ਭੀਤਰਿ ਆਏ।**
**੨. ਜਗ ਜੀਰਣ ਸਾਧਨ ਦੂਰਿ ਕਰੇ, ਦ੍ਰਿਢ ਸਾਧਨ ਰਾਮਹਿ ਨਾਮ ਬਤਾਏ।**
**੩. ਤਜਿ ਭੋਗ, ਰਮੇ ਹਰਿ ਮਾਹਿ ਭਲੇ, ਸਭ ਸੇਵਕ ਕੇ ਦੂਖ ਦੂਰਿ ਮਿਟਾਏ।**
**੪. ਕਰੁਣਾਨਿਧਿ ਨਾਨਕ ਕੇ ਪਦ ਮੰਜੁਲ, ਬੰਦਤ ਹੌਂ ਮਮ ਨੀਤ ਸਹਾਏ।। ੨।।**

**ਪਦ ਅਰਥ :**

ਕਲਿ ਕੇ=ਕਲਜੁਗ ਦੇ। ਨਿਵਾਰਨ=ਦੂਰ ਕਰਨ ਲਈ। ਕੋ=ਨੂੰ। ਭਵ=ਸੰਸਾਰ। ਜੀਰਣ-ਪੁਰਾਣੇ। ਸਾਧਨ=ਜਲਧਾਰਾ, ਪੰਜ ਧੁਣੀਆਂ, ਨੇਤੀ-ਧੋਤੀ, ਪੁੱਠੇ ਲਟਕਣਾ, ਨੰਗੇ ਪੈਰੀਂ ਫਿਰਨਾ, ਭੁੱਖੇ ਰਹਿਣਾ, ਜੰਗਲ-ਬੀਆਬਾਨ ਵਿਚ ਰਹਿਣਾ, ਕਪਾਲੀ ਆਸਣ ਆਦਿ ਕਠਨ ਤਪ ਕਰਨੇ। ਦ੍ਰਿਢ=ਪੱਕਾ। ਸਾਧਨ=ਢੰਗ,ਤਰੀਕਾ,ਯੁਕਤੀ। ਤਜਿ ਭੋਗ=ਵਿਸ਼ੇ ਵਿਕਾਰ ਤਿਆਗ ਕੇ। ਰਮੇ=ਜੁੜੇ। ਮਾਹਿ=ਵਿਚ। ਦੂਰਿ=ਦੂਰ। ਮਿਟਾਏ=ਕੀਤੇ। ਪਦਮੰਜੁਲ=ਪਦਮ+ਅੰਜੁਲ (ਉੱਜਲ) ਚਿੱਟੇ-ਸਾਫ ਚਰਨ, ਮੈਲ ਰਹਿਤ। ਬੰਦਤ=ਮੱਥਾ ਟੇਕਦਾ। ਹੌਂ-ਹਾਂ। ਮਮ=ਮੇਰੇ। ਨੀਤ=ਰੋਜ਼। ਸਹਾਏ=ਸਹਾਇਕ, ਰੱਖਿਅਕ। ਕਰੁਣਾਨਿਧਿ=ਤਰਸ ਦਾ ਸਮੁੰਦਰ,ਦਇਆ ਦਾ ਘਰ।

**ਅਰਥ :**

੧. (ਸ੍ਰੀ ਗੁਰੂ ਨਾਨਕ ਦੇਵ ਜੀ) ਕਲਜੁਗ ਦੇ ਸਾਰੇ (ਭਿਆਨਕ) ਦੁੱਖਾਂ ਨੂੰ ਦੂਰ ਕਰਨ ਅਤੇ ਕਲਜੁਗੀ ਜੀਵਾਂ ਨੂੰ (ਨਾਮ ਜਪਾ ਕੇ) ਤਾਰਨ ਲਈ ਸੰਸਾਰ ਵਿਚ ਆਏ।

੨. ਸੰਸਾਰ ਵਿਚੋਂ ਪੁਰਾਣੇ ਸਾਧਨ (ਪਹਿਲੇ ਜੁਗਾਂ ਦੇ ਪੰਜ ਧੂਣੀਆਂ, ਜਲਧਾਰਾ, ਕਪਾਲੀ ਆਸਣ, ਜਪ, ਤਪ ਆਦਿ ਸਨ। ਸਭ ਦੂਰ ਕਰਕੇ ਇਕੋ-ਇੱਕ ਪੱਕਾ (ਤਰਨ ਦਾ ਸੌਖਾ) ਤਰੀਕਾ (ਭਾਉ ਭਗਤੀ ਦਾ ਰਸਤਾ) ਪਰਮੇਸ਼ਰ ਦਾ ਨਾਮ ਜਪਣਾ (ਇਕ ਨਾਮੁ ਬੋਵਹੁ ਬੋਵਹੁ) ਦੱਸਿਆ।

੩. (ਜੋ ਗੁਰੂ ਨਾਨਕ ਦੇਵ ਜੀ ਦੀ ਇਸ ਸਿਖਿਆ ਨੂੰ ਦਿਲ ਵਿਚ ਧਾਰ ਕੇ) ਵਿਸ਼ੇ-ਵਿਕਾਰਾਂ ਨੂੰ ਛੱਡ ਕੇ ਹਰੀ ਦੇ (ਨਾਮ) ਵਿਚ ਜੁੜੇ ਉਨ੍ਹਾਂ ਸਭ ਸੇਵਕਾਂ ਦੇ ਦੁੱਖ ਦੂਰ ਕੀਤੇ।

੪. (ਅਜਿਹੇ) ਕਿਰਪਾ-ਨਿਧੀ (ਗੁਰੂ) ਨਾਨਕ (ਦੇਵ ਜੀ) ਦੇ ਪਵਿੱਤਰ ਚਰਨਾਂ ਨੂੰ (ਮੈਂ ਕਵੀ ਗੁਲਾਬ ਸਿੰਘ) ਮੱਥਾ ਟੇਕਦਾ ਹਾਂ (ਅਰ ਅਸੀਸ ਮੰਗਦਾ ਹਾਂ ਕਿ) ਮੇਰੀ ਨਿਤ ਸਹਾਇਤਾ ਕਰਨ (ਤਾਂ ਜੁ ਮੈਨੂੰ ਇਹ ਗ੍ਰੰਥ ਲਿਖਣ ਲੱਗਿਆਂ ਕਿਸੇ ਪ੍ਰਕਾਰ ਦੀ ਕੋਈ ਰੁਕਾਵਟ ਨਾ ਪਵੇ)।੨।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ

**ਸ੍ਵੈਯਾ।।**

**੧. ਜਿਹ ਨਾਮ ਉਚਾਰਤ ਦੂਖ ਮਿਟੇ, ਸੁਖ ਸੰਪਤਿ ਹੋਇ ਸਦਾ ਗ੍ਰਿਹ ਵਾਸੀ।**
**੨. ਕ੍ਰਿਤ ਪੂਰਬ ਪਾਪ ਮਿਟੇ ਸਭ ਹੀ, ਅਰਿ ਕੇ ਦਲ ਹੋਹਿ ਸਭੈ ਖਿਨ ਨਾਸੀ।**
**੩. ਹਿਤ ਮਾਨਵ ਦੇਹ ਧਰੀ ਜਗ ਮੈਂ, ਪਰਿਪੂਰਨ ਰੂਪ ਸਦਾ ਅਬਿਨਾਸ਼ੀ।**
**੪. ਗੁਰ ਗੋਬਿੰਦ ਕੇ ਪਦ ਪੰਕਜ ਸੋ, ਸੁ ਭਜੋ ਉਰ ਮੈਂ ਨਿਤ ਜੋਤਿ ਪ੍ਰਕਾਸ਼ੀ।। ੩।।**

**ਪਦ ਅਰਥ :**

ਜਿਹ=ਜਿਸ। ਉਚਾਰਤ=ਉਚਾਰਦਿਆਂ, ਕਹਿੰਦਿਆਂ। ਸੰਪਤਿ=ਦੌਲਤ। ਸਦਾ=ਹਮੇਸ਼ਾਂ। ਗ੍ਰਿਹਿ=ਘਰ ਵਿਚ। ਵਾਸੀ=ਵਾਸਾ। ਕ੍ਰਿਤ=ਕੀਤੇ ਹੋਏ। ਪੂਰਬ=ਪਿਛਲੇ। ਸਭ=ਸਾਰੇ। ਅਰਿ=ਦੁਸ਼ਮਣ। ਦਲ=ਫੌਜ। ਸਭੈ=ਸਾਰੇ। ਖਿਨ=ਅੱਖ ਦੇ ਖੋਲਣ੍ਹ ਮੀਟਣ ਤੋਂ ਵੀ ਘੱਟ ਸਮਾਂ। ਨਾਸੀ=ਨਾਸ। ਹਿਤ=ਵਾਸਤੇ। ਮਾਨਵ ਦੇਹ=ਮਨੁੱਖਾ ਦੇਹੀ। ਧਰੀ=ਧਾਰੀ। ਪਰ=ਭਲੀ ਪ੍ਰਕਾਰ। ਅਬਿਨਾਸ਼ੀ=ਨਾਸ ਰਹਿਤ। ਪਦ=ਚਰਨ। ਪੰਕਜ=ਕਵਲ। ਸੇ=ਵਰਗੇ। ਭਜੋ=ਯਾਦ ਕਰਦਾ ਹਾਂ। ਉਰ=ਦਿਲ, ਹਿਰਦਾ। ਮੈਂ=ਵਿਚ। ਜੋਤਿ=ਗਿਆਨ। ਪ੍ਰਕਾਸ਼=ਚਾਨਣ।

**ਅਰਥ :**

੧. ਜਿਸ (ਗੁਰੂ ਗੋਬਿੰਦ ਸਿੰਘ ਜੀ) ਦਾ ਨਾਂ ਉਚਾਰਿਆਂ (ਤਮਾਮ) ਦੁੱਖ ਖਤਮ ਹੋ ਜਾਂਦੇ ਹਨ ਅਤੇ ਸੁਖ ਤੇ ਧਨ-ਦੌਲਤ ਦਾ ਘਰ ਵਿਚ ਵਾਸਾ ਹੋ ਜਾਂਦਾ ਹੈ।

੨. ਪਿਛਲੇ (ਜਨਮ ਦੇ) ਕੀਤੇ ਸਾਰੇ ਪਾਪ ਨਾਸ ਹੋ ਜਾਂਦੇ ਹਨ ਤੇ ਦੁਸ਼ਮਣ ਦੀਆਂ ਫੌਜਾਂ ਦੀਆਂ ਟੁਕੜੀਆਂ-ਦਰ-ਟੁਕੜੀਆਂ ਦਾ ਇਕ ਛਿਨ ਵਿਚ ਖਾਤਮਾ ਹੋ ਜਾਂਦਾ ਹੈ।

੩. ਮਨੁੱਖਤਾ ਦੇ ਉਧਾਰ ਲਈ ਮਨੁੱਖ-ਦੇਹ ਦੁਨੀਆਂ ਵਿਚ ਧਾਰਨ ਕੀਤੀ ਲੇਕਿਨ ਹੈ ਪੂਰਨ ਪਰਮੇਸ਼ਰ ਸਰੂਪ ਹੋਣ ਕਰਕੇ ਨਾਸ਼ ਤੋਂ ਰਹਿਤ ਹੈ। ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ (ਸੁਖਮਨੀ ਪੰਨਾ ੨੮੭)

੪. (ਅਜਿਹੇ ਪਰਉਪਕਾਰੀ) ਗੁਰੂ ਗੋਬਿੰਦ (ਸਿੰਘ ਜੀ) ਦੇ ਚਰਨ ਜੋ ਕਮਲ ਵਾਂਗ ਸੰਸਾਰ ਤੋਂ ਨਿਰਲੇਪ ਅਤੇ ਕਮਲ ਫੁੱਲ ਦੀ ਤਰ੍ਹਾਂ ਭਾਉ-ਭਗਤੀ ਦੀ ਖੁਸ਼ਬੋ ਵਿਖੇਰਨ ਵਾਲੇ ਹਨ, ਉਨ੍ਹਾਂ ਨੂੰ ਦਿਲ ਵਿਚ ਰੋਜ਼ ਯਾਦ ਕਰਦਾ ਹਾਂ, ਜੋ ਗਿਆਨ ਦੀ ਰੌਸ਼ਨੀ ਦੇ ਕੇ ਅਗਿਆਨ-ਅੰਧੇਰੇ ਨੂੰ ਨਾਸ ਕਰਦੇ ਹਨ।

## ਵਿਦਿਆ ਗੁਰੂ ਦਾ ਮੰਗਲ

ਦੋਹਰਾ॥

**੧. ਵਿਦਯਾ ਸਾਂਤਿ ਸੁਗਯਾਨ ਸੁਖ, ਦਾਇਕ ਫਲ ਸੁਭ ਚਾਰ।**
**੨. ਮਾਨ ਸਿੰਘ ਗੁਰ ਕੇ ਸਦਾ, ਬੰਦੌਂ ਪਾਦ ਉਦਾਰ ॥ ੪॥**

**ਪਦ ਅਰਥ :**

ਸੁਗਯਾਨ=ਆਤਮ ਗਿਆਨ। ਫਲ ਚਾਰ=ਧਰਮ, ਅਰਥ, ਕਾਮ, ਮੋਖ। ਦਾਇਕ-ਦੇਣ ਵਾਲੇ। ਸੁਭ=ਸ੍ਰੇਸ਼ਟ। ਬਦੌਂ=ਨਮਸਕਾਰ। ਪਾਦ=ਚਰਨ, ਪੈਰ। ਉਦਾਰ=ਸ੍ਰੇਸ਼ਟ, ਉਤਕ੍ਰਿਸ਼ਟ।

**ਅਰਥ :**

੧. (ਕਵੀ ਗੁਲਾਬ ਸਿੰਘ ਜੀ ਆਪਣੇ ਵਿਦਿਆ-ਗੁਰੂ ਨੂੰ ਨਮਸਕਾਰ-ਆਤਮਕ ਮੰਗਲ ਕਰਦੇ ਹੋਏ ਲਿਖਦੇ ਹਨ)

੨. ਮੈਂ ਆਪਣੇ ਵਿਦਿਆ-ਦਾਤੇ ਸ੍ਰੀਮਾਨ ਸੰਤ ਮਾਨ ਸਿੰਘ ਜੀ ਦੇ ਉਤਕ੍ਰਿਸ਼ਟ ਚਰਨਾਂ 'ਤੇ ਮੱਥਾ ਟੇਕਦਾ ਹਾਂ ਜਿਨ੍ਹਾਂ ਦੀ ਅਸ਼ੀਰਵਾਦ ਨਾਲ ਚਾਰ ਤਰ੍ਹਾਂ ਦੇ ਸ੍ਰੇਸ਼ਟ ਫਲਾਂ ਦੀ ਪ੍ਰਾਪਤੀ ਹੁੰਦੀ ਹੈ। ਪ੍ਰਸ਼ਨ ਉਹ ਕਿਹੜੇ ਹਨ? ਉੱਤਰ: (ਬ੍ਰਹਮ) ਵਿਦਿਆ, ਮਾਨਸਿਕ ਸ਼ਾਂਤਿ, ਪ੍ਰਮਾਰਥ ਦਾ ਗਿਆਨ (ਸੋਝੀ) ਅਤੇ ਸਰੀਰਕ ਜਾਂ ਆਤਮਿਕ ਸੁਖ ਰੂਪ ਚਾਰੋਂ ਫਲਾਂ ਦੀ ਦਾਤ ਮਿਲਦੀ ਹੈ।

## ਕਵੀ ਜੀ ਇਹ ਭਾਵਰਸਾਂਮ੍ਰਿਤ ਗ੍ਰੰਥ ਦੇ ਪੜ੍ਹਨ ਦਾ ਫਲ ਦਸਦੇ ਹਨ

ਦੋਹਰਾ॥

**੧. ਕੰਠ ਅਚੇ ਜਹਿ ਦੁਖ ਮਿਟੇ; ਪਾਵੈ ਸੁਖ ਉਦਾਰ।**
**੨. ਭਾਵਰਸਾਂਮ੍ਰਿਤ ਗ੍ਰੰਥ ਯਹਿ; ਭਾਖੌਂ ਹਰਿ ਉਰਿ ਧਾਰਿ॥ ੫॥**

**ਪਦ ਅਰਥ :**

ਕੰਠ=ਗਲ। ਅਚੇ=ਛਕਣਾ, ਖਾਣਾ, ਯਾਦ ਕਰਨਾ, ਕੰਠ ਕਰਨਾ। ਜਹਿ=ਇਹ। ਪਾਵੈ=ਪਾਉਂਦਾ। ਉਦਾਰ=ਖੁਲ੍ਹਾ। ਭਾਵਰਸਾਂਮ੍ਰਿਤ=ਭਾਵ+ਰਸ+ਅੰਮ੍ਰਿਤ। ਯਹਿ=ਇਹ। ਗ੍ਰੰਥ=ਪੁਸਤਕ। ਭਾਖੋਂ=ਕਹਿੰਦਾ ਹਾਂ। ਹਰਿ=ਪਰਮਾਤਮਾ। ਉਰਿ=ਦਿਲ ਵਿਚ। ਧਾਰਿ=ਧਾਰ ਕੇ।

**ਅਰਥ :**

੧. ਇਸ ਗ੍ਰੰਥ ਦੇ ਮੂਲ ਸਿਧਾਂਤ ਨੂੰ ਯਾਦ ਕਰਨ ਵਾਲੇ ਦਾ ਭੇਦ-ਅਭੇਦ, ਜੀਵ-ਈਸ਼, ਜਨਮ ਮਰਨ ਦਾ ਦੁੱਖ ਮਿਟ ਜਾਂਦਾ ਹੈ ਤੇ ਬਹੁਤ ਸਾਰੇ ਸੁਖਾਂ ਦੀ ਪ੍ਰਾਪਤੀ ਕਰਦਾ ਹੈ।

੨. ਅਜਿਹਾ ਭਾਵਰ ਸਿਮਰਤ ਨਾਮੀ ਗ੍ਰੰਥ, ਮੈਂ ਪ੍ਰਭੂ-ਪਰਮੇਸ਼ਰ ਨੂੰ ਦਿਲ ਵਿਚ ਵਸਾ ਕੇ ਕਹਿੰਦਾ ਹਾਂ।

ਸੰਤ ਗੁਲਾਬ ਸਿੰਘ ਜੀ ਨਿਰਮਲ ਭੇਖ ਦੇ ਸਾਧੂ ਹਨ ਜਿਸ ਕਾਰਨ ਸਾਝੇ ਜਿਹੇ ਵਿਚਾਰਾਂ ਦੇ ਧਾਰਨੀ ਹੋਣ ਕਰਕੇ ਗ੍ਰੰਥ ਸ਼ੁਰੂ ਕਰਨ ਤੋਂ ਪਹਿਲਾਂ ਫਿਰ ਸ੍ਰੀ ਰਾਮ ਚੰਦਰ ਜੀ ਦੀ ਉਪਮਾ ਵਿਚ ਦੋ ਸਵਈਏ ਲਿਖਦੇ ਹਨ-

## ਦੀਰਘ ਤ੍ਰਿਭੰਗੀ ਛੰਦ ।।

**੧. ਔਧ ਵਿਲਾਸੀ ਸੁਤੇ ਪ੍ਰਕਾਸੀ; ਗਿਆਨ ਨਿਵਾਸੀ ਦਾਨ ਰਤੇ।**
**੨. ਰਾਜ ਜਿਹਾਸੀ. ਮੂਲ ਫਲਾ ਸੀ; ਤਰੁ ਤਲਿ ਵਾਸੀ. ਬੀਰ ਮਤੇ।**
**੩. ਕਰਬੂਰ ਬਿਨਾਸੀ ਕਾਨਨਿ ਵਾਸੀ; ਲੰਕ ਵਿਨਾਸ਼ੀ ਵਾਕ ਸਤੇ।**
**੪. ਜਯ ਜਯ ਰਘੁਨਾਯਕ.ਜਨ ਸੁਖ ਦਾਯਕ; ਅਰਿ ਦਲ ਘਾਯਕ ਭੂਮਿ ਪਤੇ ।। ੬।।**

**ਪਦ ਅਰਥ :**

ਔਧ=ਅਯੁਧਿਆ। ਵਿਲਾਸੀ=ਖੇਡਣ ਵਾਲੇ, ਕੌਤਕ ਕਰਨ ਵਾਲੇ। ਸੁਤੇ ਪ੍ਰਕਾਸੀ=ਪਰਮਾਤਮਾ ਦੇ ਸਰੂਪ ਹੋਣ ਕਰਕੇ ਸੁਯੰ ਪ੍ਰਕਾਸ਼ ਸਰੂਪ। ਰਤੇ=ਪ੍ਰੀਤੀ। ਜਹਾਂ=ਜਹਾਨ ਦੁਨੀਆਂ, ਸੰਸਾਰ। ਸੀ=ਵਰਗਾ। ਮੂਲ=ਸਾਗ-ਪਾਤ। ਫਲਾ=ਫਲ। ਤਰੁ=ਬ੍ਰਿਛ। ਤਲਿ=ਹੇਠਾਂ। ਵਾਸੀ=ਵਾਸਾ, ਨਿਵਾਸ। ਬੀਰ=ਸੂਰਵੀਰਤਾ। ਮਤੇ=ਮਸਤੀ। ਕਰਬੂਰ=ਰਾਖਸ਼ਸ਼। ਬਿਨਾਸੀ=ਨਾਸ ਕਰਨ ਵਾਲੇ। ਕਾਨਨਿ=ਜੰਗਲ ਵਿਚ। ਵਾਕ=ਬਚਨ, ਬੋਲ। ਸਤੇ=ਸੱਚੇ। ਰਘੁਨਾਯਕ=ਰਾਘਵ ਦੇ ਕੁਲ ਦੇ ਸਿਰਮੌਰ। ਜਨ=ਸੇਵਕ। ਦਾਯਕ=ਦੇਣ ਵਾਲੇ। ਅਰਿ=ਦੁਸ਼ਮਣ। ਦਲ=ਫੌਜ। ਘਾਯਕ=ਮਾਰਨ ਵਾਲੇ। ਭੂਮਿ ਪਤੇ=ਪ੍ਰਿਥਵੀ, ਧਰਤੀ ਦੇ ਪਤੀ।

**ਅਰਥ :**

੧. ਅਯੁੱਧਿਆ ਵਿਚ ਕੌਤਕ ਕਰਨ ਵਾਲੇ! ਸੁਯੰ ਪ੍ਰਕਾਸ਼ ਸਰੂਪ ਗਿਆਨ ਅਵਸਥਾ ਵਿਚ ਵੱਸਣ ਵਾਲੇ, ਦਾਨ ਵਿਚ ਜਿਨ੍ਹਾਂ ਦੀ ਪ੍ਰੀਤੀ ਹੈ।

੨. ਫਿਰ ਦੁਨੀਆਂ ਦੇ ਰਾਜ-ਭਾਗ ਨੂੰ ਠੋਕਰ ਮਾਰ ਕੇ ਜੰਗਲੀ ਸਾਗ-ਪੱਤੇ ਖਾਣੇ ਪ੍ਰਵਾਨ ਕਰਕੇ ਜੰਗਲ ਵਿਚ ਰਾਜ-ਮਹਿਲਾਂ ਦੀ ਵਜਾਏ ਦਰੱਖਤਾਂ ਹੇਠਾਂ ਵੱਸਣਾ ਮੰਨਿਆ ਤੇ (ਹਰ ਵਕਤ ਜਿਨ੍ਹਾਂ ਦਾ) ਦਾਨ ਵਿਚ ਪਿਆਰ ਹੈ।

੩. ਜੰਗਲੀ ਰਾਖਸ਼ਸ਼ਾਂ ਨੂੰ (ਜਿਨ੍ਹਾਂ ਨੇ ਮਾਰ ਕੇ ਲੰਕਾ ਦਾ ਨਿਵਾਸੀ ਰਾਵਣ ਦਾ ਤੇ ਉਸ ਦੀ ਸਾਥੀ ਰਾਖਸ਼ੀ ਫੌਜ ਦਾ ਨਾਸ ਕੀਤਾ, ਫਿਰ ਜਿਨ੍ਹਾਂ ਦੇ ਬਚਨ ਸੱਚੇ ਹਨ ਰਾਵਣ ਦੇ ਭਰਾ ਵਿਭੀਖਸ਼ਣ ਨੂੰ ਆਖਿਆ ਆਉ ਲੰਕੇਸ਼ ! ਬਸ,ਲੰਕਾ ਦਾ ਰਾਜ ਉਸ ਨੂੰ ਦੇ ਦਿੱਤਾ।

੪. ਆਪ ਜੀ ਕੈਸੇ ਹੋ? ਸੇਵਕਾਂ ਨੂੰ ਸੁਖ ਦੇਣ ਵਾਲੇ, ਵੈਰੀ-ਫੌਜਾਂ ਦਾ ਖਾਤਮਾ ਕਰਨ ਵਾਲੇ, ਧਰਤੀ ਦੇ ਮਾਲਕ ਐ ਰਘੂ ਕੁਲ ਦੇ ਸਿਰਮੌਰ (ਸ੍ਰੀ ਰਾਮ ਚੰਦਰ ਜੀ)! ਆਪ ਦੀ ਸਦਾ ਜੈ ਹੋਵੇ ਜੈ ਹੋਵੇ ।

## ਦੀਰਘ ਤ੍ਰਿਭੰਗੀ ਛੰਦ ।।

**੧. ਰਿਖਿ ਨਾਰਿ ਉਧਾਰੀ. ਸਬਰੀ ਤਾਰੀ; ਰਾਵਣ ਆਰੀ ਦੇਵ ਨਤੇ।**
**੨. ਸ਼ਿਵ ਚਾਂਪ ਬਿਦਾਰੀ. ਸਾਗਰ ਤਾਰੀ; ਰਣ ਅਰਿ ਮਾਰੀ. ਸੀਲ ਰਤੇ।**

Sri Satguru Jagjit Singh Ji eLibrary NamdhariElibrary@gmail.com

**੩. ਸੂਤ ਕੁੰਡਲ ਧਾਰੀ॰ ਅਲਕੈਂ ਕਾਰੀ; ਆਭ ਨਿਆਰੀ ਰੂਪ ਅਤੇ।**
**੪. ਜਯ ਜਯ ਰਘੁਨਾਯਕ॰ਜਨ ਸੁਖ ਦਾਯਕ;ਅਰਿ ਦਲ ਘਾਯਕ॰ਭੂਮਿ ਪਤੇ॥ ੭॥**

**ਪਦ ਅਰਥ :**

ਰਿਖਿ ਨਾਰਿ=ਰਿਖੀ (ਗੌਤਮ) ਦੀ ਇਸਤਰੀ ਅਹੱਲਿਆ ਜੋ ਗੌਤਮ ਦੇ ਸਰਾਪ ਨਾਲ ਨਦੀ ਕਿਨਾਰੇ ਪੱਥਰ ਬਣੀ ਹੋਈ ਸੀ। ਉਧਾਰੀ=ਨਿਸਤਾਰੀ,ਤਾਰ ਦਿੱਤੀ। ਸਬਰੀ=ਭੀਲਨੀ[1]। ਅਰਿ=ਅਰੀ,ਦੁਸ਼ਮਣ,ਰਾਵਣ ਦੀ ਫੌਜ। ਦੇਵ=ਦੇਵਤਿਆਂ। ਨਤੇ=(ਨਤਿ) ਪ੍ਰਣਾਮ, ਨਮਸਕਾਰ, ਨੰਮ੍ਰਤਾ ਨਾਲ ਝੁਕਣ ਦਾ ਭਾਵ। ਸ਼ਿਵ=ਸ਼ਿਵ ਜੀ। ਚਾਪ=ਧਨੁਸ਼[2]। ਬਿਦਾਰੀ=ਤੋੜਨ ਵਾਲੇ। ਤਾਰੀ=ਤਾਰਨ ਵਾਲੇ। ਰਣ=ਜੰਗ। ਅਰਿ=ਦੁਸ਼ਮਣ। ਮਾਰੀ=ਮਾਰਨ ਵਾਲੇ। ਸੀਲ=ਮਨ ਦਾ ਟਿਕਾਅ। ਮਨ ਟਿਕਾਉਣ ਦਾ ਅਭਿਆਸ ਕਰਨਾ। ਸ਼੍ਰਿਸਟਾਚਾਰ। ਸ਼ਾਂਤਿ ਭਾਵ। ਸੂਤ-ਕੰਨ। ਕੁੰਡਲ=ਵਾਲਾ (ਗੋਲਾਕਾਰ ਕੰਨਾਂ ਦਾ ਗਹਿਣਾ)। ਧਾਰੀ=ਧਾਰਨ ਵਾਲੇ। ਅਲਕੈਂ=ਜ਼ੁਲਫਾਂ। ਕਾਰੀ=ਕਾਲੀਆਂ, ਘੁੰਘਰਾਲੇ ਵਾਲ ਹਨ। ਆਭ=ਸੋਭਾ, ਦਿੱਖ। ਅਤੇ=ਅਤੀ, ਬਹੁਤ ਹੀ।

**ਅਰਥ :**

੧. (ਗੌਤਮ) ਰਿਖੀ ਦੀ ਇਸਤਰੀ ਤੇ ਭੀਲਨੀ ਦਾ ਉਧਾਰ ਕੀਤਾ ਅਤੇ ਰਾਵਣ ਦੇ ਵੈਰੀ ਜੋ ਦੇਵਤੇ ਹਨ। ਉਨ੍ਹਾਂ ਕਰਕੇ ਪੂਜਨੀਕ।

੨. (ਸੀਤਾ ਸੁਯੰਵਰ ਵੇਲੇ) ਸ਼ਿਵ ਜੀ ਦੇ ਧਨੁੱਖ ਨੂੰ ਤੋੜਨ ਵਾਲੇ ਤੇ (ਪ੍ਰਤੱਖ) ਸਮੁੰਦਰ ਤੋਂ ਪੁਲ ਬੰਨ੍ਹ ਕੇ ਤਾਰਨ ਵਾਲੇ ਜਾਂ ਸੰਸਾਰ-ਸਮੁੰਦਰ ਤੋਂ ਤਾਰਨ ਵਾਲੇ, ਜੰਗ ਵਿਚ ਦੁਸ਼ਮਣ ਨੂੰ ਮਾਰਨ ਵਾਲੇ, ਫੇਰ ਸ਼ਾਂਤੀ ਸੁਭਾਵ ਵਿਚ ਆਪ ਦੀ ਪ੍ਰੀਤੀ ਹੈ ਜਾਂ ਆਪ ਦੇ ਮਨ ਨੂੰ ਹਮੇਸ਼ਾਂ ਟਿਕਾਅ ਵਿਚ ਰੱਖਣ ਵਾਲੇ।

੩. ਕੰਨਾਂ ਵਿਚ ਵਾਲੇ ਪਾਉਣ ਵਾਲੇ, ਕਾਲੀਆਂ ਜ਼ੁਲਫਾਂ ਵਾਲੇ, ਅਤੀ ਸੁੰਦਰ ਰੂਪ ਤੇ ਵੱਖਰੀ ਹੀ ਸੋਭਾ ਵਾਲੇ।

੪. ਐ ਰਾਘਵ ਕੁਲ ਦੇ ਸੁਆਮੀ! ਸੇਵਕਾਂ ਨੂੰ ਸੁਖ ਦੇਣ ਵਾਲੇ, (ਜੰਗ ਵਿਚ) ਵੈਰੀ ਦੀ ਫੌਜ ਨੂੰ ਮਾਰਨ ਵਾਲੇ ਭੂਮੀ ਪਤੀ ਹੇ ਰਾਮ ਜੀ!ਆਪ ਦੀ ਸਦਾ ਜੈ ਹੋਵੇ। ੭।

ਹੁਣ ਪੰਡਿਤ ਗੁਲਾਬ ਸਿੰਘ ਜੀ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਐ ਮੇਰੇ ਪ੍ਰਭੂ ! ਮੈਨੂੰ ਵਿਚ-ਵਿਚਾਲੇ ਨਾ ਰੱਖੀਂ ਜੇ ਕਰ ਸੰਸਾਰੀ ਧਨ-ਦੌਲਤ ਦੇਣੀ ਹੈ ਤਾਂ ਖੁਲ੍ਹੀ ਦੇਵੀਂ, ਜਿਸ ਨਾਲ ਮੈਂ ਦੁਨਿਆਵੀਂ ਪੂਰਨ ਸੁਖ ਮਾਣਾਂ ਜਾਂ ਫਿਰ ਪੂਰਨ ਤਿਆਗੀ ਬਣਾ ਦੇ—

**ਸ੍ਵੈਯਾ॥**

**੧. ਕੈ ਮਹਿ ਮੰਡਲ ਰਾਜ ਦਿਜੇ; ਨਹਿ ਏਕ ਕਮੰਡਲ ਹੀ ਕਰ ਮਾਂਹੀ।**
**੨. ਕੈ ਤਨ ਮਾਂਹਿ ਪਟੰਬਰ ਦੈ; ਨਹਿ ਏਕ ਮ੍ਰਿਗੰਬਰ ਹੀ ਜਗ ਮਾਂਹੀ।**
**੩. ਹਾਟਕ ਧਾਮ ਨਿਵਾਸ ਦਿਜੈ;ਨਹਿ ਪਰਨ ਕੁਟੀ ਸੁਖ ਸੌਂ ਬਨ ਮਾਂਹੀ।**
**੪. ਦੋਨਨ ਮੈਂ ਪ੍ਰਭੁ ਏਕ ਦਿਜੈ; ਸਭ ਹੀ ਫਲ ਤੇ ਪਦ ਪੰਕਜ ਮਾਂਹੀ॥ ੮॥**

**ਪਦ ਅਰਥ :**

ਕੈ=ਜਾਂ। ਮਹਿ=ਧਰਤੀ। ਮੰਡਲ=ਜਗਤ ਅਰਥਾਤ ਸਾਰੀ ਧਰਤੀ ਦਾ ਰਾਜ[3]। ਦਿਜੇ=ਦੇਵੋ, ਦਿਓ। ਕੰਮਡਲ=ਲੋਟਾ,

---

੧. ਸ਼ਵਾਰ ਗੋਤ੍ਰ ਦੀ ਇਕ ਇਸਤ੍ਰੀ, ਜੋ ਪੰਪਾ ਸਰ ਦੇ ਕਿਨਾਰੇ ਰਹਿੰਦੀ ਸੀ। ਇਹ ਮਤੰਗ ਰਿਖੀ ਦੀ ਚੇਲੀ ਸੀ। ਰਾਮਚੰਦਰ ਵਣਵਾਸ ਸਮੇਂ ਇਸ ਦੇ ਆਸ਼ਰਮ ਪੁਰ ਠਹਿਰੇ ਅਤੇ ਬੇਰ ਆਦਿਕ ਫਲ ਖਾ ਕੇ ਬਹੁਤ ਪ੍ਰਸੰਨ ਹੋਏ। ਸ਼ਵਰੀ ਰਾਮਚੰਦਰ ਜੀ ਦੇ ਦੇਖਦੇ ਹੀ ਚਿਤਾ ਬਣਾ ਕੇ ਭਸਮ ਹੋ ਗਈ। ਇਸੇ ਦਾ ਨਾਉ ਭੀਲਨੀ ਪ੍ਰਸਿੱਧ ਹੈ ਜਿਸ ਦੇ ਜੂਠੇ ਬੇਰ ਖਾਣ ਦਾ ਕਈ ਕਵੀ ਜ਼ਿਕਰ ਕਰਦੇ ਹਨ। (ਦੇਖੋ ਮਹਾਨ ਕੋਸ਼)

੨. ਰਾਜਾ ਸ਼ੀਰ ਧ੍ਵਜ (ਸੀਤਾ ਦਾ ਪਿਤਾ) ਨੇ ਪ੍ਰਤਿਗਜਾ ਕੀਤੀ ਸੀ ਕਿ ਜੋ ਸ਼ਿਵ ਦੇ ਧਨੁਖ ਨੂੰ ਤੋੜੇਗਾ ਤੇ ਚਿੱਲਾ ਚੜ੍ਹਾਵੇਗਾ ਉਹ ਜਾਨਕੀ (ਸੀਤਾ) ਨੂੰ ਵ੍ਰੇਗਾ, ਸੋ ਰਾਮ ਨੇ ਧਨੁਖ 'ਪੁਰ ਚਿੱਲਾ ਹੀ ਨਹੀਂ ਚੜ੍ਹਾਇਆ, ਬਲਕਿ ਖਿੱਚ ਕੇ ਟੁਕੜੇ ਕਰ ਦਿੱਤੇ।

(ਮਹਾਨ ਕੋਸ਼ ਪੰਨਾ ੨੦੪)

੩. ੨ਸੌ ਜੋਜਨ ਦਾ ਦੇਸ਼। ਉਹ ਇਲਾਕਾ ਜਿਸ ਵਿਚ ਬਾਰਾਂ ਰਾਜੇ ਜੁਦੇ-ਜੁਦੇ ਰਾਜ ਕਰਦੇ ਹੋਣ। ਸੰਸਾਰ, ਜਗਤ।

(ਮਹਾਨ ਕੋਸ਼ ਪੰਨਾ ੧੦੦੧)

Sri Satguru Jagjit Singh Ji eLibrary NamdhariElibrary@gmail.com

ਗੜਬਾ। ਕਰ=ਹੱਥ । ਮਾਹੀ=ਵਿਚ। ਮਾਹਿ=ਉੱਤੇ, ਉੱਪਰ। ਪਟੰਬਰ=ਰੇਸ਼ਮੀ, ਕੀਮਤੀ ਕੱਪੜੇ। ਮ੍ਰਿਗੰਬਰ=ਮ੍ਰਿਗਛਾਲਾ, ਹਿਰਨ ਦੀ ਖੱਲ, ਜੋ ਸਾਧੂ ਹੇਠਾਂ ਵਿਛਾਂਦੇ ਹਨ। ਹਾਟਕ=ਸੋਨਾ। ਧਾਮ=ਘਰ। ਨਿਵਾਸ=ਵਾਸਾ। ਨਹਿ=ਨਹੀਂ ਤਾਂ। ਪਰਨ=ਪੱਤਿਆਂ ਦੀ। ਕੁਟੀ=ਕੁਟੀਆ, ਝੁੱਗੀ, ਸਾਧ ਬੋਲੀ ਵਿਚ ਕੁਟੀਆ, ਆਮ ਲੋਕੀਂ ਝੌਂਪੜੀ ਕਹਿੰਦੇ ਹਨ। ਸੋਂ=ਨਾਲ। ਬਨ=ਜੰਗਲ। ਮਾਹੀ=ਵਿਚ। ਦੋਨਨ ਮੈਂ=ਦੋਹਾਂ ਵਿਚੋਂ। ਤੇ=ਤੇਰੇ। ਪਦ=ਚਰਨ। ਪੰਕਜ=ਕਮਲ। ਤੇ ਪਦ ਪੰਕਜ=ਤੇਰੇ ਚਰਨ ਕਮਲਾਂ ਵਿਚ।

**ਅਰਥ :**

੧. (ਐ ਮੇਰੇ ਪਰਮਾਤਮਾ!) ਜਾਂ ਤਾਂ ਮੈਨੂੰ ਧਰਤੀ ਦਾ ਰਾਜ-ਭਾਗ ਦੇ ਦੇ, ਨਹੀਂ ਤਾਂ ਹੱਥ ਵਿਚ ਕੇਵਲ ਇਕ ਗੜਬਾ ਦੇ ਦਿਓ।

੨. ਜਾਂ ਤਾਂ ਸਰੀਰ 'ਤੇ ਪਹਿਨਣ ਲਈ ਬੜੇ-ਬੜੇ ਕੀਮਤੀ ਰੇਸ਼ਮੀ ਕੱਪੜੇ ਦਿਓ ਨਹੀਂ ਤਾਂ ਇਕ ਮ੍ਰਿਗਛਾਲਾ ਹੀ ਬਖਸ਼ ਦਿਓ।

੩. ਦੁਨਿਆਵੀ ਸੁਖ ਦੇਣਾ ਹੈ ਤਾਂ ਸੋਨੇ ਦੇ (ਸੁਨਹਿਰੀ) ਮਹਿਲਾਂ ਵਿਚ ਵਾਸਾ ਦਿਓ, ਨਹੀਂ ਤਾਂ ਇਕ ਪੱਤਿਆਂ ਦੀ ਕੁਟੀਆ ਜੰਗਲ ਵਿਚ ਦੇ ਦਿਓ ਤੇ ਮੈਂ ਸੁਖਾਂ ਨਾਲ (ਉਸ ਵਿਚ) ਵਸਾਂ।

੪. ਐ ਮੇਰੇ ਪ੍ਰਭੂ ! ਦੋਨਾਂ ਵਿਚੋਂ ਮੈਨੂੰ ਇਕ ਬਖਸ਼ ਦਿਓ ਕਿਉਂਕਿ ਤੇਰੇ ਚਰਨ-ਕਮਲਾਂ ਵਿਚ ਹੀ ਸਾਰੇ ਫਲ ਹੈਨ।੮।

ਗੁਰਵਾਕ ਹੈ: ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ।। ੨।। (ਪੰਨਾ ੪੭)

## ਸ੍ਵੈਯਾ।।

**੧. ਕੈ ਪੁਰ ਸੌਧ ਵਿਖੇ ਗਜ ਦੰਤ; ਪਲੰਘਨ ਮਾਹਿ ਸਵੋਂ ਜਗ ਮਾਂਹੀ।**
**੨. ਕੈ ਬਨ ਕੇਰ ਵਿਖੇ ਤ੍ਰਿਣ ਕੋਮਲ; ਡਾਰ ਸਵੋਂ. ਨ ਬਰੋਂ ਪੁਰ ਮਾਂਹੀ।**
**੩. ਭੌਨ ਰੰਗੀਨ ਕੇ ਦ੍ਵਾਰ ਵਿਖੇ; ਭੱਟ ਗਾਇ ਕਬਿੱਤ ਕਿ ਮੋਹਿ ਜਗਾਂਹੀ।**
**੪. ਨਾਤਰ ਪਰਨ ਕੁਟੀ ਤਟ ਪਾਦਪ; ਬੋਲਿ ਸਿਖੀ ਮੁਹਿ ਕੋ ਬਨ ਮਾਂਹੀ।। ੯।।**

**ਪਦ ਅਰਥ :**

ਕੈ=ਜਾਂ। ਪੁਰ=ਸ਼ਹਿਰ। ਸੌਧ=ਸੁਧਾ ਚੂਨੇ ਨਾਲ ਲਿੱਪਿਆ ਹੋਇਆ, ਰਾਜ ਭਵਨ, ਰਾਜ ਮੰਦਰ। ਗਜ=ਹਾਥੀ। ਦੰਤ=ਦੰਦ। ਗਜਦੰਤ=ਹਾਥੀ ਦੰਦਾਂ ਨਾਲ ਜੜਤ ਪਲੰਘ। ਮਾਹਿ=ਵਿਚ। ਸਵੋਂ=ਸੌਵਾਂ। ਬਨ=ਜੰਗਲ। ਕੇਰ=ਦਾ, ਦੇ। ਤ੍ਰਿਣ=ਘਾਹ, ਕੱਖ। ਕੋਮਲ=ਕੂਲਾ। ਬਰੋਂ=ਵੜਾਂ, ਆਵਾਂ। ਭੌਨ=ਘਰ, ਭਵਨ। ਰੰਗੀਨ=ਸੋਹਣੇ,ਰੰਗਦਾਰ। ਦ੍ਵਾਰ=ਦਰਵਾਜ਼ਾ। ਭਟ=ਉਸਤਤਿ ਕਰਨ ਵਾਲਾ, ਕਵੀ[1]। ਜੰਗਾਹੀਂ=ਜਗਾਉਣ। ਨਾਤਰ=ਨਹੀਂ ਤਾਂ। ਪਰਨ=ਪੱਤੇ। ਕੁਟੀ=ਕੁਟੀਆ। ਤਟ=ਕਿਨਾਰਾ। ਪਾਦਪ=ਦਰੱਖਤ, ਬ੍ਰਿਛ[2]। ਬੋਲਿ=ਬੋਲ ਕੇ। ਸਿਖੀ=ਮੋਰ। ਮੁਹਿ ਕੋ=ਮੈਨੂੰ, ਮੇਰੇ ਕੋ।

**ਅਰਥ :**

੧. (ਐ ਮੇਰੇ ਪ੍ਰਭੂ!) ਜਾਂ ਤਾਂ (ਮੈਨੂੰ) ਦੁਨੀਆਂ ਵਿਚ (ਇਤਨੀ ਧਨ-ਦੌਲਤ ਦੇ ਦੇ ਕਿ ਮੈਂ) ਸ਼ਹਿਰ ਵਿਚ (ਰਾਜ-ਮਹਿਲਾਂ ਵਰਗੇ) ਮੰਦਰਾਂ ਵਿਚ ਹਾਥੀ-ਦੰਦ ਨਾਲ ਜੜਤ ਕਾਰੀ ਕੀਤੇ ਪਲੰਘਾਂ 'ਤੇ ਸੌਵਾਂ।

੨. ਜਾਂ ਫਿਰ ਮੈਂ (ਵਿਰੱਕਤ ਸਾਧੂ ਬਣ ਕੇ) ਜੰਗਲ ਦੇ ਕੂਲੇ-ਕੂਲੇ ਪੱਤੇ ਇਕੱਠੇ ਕਰਕੇ, ਉਨ੍ਹਾਂ 'ਤੇ ਸੌਂ ਜਾਵਾਂ ਤੇ ਸ਼ਹਿਰ ਵਿਚ ਵੜਾਂ ਹੀ ਨਾ।

੩. (ਅਮੀਰੀ ਠਾਠ ਵੀ ਅਜਿਹਾ ਹੋਵੇ ਕਿ) ਮੇਰੇ ਬੜੇ ਸੋਹਣੇ ਘਰਾਂ ਦੇ ਦਰਵਾਜ਼ੇ 'ਤੇ ਖਲੋ ਕੇ ਕਵੀ-ਲੋਕ ਕਵਿਤਾ ਗਾ ਕੇ ਮੈਨੂੰ ਸੁੱਤੇ ਨੂੰ ਉਠਾਉਣ।੯।

---

੧. ਉਸਤਤਿ ਪੜ੍ਹਨ ਵਾਲਾ ਕਵੀ। ਰਾਜ ਦਰਬਾਰ ਵਿਚ ਰਾਜਾ ਅਤੇ ਯੋਧਿਆਂ ਦਾ ਯਸ਼ ਕਹਿਣ ਵਾਲਾ। (ਮਹਾਨ ਕੋਸ਼ ੯੦੪)
੨. ਪਾਦਪ, ਪਾਦ=ਪੈਰ (ਜੜ੍ਹ) ਨਾਲ ਪੀਣ ਵਾਲਾ, ਬ੍ਰਿਛ ਆਪਣੇ ਤਣੇ ਨਾਲ ਰਸ ਪੀਂਦੇ ਹਨ। (ਮਹਾਨ ਕੋਸ਼ ਪੰਨਾ ੭੬੩)

੪. ਨਹੀਂ ਤਾਂ (ਜੰਗਲ ਵਿਚ) ਦਰੱਖਤਾਂ ਦੇ ਕੋਲ ਪੱਤਿਆਂ ਦੀ ਕੁਟੀਆ ਵਿਚ (ਮੈਂ ਸੌਂਵਾਂ ਤੇ) ਮੈਨੂੰ (ਸੁੱਤੇ ਹੋਏ ਨੂੰ) ਮੋਰ ਬੋਲ ਕੇ (ਉਠਾਉਣ)। ੯।

ਸ੍ਵੈਯਾ।।

**੧. ਕੰਜ ਪ੍ਰਭਾ ਦ੍ਰਿਗ ਚੰਦ੍ਰ ਮੁਖੀ; ਗਜ ਗਾਮਨਿ ਨਾਰਿ ਦਿਜੇ ਘਰ ਮਾਂਹੀ।**
**੨. ਨਾਤਰ ਸ਼ਾਂਤਿ ਬਧੂ ਅਤਿ ਸੁੰਦਰ; ਰਾਮ ਦਿਜੇ ਹਮਰੇ ਉਰ ਮਾਂਹੀ।**
**੩. ਕੈ ਘਰ ਮਾਹਿ ਸੁ ਭੂਤ ਦਿਜੇ; ਕਿ ਵਿਭੂਤਿ ਦਿਜੇ ਜੋ ਮਲੋਂ ਤਨ ਮਾਂਹੀ।**
**੪. ਕੈ ਘਰ ਮਾਹਿ ਨਿਵਾਸ ਕਰੋਂ; ਕਿ ਫਿਰੋਂ ਜਗ ਦੇਵਨਦੀ ਤਟ ਮਾਂਹੀ।। ੧੦।।**

**ਪਦ ਅਰਥ :**

ਕੰਜ=ਕੌਲ ਫੁੱਲ। ਪ੍ਰਭਾ-ਸੋਭਾ। ਦ੍ਰਿਗ=ਅੱਖਾਂ। ਚੰਦ੍ਰ=ਚੰਦਰਮਾ। ਮੁਖੀ=ਮੁਖੜਾ। ਗਜ=ਹਾਥੀ। ਗਾਮਨਿ=ਤੋਰ, ਚਾਲ। ਦਿਜੇ=ਦਿਓ। ਘਰ ਮਾਹੀਂ=ਘਰ ਵਿਚ। ਬਧੂ=ਇਸਤ੍ਰੀ। ਸਾਂਤਿ=ਸ਼ਾਂਤੀ। ਸ਼ਾਂਤਿ ਬਧੂ=ਸ਼ਾਂਤੀ ਰੂਪ ਇਸਤ੍ਰੀ। ਉਰ=ਹਿਰਦਾ, ਦਿਲ। ਸੁਭੂਤ=ਸ੍ਰੇਸ਼ਟ, ਦੌਲਤ। ਵਿਭੂਤਿ=ਸੁਆਹ, ਰਾਖ, ਭਸਮ। ਜੋ=ਜਿਹੜੀ, ਜਿਸ ਨੂੰ। ਮਲੋਂ=ਮਲਾਂ। ਤਨ ਮਾਹੀਂ=ਸਰੀਰ 'ਤੇ। ਕਰੋਂ=ਕਰਾਂ। ਦੇਵਨਦੀ=ਗੰਗਾ। ਫਿਰੋਂ=ਫਿਰਾਂ। ਤਟ=ਕਿਨਾਰਾ। ਮਾਹੀਂ=ਵਿਚ, 'ਤੇ, ਉੱਤੇ।

**ਅਰਥ :**

੧. (ਐ ਮੇਰੇ ਮਾਲਕ! ਮੈਨੂੰ ਦੁਬਿਧਾ ਵਿਚ ਨ ਰੱਖਣਾ ਜੇਕਰ ਮੈਨੂੰ ਵਹੁਟੀ ਦੇਣੀ ਤਾਂ ਐਨੀ ਕੁ ਸੋਹਣੀ ਹੋਵੇ ਕਿ ਜਿਸ ਦੀਆਂ) ਅੱਖਾਂ ਕੌਲ ਫੁੱਲਾਂ ਵਰਗੀਆਂ ਸੋਹਣੀਆਂ ਹੋਣ ਤੇ ਚੇਹਰੇ ਦਾ ਸੁਹੱਪਣ ਚੰਦਰਮਾ ਵਰਗਾ, ਤੋਰ ਹਾਥੀ ਵਾਂਗ ਮਸਤ ਹੋਵੇ।

੨. ਨਹੀਂ ਤਾਂ ਸ਼ਾਂਤੀ ਰੂਪ ਬਹੁਤ ਹੀ ਸੋਹਣੀ ਇਸਤ੍ਰੀ ਹੇ ਰਾਮ! ਮੇਰੇ ਦਿਲ ਵਿਚ ਦੇ ਦਿਓ।

੩. ਜਾਂ ਤਾਂ ਘਰ ਵਿਚ ਐਨੀ ਕੁ ਦੌਲਤ ਦੇ ਦਿਓ (ਮੇਰੀ ਦੂਜੇ ਪਾਸੇ ਤੱਕਣੀ ਰਵ੍ਹੇ ਹੀ ਨਾ) ਜਾਂ ਫਿਰ ਭਸਮ ਦਿਓ ਜੋ ਮੈਂ ਸਰੀਰ 'ਤੇ ਮਲ ਕੇ ਸਾਧੂ ਬਣ ਜਾਵਾਂ।

੪. ਜਾਂ ਘਰ ਵਿਚ (ਮੈਨੂੰ ਐਨੇ ਸੁਖ ਅਰਾਮ ਦੇ ਦਿਓ ਜਿਸ ਕਰਕੇ ਮੈਂ ਬੇ-ਫਿਕਰ ਹੋ ਕੇ) ਵਸਾਂ, ਜੇਕਰ ਨਹੀਂ, ਤਾਂ ਮੈਂ ਸਾਧੂ ਬਣਕੇ ਐ ਮੇਰੇ ਜਗਤ ਦੇ ਮਾਲਕ ਪ੍ਰਭੂ! ਗੰਗਾ ਕਿਨਾਰੇ ਫਿਰਾਂ (ਭਾਵ ਤੀਰਥ ਯਾਤਰਾ ਕਰਾਂ)। ੧੦।

ਸ੍ਵੈਯਾ।।

**੧. ਕੈ ਖੜਗਾਗਰ ਦੰਤ ਦਲੋਂ, ਕਟ; ਕੈ ਬਨ ਵਾਸ ਦਯਾ ਉਰ ਮਾਂਹੀ।**
**੨. ਕੈ ਮਣਿ ਮਾਲ ਦਿਜੇ ਉਰ ਮੈਂ; ਨਹਿ ਰਾਮ ਦਿਜੇ ਜਪਨੀ ਕਰ ਮਾਂਹੀ।**
**੩. ਕੈ ਜਗ ਭੀਖ ਅਹਾਰ ਕਰੋਂ; ਕਿ ਦਿਵੋਂ ਜਨ ਬਾਂਛਤ ਹੀ ਛਿਤ ਮਾਂਹੀ।**
**੪. ਕੈ ਜਸ ਸੋਂ ਸਭ ਭੂਮਿ ਭਰੋਂ; ਨਹਿ ਜਾਇ ਬਸੋਂ ਹਰਿ ਤੇ ਪੁਰ ਮਾਂਹੀ।।੧੧।।**

**ਪਦ ਅਰਥ :**

ਕੈ=ਜਾਂ। ਖੜਗਾਗਰ=ਖੜਗ ਅੱਗੇ। ਦੰਤ=ਦੈਂਤ,ਰਾਖਸ਼,ਰੱਬ ਤੋਂ ਟੁੱਟੇ ਹੋਏ, ਮਾੜਾ ਅਨਸਰ। ਦਲੋਂ=ਦਲਾਂ, ਮਾਰਦਿਆਂ। ਕਟ=(ਕਟਕ) ਸੈਨਾ, ਫੌਜ। ਬਨ ਵਾਸ=ਜੰਗਲ ਵਿਚ ਵਸਾਂ। ਉਰ-ਦਿਲ। ਮਣਿ=ਮਣੀਆਂ। ਮਾਲ=ਮਾਲਾ। ਜਪਨੀ=ਮਾਲਾ। ਕਰ=ਹੱਥ। ਭੀਖ=ਭਿਖਿਆ। ਅਹਾਰ=ਭੋਜਨ। ਕਰੋਂ=ਕਰਾਂ। ਦਿਵੋਂ=ਦਿਵਾਂ। ਜਨ=ਮਨੁੱਖਾਂ ਨੂੰ। ਬਾਂਛਤ=ਚਾਹੇ, ਮੰਗੇ। ਸੋਂ=ਨਾਲ। ਕਿ=ਜਾਂ, ਅਥਵਾ। ਛਿਤ=ਧਰਤੀ। ਜਸ=ਕੀਰਤੀ। ਭੂਮਿ=ਧਰਤੀ, ਦੁਨੀਆਂ। ਭਰੋਂ=ਭਰਾਂ, ਭਰ ਲਵਾਂ। ਬਸੋਂ=ਵਸਾਂ। ਪੁਰ=ਸ਼ਹਿਰ। ਤੇ =ਤੇਰੇ।

**ਅਰਥ :**

੧. ਜਾਂ (ਅਜਿਹਾ ਸੂਰਵੀਰ ਬਣ ਜਾਵਾਂ ਕਿ ਮੈਂ ਆਪਣੀ) ਤਲਵਾਰ ਦੀ ਧਾਰ ਅੱਗੇ (ਦੁਸ਼ਮਣ ਦੀ) ਫੌਜ ਦੇ ਮੋਹਰੇ

ਪਾ ਦਿਆਂ ਜਾਂ ਮੇਰੇ ਦਿਲ ਵਿਚ ਦਇਆ ਭਰ ਦਿਓ ਕਿ ਮੈਂ ਜੰਗਲ ਵਿਚ ਜਾ ਵਸਾਂ।

੨. (ਜੇਕਰ ਦੌਲਤ ਦੇਣੀ ਤਾਂ ਖੁਲ੍ਹੀ ਦਿਓ ਜਿਸ ਨਾਲ) ਮੈਂ ਗਲ ਵਿਚ ਮਣੀਆਂ ਦੀਆਂ ਮਾਲਾਂ ਪਾਵਾਂ, ਨਹੀਂ ਤਾਂ ਹੇ ਮੇਰੇ ਰਾਮ! ਇਕ (ਰੁਦ੍ਰਾਖ ਦੀ) ਮਾਲਾ ਮੇਰੇ ਹੱਥ ਦੇ ਦਿਓ।

੩. ਜਾਂ (ਮੈਂ ਸਾਧੂ ਬਣ ਕੇ) ਦੁਨੀਆਂ ਵਿਚ ਮੰਗ ਕੇ ਭੋਜਨ ਕਰਾਂ, ਜਾਂ ਫਿਰ ਇਸ ਜ਼ਮੀਨ 'ਤੇ ਬੇ-ਸ਼ੁਮਾਰ ਦੌਲਤ ਦਿਓ ਕਿ ਮੈਂ ਲੋਕਾਂ ਨੂੰ ਮੂੰਹ-ਮੰਗੇ ਪਦਾਰਥ ਦਿਆਂ।

੪. ਜੇਕਰ ਸੋਭਾ ਦੇਣੀ ਤਾਂ ਇਤਨੀ ਦਿਉ ਕਿ ਸਾਰੀ ਧਰਤੀ ਮੇਰੀ ਸੋਭਾ ਨਾਲ ਭਰ ਜਾਵੇ, ਨਹੀਂ ਤਾਂ ਮੈਂ ਤੇਰੇ ਵੈਕੁੰਠ-ਧਾਮ ਵਿਚ ਜਾ ਵਸਾਂ।੧੧।

ਸ੍ਵੈਯਾ।।

**੧. ਜੋਗ ਦਿਜੇ ਕਿ ਦਿਜੇ ਘਰ ਭੋਗ, ਕਿ ਨੀਤਿ ਦਿਜੇ ਕਿ ਅਤੀਤ ਬਨਾਹੀ।**
**੨. ਦਾਸਨ ਕੇ ਗਨ ਮੋਹ ਦਿਜੇ, ਨਹਿ ਆਪਨ ਦਾਸ ਕਿਜੇ ਜਗ ਮਾਂਹੀ।**
**੩. ਕੈ ਮਣਿ ਹੇਮ ਵਿਮਾਨ ਦਿਜੇ, ਨਹਿ ਨਾਮ ਦਿਜੇ ਹਮਰੇ ਉਰ ਮਾਂਹੀ।**
**੪. ਦੋਨਨ ਮੈਂ ਪ੍ਰਭ ਏਕ ਦਿਜੇ, ਅਬ ਢੀਲ ਬਨੇ ਨਹਿ ਤੇ ਉਰ ਮਾਂਹੀ।। ੧੨।।**

**ਪਦ ਅਰਥ :**

ਜੋਗ=ਯੋਗ,ਭੇਖ। ਕਿ=ਜਾਂ। ਭੋਗ=ਪਦਾਰਥ। ਨੀਤਿ=ਰਾਜਨੀਤੀ ਕਰਨ ਵਾਲਾ ਰਾਜਾ। ਅਤੀਤ=ਬਿਹੰਗਮ, ਸਾਧੂ। ਬਨਾਹੀ=ਬਣਾ ਦਿਓ। ਦਾਸਨ=ਸੇਵਕ, ਨੌਕਰ। ਗਨ=ਬਹੁਤੇ। ਮੋਹ=ਮੈਨੂੰ। ਆਪਨ=ਆਪਣਾ। ਕਿਜੇ=ਕਰੋ। ਕੈ=ਜਾਂ। ਮਣਿ=ਮਣੀਆਂ। ਹੇਮ=ਸੋਨਾ। ਵਿਮਾਨ=ਪਾਲਕੀ, ਸੱਤ ਮੰਜ਼ਿਲਾਂ ਮਕਾਨ, ਅਨਗਿਣਤ ਦੌਲਤ ਤੋਂ ਭਾਵ ਹੈ। ਦੋਨਨ ਮੈਂ=ਦੋਹਾਂ ਵਿਚੋਂ। ਢੀਲ=ਢਿਲ-ਮੱਠ, ਦੇਰੀ। ਬਨੇ=ਬਣਦੀ। ਤੇ=ਤੇਰੇ। ਉਰ=ਦਿਲ। ਅਬ=ਹੁਣ।

**ਅਰਥ :**

੧. ਜਾਂ (ਮੈਨੂੰ) ਯੋਗ ਭੇਖ ਦਿਓ ਜਾਂ ਘਰ ਵਿਚ ਪਦਾਰਥ ਦੇ ਦਿਓ, ਰਾਜ-ਭਾਗ ਦਿਓ ਜਾਂ ਮੈਨੂੰ ਸਾਧੂ ਬਣਾ ਦਿਓ।

੨.ਜਾਂ ਬਹੁਤ ਸਾਰੇ ਨੌਕਰ-ਚਾਕਰ ਦੇ ਦਿਓ, ਨਹੀਂ ਤਾਂ ਮੈਨੂੰ ਦੁਨੀਆਂ ਵਿਚ ਆਪਣਾ-ਸੇਵਕ ਕਰੋ।

੩. ਜਾਂ ਸੋਨਾ (ਚਾਂਦੀ) ਮਣੀਆਂ ਦੇ ਰੱਥ ਦੇ ਦਿਓ ਤੇ ਮੈਂ ਉਨ੍ਹਾਂ ਉੱਪਰ ਚੜ੍ਹ ਕੇ ਫਿਰਾਂ ਨਹੀਂ ਤਾਂ ਦਿਲ ਵਿਚ ਇਕ ਆਪਣਾ ਨਾਮ ਵਸਾ ਦਿਓ।

੪. ਜੋ ਦੇਣਾ ਹੈ ਹੇ ਮੇਰੇ ਪ੍ਰਭੂ! ਦੋਨਾਂ ਵਿਚੋ ਇਕ ਛੇਤੀ ਦੇ ਦਿਓ ਹੁਣ ਤੁਹਾਡੇ ਦਿਲ ਵਿਚ ਢਿਲ-ਮੱਠ ਕਰਨੀ ਬਣਦੀ ਨਹੀਂ।

ਸ੍ਵੈਯਾ।।

**੧. ਜਾਨੁ ਭੁਜਾ ਕਟ ਕੇਹਰ ਕੇ ਸਮ, ਕੰਜ ਪ੍ਰਭਾ ਦ੍ਰਿਗ ਹੈਂ ਮਦ ਮਾਤੇ।**
**੨. ਕੋਟ ਸੁਰਾਂਗਨ ਨਾਚਤ ਹੈਂ, ਅਰੁ ਗੰਧ੍ਰਬ ਆਇ ਸਭੇ ਪੁਰ ਗਾਤੇ।**
**੩. ਭੌਨ ਭੰਡਾਰ ਅਪਾਰ ਭਰੇ ਧਨ, ਯਾ ਬਿਧ ਆਪ ਰਚੀ ਸੁ ਬਿਧਾਤੇ।**
**੪. ਯੌ ਬਿਧਿ ਯਾਹਿ ਭਈ ਤੁ ਕਹਾ, ਜਬ ਜਾਨਕੀ ਨਾਥ ਕੇ ਰੰਗਿ ਨ ਰਾਤੇ।। ੧੩।।**

**ਪਦ ਅਰਥ :**

ਜਾਨੁ=ਗੋਡੇ। ਭੁਜਾ=ਬਾਹਵਾਂ,ਬਾਹਵਾਂ ਗੋਡਿਆਂ ਤੱਕ ਲੰਮੀਆਂ ਹੋਣ। ਕਟਿ=ਲੱਕ, ਕਮਰ। ਕੇਹਰ=ਸ਼ੇਰ। ਸਮ=ਬਰਾਬਰ। ਕੰਜ=ਕੌਲ ਫੁੱਲ। ਪ੍ਰਭਾ=ਉਪਮਾ, ਸੋਭਾ। ਦ੍ਰਿਗ=ਨੇਤਰ। ਮਾਤੇ=ਮਸਤ, ਮਦਹੋਸ਼, ਨਸ਼ੀਲੇ। ਮਦ=ਸ਼ਰਾਬ। ਕੋਟ=ਕ੍ਰੋੜਾਂ। ਸੁਰਾਂਗਨ=ਦੇਵ ਲੋਕ ਦੀਆਂ ਅਪੱਛਰਾਂ। ਹੈਂ=ਹਨ। ਅਰੁ=ਅਤੇ। ਗੰਧ੍ਰਬ=ਦੇਵਤਿਆਂ ਦੇ ਰਾਗੀ, ਹਾ ਹਾ ਹੂ ਹੂ। ਗਾਤੇ=ਗਾਉਂਦੇ। ਭੌਨ=ਘਰ। ਭੰਡਾਰ=ਖਜ਼ਾਨੇ। ਯਾ=ਇਸ। ਬਿਧਿ=ਤਰੀਕਾ। ਰਚੀ=ਬਣਾਈ। ਬਿਧਾਤੇ=ਬ੍ਰਹਮਾ, ਸ੍ਰਿਸ਼ਟੀ ਰਚਣ ਵਾਲਾ। ਤੁ=ਤਾਂ। ਕਹਾ=ਕੀ।

Sri Satguru Jagjit Singh Ji eLibrary NamdhariElibrary@gmail.com

ਭਈ=ਹੋਈ। ਜਾਨਕੀ=ਰਾਜੇ ਜਨਕ ਦੀ ਲੜਕੀ ਸੀਤਾ। ਨਾਥ=ਸੁਆਮੀ, ਪਤੀ, ਰਾਮ ਚੰਦਰ ਜੀ। ਰੰਗ=ਪ੍ਰੇਮ। ਰਾਤੇ=ਮਿਲੇ।

**ਅਰਥ :**

੧. ਗੋਡਿਆਂ ਤੱਕ (ਲੰਮੀਆਂ) ਬਾਹਵਾਂ ਹੋਣ, ਲੱਕ ਸ਼ੇਰ ਵਰਗਾ (ਪਤਲਾ), ਕੌਲ ਫੁੱਲ ਵਰਗੀਆਂ ਅੱਖਾਂ ਨਸ਼ਿਆਈਆਂ ਹੋਣ।

੨. ਕ੍ਰੋੜਾਂ ਦੇਵ-ਇਸਤ੍ਰੀਆਂ (ਘਰ ਵਿਚ ਆ ਕੇ) ਨਚਦੀਆਂ ਵੀ ਹੋਣ ਤੇ ਦੇਵਤਿਆਂ ਦੇ ਰਾਗੀ ਆ ਕੇ ਸ਼ਹਿਰ ਵਿਚ ਗਾਉਂਦੇ ਹੋਵਣ।

੩. ਘਰ ਧਨ ਦੇ ਖਜ਼ਾਨੇ ਬੇਅੰਤ ਭਰੇ ਹੋਣ ਮਾਨੋ ਬ੍ਰਹਮਾ ਨੇ ਇਸ ਤਰ੍ਹਾਂ ਹੀ ਸਭ ਕੁਝ ਬਣਾਇਆ ਹੋਵੇ।

੪. ਇਸ ਤਰ੍ਹਾਂ ਦਾ ਸਾਰਾ ਕੁਝ ਹੋ ਵੀ ਗਿਆ ਤਾਂ ਕੀ ਹੋਇਆ ਜੇ ਕਰ ਸੀਤਾ ਦੇ ਮਾਲਕ ਸ੍ਰੀ ਰਾਮ ਚੰਦਰ ਜੀ ਦੇ ਪ੍ਰੇਮ-ਰੰਗ ਵਿਚ ਨਹੀਂ ਰੰਗੇ ਗਏ।੧੩।

### ਸ੍ਵੈਯਾ।।

**੧. ਹੇਮ ਗਲੇ ਅਰੁ ਸੀਸ ਉਤੰਸ, ਉਠਾਇ ਸੁ ਪਾਦ ਮਹਾਂ ਹਿਨਨਾਤੇ।**
**੨. ਕੋਟ ਤੁਰੰਗ ਕੁਰੰਗ ਸੇ ਕੂਦਤ, ਦੌਰ ਪ੍ਰਭੰਜਨ ਕੋ ਜਿਨ ਜਾਤੇ।**
**੩. ਦਿੱਗਜ ਸੇ ਗਜ ਭੌਨ ਦੁਆਰ, ਸੁ ਝੂਲਤ ਹੈਂ ਮਦਰਾ ਮਦ ਮਾਤੇ।**
**੪. ਯੌ ਬਿਧਿ ਯਾਹਿ ਭਈ ਤੁ ਕਹਾ, ਜਬ ਜਾਨਕੀ ਨਾਥ ਕੇ ਰੰਗਿ ਨ ਰਾਤੇ।। ੧੪।।**

**ਪਦ ਅਰਥ :**

ਹੇਮ=ਸੋਨਾ। ਗਲੇ=(ਗਲਿ) ਗਲ ਵਿਚ। ਸੀਸ=ਸਿਰ। ਉਤੰਸ=ਭੂਖਣ, ਮੁਕਟ ਮਣੀ, ਤਾਜ ਦਾ ਰਤਨ। ਪਾਦ=ਪੈਰ। ਮਹਾਂ=ਬਹੁਤ ਹੀ। ਹਿਨਨਾਤੇ=ਹਿਣਕਦੇ। ਤੁਰੰਗ=ਘੋੜੇ। ਕੁਰੰਗ=ਹਿਰਨ। ਸੇ=ਵਰਗੇ। ਕੂਦਤ=ਕੁੱਦਦੇ। ਦੌਰ=ਦੌੜ ਕੇ। ਪ੍ਰਭੰਜਨ=ਹਵਾ। ਕੋ=ਨੂੰ। ਜਿਨ=ਜਿੱਤ। ਜਾਤੇ=ਜਾਂਦੇ। ਦਿੱਗਜ=ਦਿਸ਼ਾ ਪਾਲਾਂ[1]। ਸੇ=ਵਰਗੇ। ਗਜ=ਹਾਥੀ। ਭੌਨ=ਘਰ। ਝੂਲਤ=ਝੂਲਦੇ, ਝੂਮਦੇ। ਹੈਂ=ਹੋਣ, ਹਨ। ਮਦਰਾ=ਸ਼ਰਾਬ। ਮਦ=ਮਸਤੀ, ਸ਼ਰਾਬ ਪੀ ਕੇ ਸ਼ਰਾਬੀ ਹੋਏ ਵਾਂਗ। ਮਾਤੇ=ਮਸਤ।

**ਅਰਥ :**

੧. ਸੋਨੇ ਦੀਆਂ ਚੈਨੀਆਂ ਗਲਾਂ ਵਿਚ, ਸਿਰ 'ਤੇ ਮੁਕਟ ਹੈ, ਘਰ ਵਿਚ ਘੋੜੇ (ਆਪਣੇ ਦੋਵੇਂ ਅਗਲੇ) ਪੈਰ ਚੁੱਕ ਕੇ ਬਹੁਤ ਹੀ ਹਿਣਕਦੇ ਹੋਣ।

੨. ਕ੍ਰੋੜਾਂ ਘੋੜੇ ਹਿਰਨਾਂ ਵਾਂਗ ਕੁੱਦਦੇ (ਹੋਏ ਐਨੀ ਕੁ ਤੇਜ ਦੌੜਦੇ ਹੋਣ, ਜੋ) ਦੌੜ ਕੇ ਹਵਾ ਨੂੰ ਵੀ ਮਾਤ ਪਾ ਜਾਂਦੇ ਹੋਣ। ਭਾਵ ਜਿੱਤ ਜਾਂਦੇ ਹੋਣ।

੩. ਦਿਸ਼ਾਪਾਲ ਵਰਗੇ (ਉੱਚੇ ਕੱਦਾਂ ਵਾਲੇ) ਹਾਥੀ ਘਰ ਦੇ ਬੂਹੇ ਅੱਗੇ ਝੂਮਦੇ ਹਨ, ਉਹ ਵੀ ਸ਼ਰਾਬ ਪੀ ਕੇ ਸ਼ਰਾਬੀਆਂ ਵਾਂਗ ਮਸਤੇ ਹੋਏ ਹੋਣ।

੪. (ਉਪ੍ਰੋਕਤ ਵਰਣਨ ਕੀਤਾ) ਇਸ ਤਰ੍ਹਾਂ ਦਾ ਸਾਰਾ ਕੁਝ ਹੋ ਵੀ ਗਿਆ ਤਾਂ ਕੀ ਹੋਇਆ ਜੇਕਰ ਸੀਤਾ ਦੇ ਪਤੀ (ਸ੍ਰੀ ਰਾਮ ਚੰਦ੍ਰ ਜੀ) ਦੇ ਪ੍ਰੇਮ-ਰੰਗ ਵਿਚ ਨਾ ਰੰਗੇ ਗਏ।੧੪।

### ਸ੍ਵੈਯਾ।।

**੧. ਕੋਟਕ ਬਿੰਜਨ ਹਾਟਕ ਭਾਂਜਨ, ਡਾਰਿ ਸੁ ਸੌਧ ਬਿਖੇ ਮਿਲਿ ਖਾਤੇ।**
**੨. ਭੂਪ ਜਿਤੇ ਭਵ ਮੰਡਲ ਕੇ, ਪੁਨ ਹੋਹਿ ਰਥੀ ਸੁ ਜਿਨੇ ਪੁਰ ਸਾਤੇ।**

---

੧. ਦਿਸ਼ਾਪਾਲ=ਪੁਰਾਣਾਂ ਅਨੁਸਾਰ ਦਸ ਦਿਸ਼ਾਂ ਦੇ ਪਾਲਕ ਦਸ਼ ਦੇਵਤਾ ਹਨ : ਪੂਰਵ ਦਾ ਇੰਦਰ, ਅਗਨਿ ਕੋਣ ਦਾ ਅਗਨਿ। ਦੱਖਣ ਦਾ ਯਮ, ਨੈਰਿਤੀ ਕੋਣ ਦਾ ਨੈਰਿਤ ਰਾਖਸ, ਪੱਛਮ ਦਾ ਵਰੁਣ, ਵਾਯਵੀ ਕੋਣ ਦਾ ਵਾਯੂ, ਉੱਤਰ ਦਾ ਕੁਬੇਰ, ਈਸ਼ਾਨ ਦਾ ਸ਼ਿਵ, ਊਰਧ (ਉੱਪਰ ਵੱਲ) ਦਾ ਬ੍ਰਹਮਾ ਅਤੇ ਅਧੋ (ਹੇਠ ਵੱਲ) ਦਾ ਸ਼ੇਸ਼ਨਾਗ। (ਦੇਖੋ ਦਿਕਪਾਲ, ਮਹਾਨ ਕੋਸ਼ ੬੩੨)

Sri Satguru Jagjit Singh Ji eLibrary NamdhariElibrary@gmail.com

**੩. ਔਰਨ ਛੱਤ੍ਰ ਉਤਾਰਿ ਭਲੀ ਬਿਧਿ ਆਪਨ ਸੀਸਿ ਸੁ ਛੱਤ੍ਰ ਫਿਰਾਤੇ।**
**੪. ਯੌ ਬਿਧਿ ਯਾਹਿ ਭਈ ਤੁ ਕਹਾ ਜਬ ਜਾਨਕੀ ਨਾਥ ਕੇ ਰੰਗ ਨ ਰਾਤੇ।। ੧੫।।**

**ਪਦ ਅਰਥ :**

ਕੋਟਕ=ਕ੍ਰੋੜਾਂ। ਬਿੰਜਨ=(ਵਿਅੰਜਨ) ਭੋਜਨ ਪਕਾਉਣ ਲਈ, ਸਾਗ ਪਾਤ ਮਸਾਲਾ ਆਦਿ)। ਭਾਵ ਸਾਗ-ਭਾਜੀ। ਹਾਟਕ=ਸੋਨਾ। ਭਾਜਨ=ਭਾਂਡੇ, ਬਰਤਨ। ਸੁ=ਉਹ। ਡਾਰਿ=ਪਾ ਕੇ। ਸੌਧ=ਘਰ। ਮਿਲਿ=ਮਿਲ ਕੇ। ਖਾਤੇ=ਖਾਂਦੇ। ਭੂਪ=ਰਾਜੇ। ਜਿਤੇ=ਜਿੰਨੇ ਕੁ। ਭਵ ਮੰਡਲ=ਧਰਤੀ ਮੰਡਲ, ਭਾਵ ਸਾਰੀ ਧਰਤੀ ਦੇ। ਪੁਨ=ਫੇਰ। ਹੋਹਿ=ਹੋ ਕੇ। ਰਖੀ=ਰਖਵਾਹੀ। ਜਿਨੇ=ਜਿੱਤੇ, ਜਿੱਤ ਲਏ। ਪੁਰ=ਪੁਰੀਆਂ। ਸਾਤੇ=ਸੱਤੇ। ਔਰਨ=ਹੋਰਾਂ। ਉਤਾਰਿ=ਲਾਹ ਕੇ। ਆਪਨ=ਆਪਣੇ। ਸੀਸਿ=ਸਿਰ 'ਤੇ। ਫਿਰਾਤੇ=ਫੇਰਦੇ ਹਨ।

**ਅਰਥ :**

੧. ਕ੍ਰੋੜਾਂ (ਭਾਵ ਬਿਅੰਤ) ਤਰ੍ਹਾਂ ਦੇ ਭੋਜਨ ਬਣਾ ਕੇ ਸੋਨੇ ਦੇ ਭਾਂਡਿਆਂ ਵਿਚ ਪਾ ਕੇ ਘਰ ਵਿਚ ਬੈਠ ਕੇ ਸਾਰੇ ਮਿਲ ਕੇ ਖਾਂਦੇ ਹੋਣ।

੨. ਧਰਤੀ ਦੇ ਜਿੰਨੇ ਵੀ ਰਾਜੇ ਹਨ ਉਹ ਸਾਰੇ ਰਖਵਾਹੀ ਹੋਣ ਤੇ ਸੱਤਾਂ ਪੁਰੀਆਂ ਨੂੰ ਜਿੱਤ ਵੀ ਲਿਆ।

੩. ਹੋਰਨਾਂ ਦੇ (ਸਿਰਾਂ ਤੋਂ) ਛਤ੍ਰ ਲਾਹ ਕੇ ਫਿਰ ਉਹ ਬੜੇ ਸੋਹਣੇ ਤਰੀਕੇ ਨਾਲ ਆਪਣੇ ਸਿਰ 'ਤੇ ਫਿਰਾ ਵੀ ਲਿਆ। (ਅਰਥਾਤ ਐਨਾ ਕੁ ਦੌਲਤ-ਮੰਦ 'ਤੇ ਤਾਕਤਵਰ ਹੋ ਗਿਆ। ਫੇਰ ਵੀ ਜੇਕਰ-)

੪. ਇਸ ਤਰ੍ਹਾਂ ਦੀਆਂ ਇਹ ਬਿਧੀਆਂ ਹੋ ਗਈਆਂ ਤਾਂ ਕੀ ਹੋਇਆ ਜੇਕਰ ਸੀਤਾ ਦੇ ਪਤੀ (ਸ੍ਰੀ ਰਾਮ ਚੰਦਰ ਜੀ) ਦੇ ਪ੍ਰੇਮ-ਰੰਗ ਵਿਚ ਨਹੀਂ ਰੰਗੇ ਗਏ। ੧੫।

**ਸ੍ਵੈਯਾ।।**

**੧. ਬੈਠਿ ਬਧੂ ਕੁਚ ਕੁੰਕਮ ਕੋ ਸਰ ਤੀਖਨ ਸੌਂ ਜੁ ਕਰੇ ਜਗ ਹਾਤੇ।**
**੨. ਆਪ ਸਮਾਨ ਜਨੇ ਸੁਤ ਸੁੰਦਰ ਯਾ ਜਗ ਝੁੰਡਨ ਝੁੰਡ ਸੁਹਾਤੇ।**
**੩. ਬੀਰ ਤਥਾ ਗੁਣਵਾਨ ਮਹਾਂ ਪੁਨ ਮਾਤ ਪਿਤਾ ਸੁਖ ਮੈਂ ਲਲਚਾਤੇ।**
**੪. ਯੌ ਬਿਧਿ ਯਾਹਿ ਭਈ ਤੁ ਕਹਾ ਜਬ ਜਾਨਕੀ ਨਾਥ ਕੇ ਰੰਗਿ ਨ ਰਾਤੇ।। ੧੬।।**

**ਪਦ ਅਰਥ :**

ਬੈਠਿ=ਬੈਠ ਕੇ। ਬਧੂ=ਇਸਤ੍ਰੀ। ਕੁਚ=ਥਣ,ਮੰਮਾ। ਕੁੰਕਮ=ਕੇਸਰ। ਸਰ=ਤੀਰ। ਤੀਖਨ=ਤਿੱਖੇ। ਸੌਂ=ਨਾਲ। ਹਾਤੇ=ਨਾਸ। ਸਮਾਨ=ਬਰਾਬਰ। ਜਨੇ=ਜੰਮੇ। ਸੁਤ=ਪੁੱਤਰ। ਯਾ=ਇਸ। ਜਗ=ਦੁਨੀਆਂ। ਝੁੰਡਨ ਝੁੰਡ=ਝੁੰਡਾਂ ਦੇ ਝੁੰਡ, ਟੋਲਿਆਂ ਦੇ ਟੋਲੇ। ਸੁਹਾਤੇ=ਸੋਭਦੇ। ਬੀਰ=ਸੂਰਬੀਰ। ਤਥਾ=ਤੈਸੇ। ਗੁਣਵਾਨ=ਵਿਦਵਾਨ। ਮਹਾਂ ਪੁਨ=ਮਹਾਨ (ਵੱਡੇ-ਵੱਡੇ) ਪੁੰਨ ਕਰਨ ਵਾਲੇ। ਲਲਚਾਤੇ=ਲਲਚਾਉਂਦੇ, ਲੋਚਦੇ, ਚਾਹੁੰਦੇ।

**ਅਰਥ :**

੧. ਇਸਤ੍ਰੀਆਂ ਘਰ ਵਿਚ ਬੈਠ ਕੇ (ਚੰਦਨ) ਕੇਸਰ ਆਦਿ ਸੁਗੰਧੀਆਂ ਆਪਣੇ ਅਸਥਣਾਂ ਤੇ ਲਾ ਕੇ ਅਤੇ ਬਾਣਾਂ ਦੇ ਸਮਾਨ ਤਿੱਖੇ ਕਰਕੇ ਉਨ੍ਹਾਂ ਨਾਲ ਜਗਤ ਨੂੰ ਨਾਸ ਕੀਤਾ ਹੈ।

੨. ਆਪਣੇ ਵਰਗੇ ਸੁੰਦਰ ਪੁੱਤਰ ਜੰਮਦੀ ਹੈ ਜੋ ਸੰਸਾਰ ਵਿਚ ਟੋਲੀਆਂ ਦੀਆਂ ਟੋਲੀਆਂ ਸੋਭਦੀਆਂ ਹਨ। ਫੇਰ

੩. ਆਪਣੇ ਸੂਰਵੀਰ ਅਥਵਾ ਬੜੇ ਵਿਦਵਾਨ ਪੁੱਤਰਾਂ ਤੋਂ ਮਾਂ-ਬਾਪ ਦੇ ਸੁਖ ਦੀ ਚਾਹਨਾ ਕਰਦੇ ਹਨ।

੪. (ਘਰ ਵਿਚ ਉਪ੍ਰੋਕਤ ਖੂਬਸੂਰਤ ਤਿੱਖੀਆਂ ਨਜ਼ਰਾਂ ਵਾਲੀ ਔਰਤ ਵੀ ਹੈ, ਸੂਰਵੀਰ ਵਿਦਵਾਨ ਆਗਿਆਕਾਰੀ ਸੇਵਾ-ਭਾਵਨਾ ਵਾਲੀ ਔਲਾਦ ਵੀ ਹੈ ਪਰ) ਜੇ ਐਨਾ ਕੁਝ ਹੋ ਵੀ ਗਿਆ ਤਾਂ ਕੀ ਹੋਇਆ ਜੇਕਰ ਸੀਤਾ ਪਤੀ ਰਾਮ ਚੰਦਰ ਦੇ ਪ੍ਰੇਮ-ਰੰਗ ਵਿੱਚ ਨਹੀਂ ਰੰਗੇ ਗਏ। ੧੬।

ਸ੍ਵੈਯਾ।।

੧. ਜਿਨ ਕੇ ਰਥ ਨੇਮ ਦਰਾਰਨ ਤੇ, ਸਤ ਸਾਗਰ ਹੈਂ ਅਬ ਲੌ ਜਗ ਮਾਂਹੀ।

੨. ਜਿਨਿ ਚਾਪਨ ਗੋਸ਼ਨ ਕੇ ਬਲ ਤੇ, ਸਭ ਸੈਲ ਬਟੋਰ ਧਰੇ ਧਰ ਮਾਂਹੀ।

੩. ਸੁਰਰਾਜ ਡਰੈ ਜਿਨ ਕੇ ਬਲ ਤੇ, ਯਮਰਾਜ ਜਿਤੇ ਜਿਹ ਨੇ ਜਗ ਮਾਂਹੀ।

੪. ਮਨ ਤੇ ਜਗ ਭੀਤਰਿ ਨਾਹਿ ਰਹੇ, ਅਬ ਔਰ ਰਹੇ ਕਹੁ ਕੋ ਜਗ ਮਾਂਹੀ।। ੧੭।।

**ਪਦ ਅਰਥ :**

ਨੇਮ (ਨੇਮਿ)=ਪਹੀਏ ਦੀ ਪੁਲੀਆਂ ਦਾ ਘੇਰਾ। ਅਰਥਾਤ ਪਹੀਏ। ਜਿਸ ਦੇ ਰੱਥ ਦੇ ਪਹੀਆਂ ਨਾਲ। ਦਰਾਰਨ=ਤ੍ਰੇੜਾਂ, ਦਰਜਾਂ ਨਾਲ। ਤੇ=ਕਰਕੇ, ਨਾਲ। ਸਤ ਸਾਗਰ=ਸੱਤ ਸਮੁੰਦਰ। ਅਬ=ਹੁਣ। ਲੌ=ਤੱਕ। ਜਿਨਿ=ਜਿਸ ਦੇ। ਚਾਪਨ=ਧਨੁੱਖ। ਗੋਸ਼ਨ=ਤੀਰ। ਬਲ=ਜ਼ੋਰ,ਤਾਕਤ। ਤੇ=ਕਰਕੇ,ਨਾਲ। ਸਭ=ਸਾਰੇ। ਧਰੇ=ਧਰ ਦਿੱਤੇ,ਰੱਖ ਦਿੱਤੇ। ਧਰ=ਧਰਤੀ। ਸੁਰ=ਦੇਵਤੇ। ਰਾਜ=ਰਾਜਾ। ਸੁਰਰਾਜ=ਦੇਵਤਿਆਂ ਦਾ ਰਾਜਾ ਇੰਦਰ। ਡਰੈ=ਡਰਦਾ ਹੈ। ਜਿਨ ਕੇ=ਜਿਨ੍ਹਾਂ ਦੀ ਤਾਕਤ ਤੋਂ ਰਾਵਣ, ਮੇਘ ਨਾਦ। ਬਲ ਤੇ=ਤਾਕਤ ਤੋਂ। ਯਮਰਾਜ=ਧਰਮਰਾਜ, ਮੌਤ, ਕਾਲ। ਜਿਤੇ=ਜਿੱਤ ਕੇ। ਜਿਹ=ਜਿਸ। ਮਨ=ਹੇ ਮਨ। ਤੇ=ਉਹ। ਭੀਤਰਿ=ਵਿਚ। ਕਹੁ=ਆਖ। ਕੋ=ਕੌਣ।

**ਅਰਥ :**

੧. ਜਿਸ (ਪ੍ਰਿਆ ਬ੍ਰਿਤ ਰਾਜੇ[1]) ਦੇ ਰੱਥ ਦੇ ਪਹੀਆਂ ਦੀਆਂ ਤਰੇੜਾਂ (ਪੈੜਾਂ) ਕਰਕੇ ਹੁਣ ਤੱਕ ਸੰਸਾਰ ਵਿਚ ਸਤ ਸਮੁੰਦਰ[2] ਹਨ।

---

੧. ਇਕ ਪ੍ਰਿਆਬ੍ਰਿਤ ਚੱਕਰਵਰਤੀ ਰਾਜਾ ਹੋਇਆ ਹੈ, ਉਸ ਨੇ ਸੋਚਿਆ ਮੇਰੇ ਰਾਜ ਵਿਚ ਰਾਤ ਨਾ ਪਵੇ ਪਬਲਿਕ ਸੁਖੀ ਵਸੇ, ਇਸ ਲਈ ਉਸ ਨੇ ਆਪਣੇ ਕਾਰੀਗਰਾਂ ਨੂੰ ਆਖ ਕੇ ਬਾਰਾਂ ਜੋਜਨ ਅਕਾਰ ਦਾ ਇਕ ਮਣੀਆਂ ਦਾ ਰੱਥ ਤਿਆਰ ਕਰਾਇਆ। ਸੂਰਜ ਨੇ ਉਹ ਰੱਥ ਸਾੜ ਦਿੱਤਾ। ਉਸ ਨੇ ਦੂਜਾ ੨੪ ਜੋਜਨ ਦਾ ਬਣਵਾਇਆ, ਉਹ ਵੀ ਸੂਰਜ ਨੇ ਆਪਣੇ ਤੇਜ ਨਾਲ ਭਸਮ ਕਰ ਦਿੱਤਾ। ਤੀਜਾ ਰੱਥ ਉਸ ੪੮ ਜੋਜਨ ਦਾ ਬਣਵਾਇਆ ਉਹ ਵੀ ਸੂਰਜ ਨੇ ਸੁਆਹ ਕਰ ਦਿੱਤਾ। ਇਉਂ ਪ੍ਰਿਆਬ੍ਰਿਤ ਰਾਜੇ ਨੇ ਬਾਰ-ਬਾਰ ਪਹਿਲੇ ਨਾਲੋਂ ਦੂਣੇ ਸੱਤ ਰੱਥ ਬਣਾਏ। ਲੇਕਿਨ ਸੂਰਜ ਨੇ ਸਾੜ ਦਿੱਤੇ। ਜਦੋਂ ਪ੍ਰਿਆਬ੍ਰਿਤ ਨੇ ਅੱਠਵਾਂ ਰੱਥ ਤਿਆਰ ਕਰਵਾਇਆ। ਤਦ ਸੂਰਜ ਨੇ ਪਰਮੇਸ਼ਰ ਅੱਗੇ ਬੇਨਤੀ ਕੀਤੀ। ਸੂਰਜ ਦੀ ਅਰਜ਼ ਸੁਣ ਕੇ ਪਰਮਾਤਮਾ ਨੇ ਪ੍ਰਿਆਬ੍ਰਿਤ ਰਾਜੇ ਨੂੰ ਸਮਝਾਇਆ ਕਿ ਕੁਦਰਤਿ ਦੀ ਬਰਾਬਰੀ ਨਹੀਂ ਕਰਨੀ ਚਾਹੀਦੀ। ਤਦ ਰਾਜਾ ਕੁਦਰਤੀ-ਸ਼ਕਤੀ ਮੰਨ ਕੇ ਪਿਛਾਂਹ ਹਟ ਗਿਆ।

ਸਾਰੀ ਗੱਲ-ਬਾਤ ਦਾ ਸਾਰ ਇਹ ਹੈ ਕਿ ਐਡੇ-ਐਡੇ ਤਾਕਤ-ਵਰ (ਬਲਵਾਨ) ਰਾਜੇ ਵੀ ਨਾ ਰਹੇ ਹੋਰ ਕਿਸ ਦੀ ਗੱਲ ਆਖਣੀ ਹੈ।

ਰਾਵਣ ਤੇ ਮੇਘਨਾਦ ਨੇ ਇੰਦਰ ਨੂੰ ਜਿੱਤ ਕੇ ਲੰਕਾ ਵਿਚ ਲਿਆ ਕੈਦ ਕਰ ਲਿਆ ਤੇ ਮਾਲੀ ਦਾ ਕੰਮ ਉਸ ਤੋਂ ਲਿਆ ਜੋ ਰੋਜ਼ਾਨਾ ਫੁੱਲ ਤੋੜ ਕੇ ਲਿਆਂਦਾ ਤੇ ਰਾਵਣ ਤੇ ਦਰਬਾਰ ਵਿਚ ਪੇਸ਼ ਕਰਦਾ ਸੀ।

ਮੌਤ ਦਾ ਫਰਿਸ਼ਤਾ ਯਮਰਾਜ ਰਾਵਣ ਤੋਂ ਡਰਦਾ ਸੀ, ਇਸੇ ਲਈ ਰਾਵਣ ਨੇ ਉਸ ਨੂੰ ਪਾਵੇ ਨਾਲ ਬੰਨ੍ਹ ਰੱਖਿਆ।

ਭਾਵ ਰਾਵਣ ਵਰਗੇ ਬਲੀ ਜਿਨ੍ਹਾਂ ਦੇਵਤਿਆਂ ਨੂੰ ਵੀ ਕੈਦ ਕਰ ਰੱਖਿਆ ਸੀ ਉਹ ਵੀ ਇਸ ਨਾਸ਼ਵਾਨ ਜਗਤ ਵਿਚ ਨਾ ਰਹੇ। ਐ ਮਨ! ਤੂੰ ਕਿਹਦੇ ਪਾਣੀਹਾਰ ਹੈਂ।

੨. ਪੁਰਾਣਾਂ ਵਿਚ ਸੱਤ ਸਾਗਰ ਇਹ ਲਿਖੇ ਹਨ :

ਦੁੱਧ ਦਾ, ਦਹੀਂ ਦਾ, ਘੀ ਦਾ, ਇੱਖ (ਗੰਨੇ ਦੇ) ਰਸ ਦਾ, ਸ਼ਹਿਦ ਦਾ, ਮਿੱਠੇ ਪਾਣੀ ਦਾ ਅਤੇ ਇਹ ਭੀ ਦੱਸਿਆ ਹੈ ਕਿ ਇਹ ਇੱਕ-ਇੱਕ ਦੀਪ ਨੂੰ ਘੇਰੇ ਹੋਏ ਹਨ।

Sri Satguru Jagjit Singh Ji eLibrary NamdhariElibrary@gmail.com

੨. ਜਿਸ (ਪ੍ਰਿਥੁ ਰਾਜੇ[1]) ਨੇ ਧਨੁੱਖ ਦੇ ਤੇ ਗੋਸ਼ੇ (ਚਿੱਲੇ) ਜ਼ੋਰ ਨਾਲ ਸਾਰੇ ਪਰਬਤ ਇਕੱਠੇ ਕਰਕੇ ਧਰਤੀ 'ਤੇ ਰੱਖ ਦਿੱਤੇ।

੩. (ਫੇਰ) ਜਿਸ ਮੇਘ ਨਾਦ ਦੀ ਤਾਕਤ ਤੋਂ ਇੰਦਰ ਡਰਦਾ ਹੈ ਤੇ ਧਰਮ ਰਾਜ ਨੂੰ ਜਿਸ ਰਾਵਣ ਨੇ ਜਗਤ ਵਿੱਚ ਜਿੱਤ ਲਿਆ ਹੈ।

੪. ਐ ਮਨ! (ਪ੍ਰਿਆਬ੍ਰਤ, ਪ੍ਰਿਥੁਰਾਜਾ, ਮੇਘਨਾਦ, ਰਾਵਣ ਵਰਗੇ ਰਾਜੇ) ਬਲਵਾਨ ਯੋਧੇ ਜਗਤ ਵਿਚ ਨਾ ਰਹੇ ਹੁਣ ਦੱਸ,ਹੋਰ ਕੌਣ ਦੁਨੀਆਂ ਵਿਚ ਰਹਿ ਸਕਦਾ ਹੈ।੧੭।

ਸ੍ਵੈਯਾ।।

**੧. ਦਸ ਚਾਰ ਸੁ ਭੌਨ ਰਚੇ ਜਿਨ ਕੇ;ਇਕ ਆਹਿ ਬਲੀ ਭਵਮੰਡਲ ਮਾਂਹੀ।**
**੨. ਜਿਨ ਕੇ ਦਸ ਚਾਰ ਸੁ ਭੌਨ ਬਲੀ;ਇਕ ਤਜਾਗ ਗਏ ਤ੍ਰਿਣ ਜਜੋਂ ਧਰ ਮਾਂਹੀ।**
**੩. ਦਸ ਚਾਰ ਸੁ ਭੌਨ ਕੁ ਭੋਗਤ ਹੈ;ਇਕ ਏਕਹਿ ਰਾਜ ਕਰੇ ਜਗ ਮਾਂਹੀ।**
**੪. ਦਸ ਬੀਸਕ ਗ੍ਰਾਮ ਕੁ ਰਾਜ ਲਹੇ,ਨਰ ਕਜੋਂ ਗਰਬੈ ਅਪਨੇ ਉਰ ਮਾਂਹੀ।। ੧੮।।**

**ਪਦ ਅਰਥ :**

ਦਸਚਾਰ=੧੪। ਭੌਨ=ਭਵਨ, ਲੋਕ। ਰਚੇ=ਬਣਾਏ। ਆਹਿ=ਹੈ। ਬਲੀ=ਬਲਵਾਨ, ਤਾਕਤਵਰ। ਭਵਮੰਡਲ=ਸੰਸਾਰ। ਮਾਹੀ=ਵਿਚ। ਜਿਨ ਕੇ=ਜਿੱਤ ਕੇ। ਤ੍ਰਿਣ=ਘਾਹ, ਕੱਖ, ਤੀਲ੍ਹਾ। ਜਜੋਂ=ਜਿਵੇਂ, ਵਾਂਗ। ਧਰ=ਧਰਤੀ। ਕੁ=ਨੂੰ। ਸੁ=ਉਹ। ਭੋਗਤ=ਭੋਗਦਾ, ਮਾਣਦਾ, ਖਾਂਦਾ। ਇਕ-ਏਕਹਿ=ਇਕੱਲਾ। ਰਾਜ=ਹੁਕਮ, ਹਕੂਮਤ। ਦਸਬੀਸ=੧੦+੨੦ ਮੁਹਾਵਰਾ ਹੈ ਦਸਾਂ ਵੀਹਾਂ। ਗ੍ਰਾਮ=ਪਿੰਡ। ਕਜੋਂ=ਕਿਸ ਵਾਸਤੇ। ਗਰਬੈ=ਹੰਕਾਰ ਕਰਦਾ ਹੈਂ। ਉਰ=ਦਿਲ, ਹਿਰਦਾ।

**ਅਰਥ :**

੧. ਇਕ ਅਜਿਹੇ ਬਲਵਾਨ ਦੱਖ ਪ੍ਰਜਾਪਤਿ ਵਰਗੇ ਰਾਜੇ ਦੁਨੀਆਂ ਵਿਚ ਹੋਏ ਹਨ ਜਿਨ੍ਹਾਂ ਚੌਦਾਂ ਲੋਕਾਂ ਵਿਚ ਕਈ ਤਰ੍ਹਾਂ ਦੀਆਂ ਬਣਾਵਟਾਂ ਕੀਤੀਆਂ। ਸ਼ਹਿਰ ਵਸਾ ਦਿੱਤੇ, ਮੁਲਖ ਬਣਾ ਲਏ, ਕਰਣ ਵਰਗੇ ਦਾਨੀ ਹੋਏ।

੨. ਫੇਰ ਬਿਕ੍ਰਮਾ ਜੀਤ ਜਿਹੇ ਅਜਿੱਤ ਰਾਜੇ ਤਾਕਤਵਰ ਹੋਏ, ਦੁਨੀਆਂ ਵਿਚ ਜਿਨ੍ਹਾਂ ੧੪ ਲੋਕਾਂ ਨੂੰ ਜਿੱਤ ਕੇ ਫੇਰ ਇਸ ਸਭ ਕੁਝ ਨੂੰ ਇਕ ਤੀਲ੍ਹੇ ਵਰਗੇ ਨਿਕੰਮੇ ਜਾਣ ਕੇ ਛੱਡ ਦਿੱਤਾ। ਭਾਵ ਸਭ ਕੁਝ ਇਸ ਧਰਤੀ 'ਤੇ ਹੀ ਛੱਡ ਗਏ।

੩. ਚੌਦਾਂ ਲੋਕਾਂ ਦਾ ਰਾਜ-ਭਾਗ ਭੋਗਦੇ ਹੋਏ ਜੋ ਇਕੱਲੇ ਹੀ ਹਕੂਮਤ ਕਰਦੇ ਸਨ ਪਰਸ-ਰਾਮ ਜਿਹੇ ਜੋਧੇ ਜਿਨ੍ਹਾਂ ਇੱਕੀ ਵਾਰ ਬ੍ਰਾਹਮਣਾਂ ਨੂੰ ਰਾਜ ਲੈ ਕੇ ਦਿੱਤਾ।

੪. ਪਰ ਅਫਸੋਸ ਐ ਮਨੁੱਖ! ਤੇਰੇ ਉਤੇ ਕਿ ਤੂੰ ਦਸਾਂ ਵੀਹਾਂ ਪਿੰਡਾਂ ਦਾ ਰਾਜ ਲੈ ਕੇ ਦਿਲ ਵਿਚ ਐਡਾ ਮਾਣ ਕਿਉਂ ਕਰਦਾ ਹੈਂ।੧੮।

---

੧. ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਰਿਖੀਆਂ ਨੇ ਵੇਣੁ ਨੂੰ ਪ੍ਰਿਥਵੀ ਦਾ ਰਾਜਾ ਬਣਾਇਆ, ਪਰ ਉਹ ਵੱਡਾ ਅਧਰਮੀ ਸੀ, ਉਸ ਨੇ ਪੂਜਾ ਹਵਨ ਆਦਿਕ ਬੰਦ ਕਰ ਦਿੱਤੇ, ਧਰਮ ਦੀ ਹਾਨੀ ਹੁੰਦੀ ਦੇਖ ਕੇ ਪਵਿੱਤ੍ਰ ਰਿਖੀਆਂ ਨੇ ਕੁਸ਼ਾ ਦੇ ਤੀਲ੍ਹੇ ਮਾਰ-ਮਾਰ ਕੇ ਵੇਣ ਰਾਜੇ ਨੂੰ ਮਾਰ ਦਿੱਤਾ। ਜਦ ਕੋਈ ਰਾਜਾ ਨਾ ਰਿਹਾ, ਤਾਂ ਲੁੱਟ-ਮਾਰ ਹੋਣ ਲੱਗੀ। ਇਸ ਪੁਰ ਰਿਖੀਆਂ ਨੇ ਏਕਤ੍ਰ ਹੋ ਕੇ ਮੋਏ ਹੋਏ ਰਾਜੇ ਦਾ ਪੱਟ ਮਲਣਾ ਆਰੰਭ ਕੀਤਾ ਤਾਂ ਉਸ ਵਿਚੋਂ ਇੱਕ ਛੋਟੇ ਜਿਹੇ ਆਕਾਰ ਦਾ ਆਦਮੀ ਨਿਕਲਿਆ, ਜਿਸ ਦਾ ਮੂੰਹ ਚੌੜਾ, ਰੰਗ ਕਾਲਾ ਅਤੇ ਸ਼ਕਲ ਭਿਆਨਕ ਸੀ, ਜਿਸ ਤੋਂ ਨਿਸ਼ਾਦ ਜਾਤਿ ਪ੍ਰਗਟ ਹੋਈ। ਫੇਰ ਰਿਖੀਆਂ ਨੇ ਉਸ ਦਾ ਸੱਜਾ ਪੱਟ ਮਲਣਾ ਆਰੰਭ ਕੀਤਾ, ਤਾਂ ਉਸ ਵਿਚੋਂ ਪ੍ਰਿਥੁ ਜਨਮਿਆ, ਇਹ ਬਾਲਕ ਅਗਨਿ ਸਮਾਨ ਚਮਕਦਾ ਸੀ। ਇਸ ਦੇ ਉਤਪੰਨ ਹੋਣ ਨਾਲ ਸਭ ਪ੍ਰਸੰਨ ਹੋਏ ਅਤੇ ਵੇਣ ਨਰਕ ਵਿਚੋਂ ਨਿਕਲ ਕੇ ਸੁਰਗ ਵਿੱਚ ਜਾ ਪੁੱਜਾ। ਜਦ ਪ੍ਰਿਥੁ ਨੇ ਸਾਰਾ ਰਾਜਾ-ਭਾਗ ਸਾਂਭ ਲਿਆ, ਤਾਂ ਵੇਖਿਆ ਕਿ ਪ੍ਰਿਥਵੀ ਜੰਗਲਾਂ ਅਤੇ ਪਹਾੜਾਂ ਨਾਲ ਭਰੀ ਪਈ ਹੈ, ਇਸ ਨੇ ਜੰਗਲ ਸਾਫ ਕੀਤੇ ਅਤੇ ਕਮਾਣ ਨਾਲ ਪਰਬਤਾਂ ਨੂੰ ਧਕੇਲ ਕੇ ਕਿਨਾਰੇ ਕੀਤਾ, ਜਿਸ ਤੋਂ ਜ਼ਮੀਨ ਖੇਤੀ ਲਈ ਸਾਫ ਹੋਈ। (ਦੇਖੋ ਮਹਾਨ ਕੋਸ਼ ਪੰਨਾ ੮੦੫)

ਮਾਨੋ ਮਹਾ ਪ੍ਰਿਥੁ ਲੈ ਕੇ ਕਮਾਨ ਸੁ ਭੂਧਰ ਭੂਮਿ ਤੇ ਨਜਾਰੇ ਕਰੇ ਹੈਂ।। (ਚੰਡੀ ਵਾਰ ੧)

ਅਜਿਹੇ ਬਲਵਾਨ ਪ੍ਰਿਥੁ ਰਾਜੇ ਤੋਂ ਡਰਦਾ ਮੈਨਾਕ ਨਾਮੇ ਪਰਬਤ ਅੱਜ ਤੱਕ ਸਮੁੰਦਰ ਵਿਚ ਲੁਕਿਆ ਬੈਠਾ ਹੈ।

ਭਾਵ ਮਨੁੱਖ ਨੂੰ ਸਮਝਾਂਦੇ ਹਨ ਕਿ ਐ ਮਨੁੱਖ ਐਡੇ-ਐਡੇ ਬਲਵਾਨ, ਜੋਧੇ ਰਾਜੇ ਹੋ ਕੇ ਵੀ ਸਭ ਕੁਝ ਇਥੇ ਹੀ ਛੱਡ ਕੇ ਚਲੇ ਗਏ ਕੁਝ ਵੀ ਨਾਲ ਨਹੀਂ ਗਿਆ। ਤੂੰ ਥੋੜ੍ਹੀ ਜਿਹੀ ਤਾਕਤ ਲੈ ਕੇ ਪਬਲਿਕ 'ਤੇ ਕਿਉਂ ਜ਼ੁਲਮ ਕਰ ਰਿਹਾ ਹੈਂ। ਗੁਰੂ ਫਰਮਾਨ ਹੈ : ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ॥ (ਸਾਰੰਗ ਕਬੀਰ, ਪੰਨਾ ੧੨੫੧)

### ਦੋਹਰਾ॥

**੧. ਰੇ ਮਨ ਚੰਚਲ ਤੂੰ ਸਦਾ, ਭਜਜੋ ਨ ਹਰਿ ਕੋ ਨਾਮ।**
**੨. ਰਹਜੋ ਵਿਸ਼ੇ ਲਪਟੰਤ ਹੀ, ਜੈ ਹੈਂ ਜਮ ਕੇ ਧਾਮ ॥੧੯॥**

**ਪਦ ਅਰਥ :**

ਰੇ=ਹੇ। ਚੰਚਲ=ਸ਼ੈਤਾਨ। ਭਜਜੋ=ਯਾਦ ਨਾ ਕੀਤਾ। ਕੋ=ਦਾ। ਵਿਸ਼ੇ=ਵਿਕਾਰ। ਲਪਟੰਤ=ਡੁੱਬਿਆ ਹੋਇਆ। ਜੈ ਹੈਂ= ਜਾਵੇਂਗਾ। ਜਮ=ਯਮਰਾਜ। ਕੇ=ਦੇ। ਧਾਮ=ਘਰ।

**ਅਰਥ :**

੧. ਹੇ ਮਨ! ਤੂੰ ਹਮੇਸ਼ਾਂ ਸ਼ੈਤਾਨ ਬਣਿਆ ਰਿਹੋਂ ਪਰਮਾਤਮਾ ਦੇ ਨਾਮ ਨੂੰ ਕਦੇ ਵੀ ਯਾਦ ਨਾ ਕੀਤਾ।
੨. ਸਦਾ ਵਿਸ਼ਿਆਂ ਵਿਚ ਡੁੱਬਾ ਰਿਹੋਂ ਇਸ ਕਰਕੇ (ਅਵੱਸ਼) ਤੂੰ ਯਮ ਦੇ ਘਰ ਜਾਵੇਂਗਾ।੧੯।

### ਸ੍ਵੈਯਾ॥

**੧. ਧਨ ਈਸ ਦਯੋ ਜਗ ਭੀਤਰਿ ਜੋ, ਬਿਨ ਬੁੱਧਿ ਗਏ ਨ ਕਛੂ ਫਲ ਪਾਏ।**
**੨. ਸ਼ੁਭ ਸੰਤਨ ਕੀ ਨਹਿ ਸੇਵ ਕਰੀ, ਅਰੁ ਬਿਪ੍ਰਨ ਤੇ ਨਹਿ ਯੱਗ ਕਰਾਏ।**
**੩. ਨਹਿ ਕੂਪ ਖਨੇ ਜਲ ਹੇਤ ਕਬੀ, ਧਰ ਭੀਤਰਿ ਨ ਜਲ ਤਾਲ ਬਨਾਏ।**
**੪. ਬਲ ਹੀਨਨ ਕੋ ਦੁਖ ਦਾਨ ਦਏ, ਨਹਿ ਦੀਨਨ ਕੇ ਦੁਖ ਦੂਰਿ ਮਿਟਾਏ॥੨੦॥**

**ਪਦ ਅਰਥ :**

ਈਸ=ਈਸ਼੍ਵਰ, ਪਰਮਾਤਮਾ। ਦਯੋ=ਦਿੱਤਾ। ਭੀਤਰਿ=ਵਿਚ। ਬੁੱਧਿ=ਅਕਲ। ਨਕਛੂ ਫਲ ਪਾਏ=ਕੁਝ ਵੀ ਫਾਇਦਾ ਨਾ ਲਿਆ। ਸੁਭ=ਚੰਗੇ। ਸੰਤਨ=ਪਵਿੱਤਰ ਆਤਮਾ ਭਾਵ ਚੰਗੇ ਜੀਵਨ ਵਾਲੇ। ਕਰੀ=ਕੀਤੀ। ਅਰੁ=ਅਤੇ। ਬਿਪ੍ਰਨ=ਬ੍ਰਾਹਮਣ। ਯੱਗ=ਹਵਨ, ਪੂਜਾ। ਕੂਪ=ਖੂਹ। ਖਨੇ=ਪੁੱਟੇ। ਹੇਤ=ਵਾਸਤੇ। ਕਬੀ=ਕਦੇ ਵੀ। ਭੀਤਰਿ=ਵਿਚ। ਤਾਲ=ਤਲਾਅ। ਬਲ=ਤਾਕਤ। ਹੀਨਨ=ਬਿਨਾਂ। ਬਲਹੀਨਨ=ਕਮਜ਼ੋਰਾਂ, ਗਰੀਬਾਂ। ਦਾਨ=ਡੰਨ। ਦੀਨਨ=ਗਰੀਬਾਂ।

**ਅਰਥ :**

੧. ਪਰਮਾਤਮਾ ਨੇ ਜੋ ਇਸ ਦੁਨੀਆਂ ਵਿਚ ਦੌਲਤ ਬਖਸ਼ੀ (ਉਸ ਦੀ ਵਰਤੋਂ ਠੀਕ ਨਾ ਕਰਨ ਕਰਕੇ, ਧਰਮ ਅਰਥ ਨਾ ਦਿੱਤਾ, ਸਮਝ ਤੋਂ ਬਿਨਾਂ, ਅਕਲ ਤੋਂ ਬਿਨਾਂ ਉਸ ਤੋਂ ਕੋਈ ਲਾਭ ਨਾ ਲਿਆ।

੨. ਉੱਚ ਜੀਵਨ ਵਾਲੇ ਕਰਨੀ-ਕਥਨੀ, ਰਹਿਣੀ-ਬਹਿਣੀ ਵਾਲੇ ਮਹਾਂਪੁਰਸ਼ਾਂ ਦੀ ਸੇਵਾ ਵੀ ਨਾ ਕੀਤੀ, ਅਤੇ ਬ੍ਰਾਹਮਣਾਂ ਤੋਂ ਯੱਗ ਹਵਨ ਵਗੈਰਾ ਵੀ ਨਾ ਕਰਵਾਇਆ।

੩. ਨਾ ਖੂਹ ਪੁੱਟੇ (ਰਾਹੀਆਂ-ਮੁਸਾਫਰਾਂ ਦੇ) ਪਾਣੀ ਪੀਣ ਵਾਸਤੇ, ਨਾ ਪਸ਼ੂ ਪੰਛੀਆਂ ਲਈ ਕੋਈ ਤਲਾਬ ਹੀ ਧਰਤੀ 'ਤੇ ਬਣਵਾਇਆ।

੪. ਗਰੀਬਾਂ, ਕਮਜ਼ੋਰਾਂ ਨੂੰ (ਹਕੂਮਤ, ਧਨ-ਦੌਲਤ ਦੇ ਨਸ਼ੇ ਵਿਚ) ਡੰਨ (ਦੁੱਖ) ਦਿੱਤੇ, ਕੋਈ ਦਾਨ ਨਾ ਦਿੱਤਾ, ਸਹਾਇਤਾ ਨਾ ਕੀਤੀ, ਨਾ ਮਜ਼ਲੂਮਾਂ ਦੇ ਦੁੱਖ ਦੂਰ ਕੀਤੇ।੨੦।

**ਭਾਵ :**

ਪਿਛਲੇ ਚੰਗੇ ਕਰਮਾਂ ਕਰਕੇ ਪਰਮਾਤਮਾ ਨੇ ਇਸ ਜੀਵ ਨੂੰ ਬੇ-ਸ਼ੁਮਾਰ ਦੌਲਤ ਦੇ ਦਿਤੀ ਪਰ ਇਸ ਅਕਲ ਹੀਣ ਮਨੁੱਖ ਨੇ ਉਸ ਧਨ ਨੂੰ ਕਿਸੇ ਚੰਗੇ ਪਾਸੇ ਨਾ ਖਰਚ ਕੀਤਾ। ਚੰਗੇ ਕੰਮ ਇਹ ਸਨ ਭਜਨ-ਬੰਦਗੀ ਵਾਲੇ ਮਹਾਤਮਾ ਦੀ ਸੇਵਾ, ਧਾਰਮਿਕ ਨਜ਼ਰੀਆ

ਰੱਖਣ ਵਾਲੀ ਬ੍ਰਾਹਮਣ ਸ਼੍ਰੇਣੀ ਤੋਂ ਯੱਗ-ਹਵਨ ਆਦਿ ਕਰਵਾਉਣਾ। ਰਾਹੀ-ਮੁਸਾਫਰਾਂ ਦੀ ਸਹੂਲਤ ਲਈ ਪਾਣੀ ਦਾ ਯੋਗ ਪ੍ਰਬੰਧ ਕਰਦਿਆਂ ਖੂਹ-ਨਲਕੇ ਆਦਿ ਲਵਾਉਣੇ, ਪਸ਼ੂਆਂ ਪੰਛੀਆਂ ਲਈ ਜ਼ਮੀਨ 'ਤੇ ਤਲਾਅ ਲਗਵਾਉਣੇ। ਗਰੀਬਾਂ ਲੋੜਵੰਦਾਂ, ਕਮਜ਼ੋਰਾਂ ਦੇ ਬੱਚੇ-ਬੱਚੀਆਂ ਦੇ ਮਾਲੀ ਮੱਦਦ ਦੇ ਕੇ ਵਿਵਾਹ ਕਰਾਉਣੇ। ਭੁੱਖੇ ਨੂੰ ਰੋਟੀ, ਨੰਗੇ ਨੂੰ ਕਪੜਾ, ਬੀਮਾਰ ਦਾ ਇਲਾਜ ਕਰਵਾਉਣਾ ਆਦਿ। ਹਰ ਸੰਭਵ ਮਦਦ ਦੇਣੀ ਨੇਕ ਕਰਮ ਸਨ, ਨਾ ਕੀਤੇ। ਬੱਸ ਸ਼ਰਾਬ-ਕਬਾਬ-ਸ਼ਬਾਬ ਵਿਚ ਹੀ ਦੌਲਤ ਲੁਟਾ ਦਿੱਤੀ।

**ਸ੍ਵੈਯਾ॥**

**੧. ਅਪਨੇ ਹਿਤ ਤਜਾਗ ਕਰੇ·ਪਰ ਕੋ ਹਿਤ·ਤੇ ਨਰ ਉਤਮ ਹੈਂ ਜਗ ਮਾਂਹੀ।**
**੨. ਅਪਨੇ ਹਿਤ ਸੰਗ·ਕਰੇ ਪਰ ਕੋ ਨਰ·ਆਹਿ ਸਮਾਨ ਵਹੀ ਭਵ ਮਾਂਹੀ।**
**੩. ਅਪਨੇ ਹਿਤ·ਨਾਸ ਕਰੇ ਪਰ ਕੋ ਹਿਤ·ਰਾਕਸ ਹੈਂ ਨਰ ਤੇ ਜਗ ਮਾਂਹੀ।**
**੪. ਬਿਨ ਹੀ ਅਪਨੇ ਹਿਤ·ਨਾਸ ਕਰੇ ਪਰ ਕੋ ਹਿਤ·ਤੇ ਕਰ ਨਰ ਕਹਾਂਹੀ॥੨੧॥**

**ਪਦ ਅਰਥ :**

ਹਿਤ=ਭਲਾ, ਸੁਖ। ਤੇ=ਉਹ। ਉਤਮ=ਸ੍ਰੇਸ਼ਟ। ਪਰ=ਪਰਾਏ। ਕੋ=ਦੇ। ਹਿਤ=ਸੁਖ, ਵਾਸਤੇ। ਸੰਗ=ਨਾਲ। ਆਹਿ=ਹੈ। ਸਮਾਨ=ਬਰਾਬਰ। ਵਹੀ=ਉਹੀ। ਭਵ=ਸੰਸਾਰ। ਹੈਂ=ਹਨ। ਰਾਕਸ਼=ਦੈਂਤ। ਕੌਨ=ਕੀ, ਕਿਹੜੇ। ਕਹਾਂਹੀ=ਕਹਾਉਣ। ਤੇ=ਉਹ। ਨਾਸ=ਖਤਮ।

**ਅਰਥ :**

੧. (ਦੁਨੀਆਂ ਵਿਚ ਚਾਰ ਤਰ੍ਹਾਂ ਦੇ ਲੋਕ ਹਨ ਇਕ ਉਹ ਹਨ ਜੋ) ਆਪਣੇ ਸੁੱਖਾਂ ਨੂੰ, ਪਰਾਏ ਦੇ ਸੁਖਾਂ ਵਾਸਤੇ, ਜੋ ਛੱਡ ਦਿੰਦੇ ਹਨ, ਉਹ ਮਨੁੱਖ ਸੰਸਾਰ ਵਿਚ ਸਰਬ-ਸ੍ਰੇਸ਼ਟ ਗਿਣੇ ਜਾਂਦੇ ਹਨ।

੨. ਦੂਜੇ, ਆਪਣੇ ਸੁਖ ਦੇ ਨਾਲ-ਨਾਲ ਦੂਜੇ ਦਾ ਵੀ ਭਲਾ ਕਰ ਦਿੰਦੇ ਹਨ ਭਾਵ ਦੂਸਰੇ ਦੇ ਕੰਮ ਸਵਾਰਦਿਆਂ ਆਪਣੇ ਭਲੇ ਦੀ ਆਸ ਰੱਖਣੀ ਇਹੋ ਜਿਹੀ ਵਿਚਾਰਧਾਰਾ ਵਾਲੇ ਮਨੁੱਖ ਨਾ ਤਾਂ ਉਤਮ ਹਨ ਨਾ ਨੀਵੇਂ। ਨਾ ਬਹੁਤ ਚੰਗੇ ਹੀ ਕਹੇ ਜਾਂਦੇ ਹਨ ਨਾ ਮਾੜੇ। ਬਰਾਬਰ ਜਿਹੇ ਹੀ ਸਮਝੋ।

੩. (ਤੀਜੇ ਉਹ ਹਨ, ਜੋ) ਕੇਵਲ ਤੇ ਕੇਵਲ ਆਪਣੇ ਸੁਖ ਲਈ ਦੂਸਰੇ ਦੇ ਸੁਖ ਅਰਾਮ ਨੂੰ ਤਬਾਹ ਕਰ ਦਿੰਦੇ ਹਨ ਇਹੋ ਜਿਹੇ ਮਨੁੱਖ ਰਾਖਸ਼ਸ਼ ਆਖੇ ਜਾਂਦੇ ਹਨ।

੪. (ਚੌਥੇ ਅਜਿਹੇ ਨੀਚ ਪੁਰਸ਼ ਹਨ, ਜੋ) ਬਿਨਾਂ ਕਿਸੇ ਆਪਣੇ ਭਲੇ ਦੇ (ਮਤਲਬ ਦੇ) ਦੂਜੇ ਦੇ ਸੁਖਾਂ ਨੂੰ ਨਾਸ ਕਰ ਦੇਂਦੇ ਹਨ ਉਹਨਾਂ ਪੁਰਸ਼ਾਂ ਨੂੰ ਕੀ ਆਖੀਏ। ਅਰਥਾਤ ਉਹ ਤੇ ਬਦ-ਆਤਮਾਵਾਂ (ਪ੍ਰੇਤ ਆਤਮਾਵਾਂ) ਨਾਲੋਂ ਵੀ ਭੈੜੇ ਹਨ।

**ਸ੍ਵੈਯਾ॥**

**੧. ਧਨ ਪਾਵਨ ਕੋ ਜਿ ਜਹਾਜ ਸਜੇ·ਬਿਨ ਭਾਗਨ ਤੇ ਜਲ ਸਿੰਧੁ ਡੁਬਾਈ।**
**੨. ਸੁ ਖਨੇ ਬਹੁ ਬਾਰਨ ਭੂਮਿ ਘਨੀ·ਧਰ ਤੇ ਨਹ ਏਕ ਵਿਰਾਟਕ ਪਾਈ।**
**੩. ਨ੍ਰਿਪ ਕੀ ਧਰਿ ਆਯੁਧ ਸੇਵ ਕਰੇ·ਭਿਰ ਸੰਘਰ ਮਾਂਹਿ ਸੁ ਅੰਗ ਤੁੜਾਈ।**
**੪. ਬਿਧ ਲੋਕਹਿ ਲੌਂ ਜਬ ਦੌਰ ਫਿਰੇ·ਫਲ ਪਾਵਤ ਨਾ ਬਿਨ ਭਾਗ ਸਹਾਈ॥੨੨॥**

**ਪਦ ਅਰਥ :**

ਪਾਵਨ=ਪ੍ਰਾਪਤ ਕਰਨ ਲਈ। ਕੋ=ਨੂੰ, ਲਈ। ਜਹਾਜ=ਸਮੁੰਦਰੀ ਬੇੜੇ। ਸਜੇ=ਬਣਾਏ। ਭਾਗਨ=ਭਾਗਾਂ, ਕਰਮਾਂ। ਤੇ=ਤੋਂ। ਜਲ ਸਿੰਧੁ=ਪਾਣੀ ਦਾ ਸਮੁੰਦਰ। ਡੁਬਾਈ=ਡੁੱਬ ਗਏ। ਖਨੇ=ਪੁੱਟੇ। ਬਹੁ=ਬਹੁਤੇ। ਬਾਰਨ=ਵਾਰੀ। ਭੂਮਿ=ਧਰਤੀ। ਘਨੀ=ਬਹੁਤੀ। ਧਰ=ਧਰਤੀ। ਤੇ=ਤੋਂ। ਵਿਰਾਟਕ=ਕੌਡੀ। ਧਰਿ=ਧਾਰੇ। ਆਯੁਧ=ਸ਼ਸਤ੍ਰ, ਹਥਿਆਰ। ਸੇਵ=ਸੇਵਾ। ਭਿਰ=ਭਿੜ ਕੇ, ਜੁੱਧ ਕਰਕੇ, ਜੰਗ ਕਰਕੇ। ਸੰਘਰ=ਜੰਗ। ਮਾਂਹਿ=ਵਿਚ। ਤੁੜਾਈ=ਤੋੜ ਲਏ। ਬਿਧ=ਬ੍ਰਹਮਾ। ਲੋਕਹਿ=ਲੋਕ। ਲੌਂ=ਤੱਕ। ਦੌਰ ਫਿਰੇ=ਦੌੜਾ ਫਿਰੇ। ਸਹਾਈ=ਸਹਾਇਕ।

**ਅਰਥ :**

੧. ਦੌਲਤ ਪ੍ਰਾਪਤ ਕਰਨ ਲਈ ਜਿਹੜੇ ਬਹਿਰੀ ਜਹਾਜ਼ ਬਣਾਏ ਉਹ ਕਰਮਾਂ ਤੋਂ ਬਿਨਾਂ ਉਸੇ ਸਮੁੰਦਰ ਦੇ ਪਾਣੀ ਵਿਚ ਡੁੱਬ ਗਏ।

੨. ਫੇਰ ਬਹੁਤ ਵਾਰੀ ਧਰਤੀ ਨੂੰ ਪੁੱਟਿਆ ਪਰ ਉਸ ਪੁੱਟੀ ਧਰਤੀ ਵਿਚੋਂ ਇਕ ਕੌਡੀ ਵੀ ਨਾ ਪ੍ਰਾਪਤ ਹੋਈ।

੩. ਹਥਿਆਰ-ਬੰਦ ਹੋ ਕੇ ਰਾਜੇ ਦੀ ਸੇਵਾ ਕੀਤੀ, ਜੰਗ ਵਿਚ ਲੜਕੇ ਆਪਣੇ ਸਰੀਰ ਦੇ (ਸਾਰੇ) ਅੰਗ ਵੀ ਤੁੜਾ ਲਏ, ਕਟਾ ਲਏ।

੪. (ਇਸ ਲੋਕ ਤੋਂ ਲੈ ਕੇ) ਬ੍ਰਹਮ ਲੋਕ ਤਾਈਂ (ਜੇਕਰ ਕੋਈ) ਦੌੜਦਾ ਵੀ ਫਿਰੇ ਪਰ ਕਰਮਾਂ ਦੇ ਸਹਾਇਕ ਹੋਏ ਬਿਨਾਂ (ਆਦਮੀ ਨੂੰ ਕਿਸੇ ਵੀ) ਫਲ ਦੀ ਪ੍ਰਾਪਤੀ ਨਹੀਂ ਹੁੰਦੀ।੨੨।

**ਦੋਹਰਾ।।**

**੧. ਬਿਨਾ ਭਾਗ ਜਗ ਸੁਖ ਕਹਾਂ, ਮੋਖ ਕਹਾਂ ਨਰ ਹੋਇ।**
**੨. ਭੋਗ ਮੋਖ ਨਰ ਜੋ ਚਹੈ, ਪੁੰਨ ਕਮਾਵੇ ਸੋਇ ।। ੨੩।।**

**ਪਦ ਅਰਥ :**

ਭਾਗ=ਮੱਥੇ ਦੇ ਲੇਖ, ਕਰਮ। ਕਹਾਂ=ਕਿਥੇ। ਮੋਖ=ਮੁਕਤੀ। ਭੋਗ=ਪਦਾਰਥ। ਨਰ=ਮਨੁੱਖ। ਜੋ=ਜਿਹੜਾ। ਚਹੈ=ਚਾਹੁੰਦਾ, ਲੋਚਦਾ। ਪੁੰਨ=ਚੰਗੇ ਕੰਮ। ਕਮਾਵੇ=ਕਮਾਏ। ਸੋਇ=ਉਹ।

**ਅਰਥ :**

੧. ਭਾਗਾਂ ਤੋਂ ਬਿਨਾਂ ਸੰਸਾਰ ਅੰਦਰ ਸੁਖ ਕਿਥੇ ਹਨ, ਤੇ ਮਨੁੱਖ (ਮਾਇਆ ਦੀ ਮਮਤਾ ਦੇ ਬੰਧਨਾਂ ਤੋਂ) ਮੁਕਤ ਕਿਵੇਂ ਹੋ ਸਕਦਾ ਹੈ ?

੨. ਦੁਨੀਆਂ ਦੇ ਪਦਾਰਥ ਅਤੇ ਮੁਕਤੀ ਜੋ ਮਨੁੱਖ ਚਾਹੁੰਦਾ ਹੈ, ਉਹ ਸ੍ਰੇਸ਼ਟ ਕਰਮ ਕਰੇ, ਚੰਗੇ ਕੰਮ ਕਰੇ।੨੩।

**ਸ੍ਵੈਯਾ।।**

**੧. ਘਰ ਭੀਤਰਿ ਹੇਮ ਭੰਡਾਰ ਭਰੇ, ਮੁਕਤਾ ਫਲ ਕੀ ਗਜ ਪੀਠ ਅੰਬਾਰੀ।**
**੨. ਜਸ ਚੰਦ ਕੀਯੋ ਉਜਜਾਰ ਚਹੂੰ ਚਕ, ਨੂਤਨ ਹੈ ਤਨ ਰੋਗ ਨਿਵਾਰੀ।**
**੩. ਰਤਿ ਕੇ ਸਮ ਸੁੰਦਰ ਔ ਹਿਤ ਕਾਰਣਿ, ਨਾਰਿ ਤਥਾ ਗੁਣ ਸੀਲ ਉਦਾਰੀ।**
**੪. ਕ੍ਰਿਤਿ ਪੁੰਨ ਬਿਨਾ ਯਹਿ ਆਹਿ ਕਹਾਂ, ਬਿਧ ਪੁੰਨਨ ਨੀਰ ਰਚੀ ਫੁਲਵਾਰੀ।।੨੪।।**

**ਪਦ ਅਰਥ :**

ਭੀਤਰਿ=ਵਿੱਚ। ਹੇਮ=ਸੋਨਾ। ਭੰਡਾਰ=ਖਜ਼ਾਨਾ। ਗਜ=ਹਾਥੀ। ਅੰਬਾਰੀ=ਹੌਦੀ, ਪਾਲਕੀ। ਪੀਠ=ਪਿੱਠ। ਚਹੂੰ ਚਕ=ਚਾਰੋਂ ਦਿਸ਼ਾਂ। ਉਜਜਾਰ=ਪ੍ਰਕਾਸ਼, ਰੌਸ਼ਨੀ। ਨੂਤਨ=ਨਵੀਨ। ਰਤਿ=ਰਤੀ ਕਾਮ ਦੇ ਘਰਵਾਲੀ ਦਾ ਨਾਂ ਹੈ। ਸਮ=ਬਰਾਬਰ। ਹਿਤ=ਪ੍ਰੇਮ। ਕਾਰਣਿ=ਕਰਨ ਵਾਲੀ। ਤਥਾ=ਤੈਸੇ ਹੀ। ਸੀਲ=ਨਿੱਘੇ ਸੁਭਾਅ ਵਾਲੀ। ਉਦਾਰੀ=ਬਹੁਤ ਹੀ। ਕ੍ਰਿਤਿ=ਕੀਤੇ ਹੋਏ। ਯਹਿ=ਏਹ। ਆਹਿ=ਹੈ। ਕਹਾਂ=ਕਿਥੇ। ਬਿਧ=ਵਿਧਾਤਾ, ਮੱਥੇ ਦੇ ਲੇਖ ਲਿਖਣ ਵਾਲਾ, ਬ੍ਰਹਮਾ। ਨੀਰ=ਪਾਣੀ। ਰਚੀ=ਬਣਾਈ। ਫੁਲਵਾਰੀ=ਫੁਲਵਾੜੀ, ਬਗੀਚੀ।

**ਅਰਥ :**

੧. ਘਰ ਵਿਚ ਸੋਨੇ ਦੇ ਖਜ਼ਾਨੇ ਭਰੇ ਪਏ ਹਨ, ਮੋਤੀ ਆਦਿ ਨਾਲ ਹੌਦੀਆਂ ਸ਼ਿੰਗਾਰ ਕੇ ਹਾਥੀਆਂ 'ਤੇ ਰੱਖੀਆਂ ਹੋਈਆਂ ਹਨ।

੨. ਜਸ ਦਾ ਚੰਦ੍ਰਮਾ ਚਾਰੋਂ ਦਿਸ਼ਾ ਵਿਚ ਫੈਲਾ ਦਿੱਤਾ ਹੈ। ਫੇਰ ਜਿਨ੍ਹਾਂ ਦਾ ਸਰੀਰ ਵੀ ਨਵਾਂ-ਨਰੋਆ ਹੈ, ਅਰੋਗ ਜੀਵਨ ਹੈ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari


੩. ਰਤੀ ਦੇ ਸਮਾਨ ਘਰ ਵਿਚ ਖੂਬਸੂਰਤ ਜਨਾਨੀ ਪ੍ਰੇਮ-ਪਿਆਰ ਕਰਨ ਵਾਲੀ ਹੋ ਅਤੇ ਜੋ ਦੈਵੀ ਗੁਣਾਂ ਸਹਿਤ ਤੇ ਬਹੁਤ ਹੀ ਸੀਲ ਸੁਭਾਅ (ਨਿੱਘੇ ਸੁਭਾਅ) ਵਾਲੀ ਹੋ ਅਰਥਾਤ ਕਾਹਲਾ ਪਨ ਜਿਸ ਵਿਚ ਜ਼ਰਾ ਵੀ ਨਹੀਂ।

੪. (ਪਰ ਇਹ ਉਪਰੋਕਤ ਕਹੀਆਂ ਗੱਲਾਂ) ਪਿਛਲੇ ਚੰਗੇ ਕਰਮਾਂ ਦੇ ਕੀਤੇ ਬਿਨਾਂ ਕਿਵੇਂ ਨਸੀਬ ਹੋ ਸਕਦੀਆਂ ਹਨ? ਵਿਧਾਤਾ ਨੇ ਮਾਨੋ ਇਹ ਪੁੰਨਾਂ ਰੂਪ ਫੁੱਲਾਂ ਦੀ ਬਗੀਚੀ ਬਣਾਈ ਹੈ। ਅਰਥਾਤ ਜੋ ਮਨੁੱਖ ਚੰਗੇ ਕਰਮ ਕਰੇਗਾ ਉਸ ਨੂੰ ਉਪਰੋਕਤ ਵਰਣਨ ਸੁਖਾਂ ਦੀ ਪ੍ਰਾਪਤੀ ਹੋਵੇਗੀ। ੨੪।

ਸ੍ਵੈਯਾ॥

**੧. ਰੂਪ ਫਲੇ ਨਹਿ ਜੂਪ ਫਲੇ ਜਨ ਮਾਂਗਤ ਭੀਖ ਫਿਰੇ ਜਗ ਮਾਂਹੀ।**
**੨. ਚਾਤੁਰਤਾ ਭੁਜ ਕੋ ਬਲ ਜੋ ਵਹਿ ਨਾਹਿ ਫਲੇ ਪਿਖੀਏ ਜਗ ਮਾਂਹੀ।**
**੩. ਮੂਰਖ ਕਾਤਰ ਚਾਤਰ ਬੀਰ ਸੁ ਸੇਵਤ ਹੈਂ ਕੁਲ ਲਾਜ ਬਿਨਾਹੀ।**
**੪. ਔਰ ਫਲੇ ਨਹਿ ਕੋ ਜਗ ਮੈਂ ਕ੍ਰਿਤਿ ਪੁੰਨ ਫਲੇ ਦ੍ਰੂਮ ਜਯੋਂ ਰਿਤੁ ਮਾਂਹੀ॥ ੨੫॥**

**ਪਦ ਅਰਥ :**

ਰੂਪ=ਸੁੰਦਰਤਾ। ਫਲੇ ਨਹਿ=ਫਲਦੀ ਨਹੀਂ। ਜੂਪ=ਜੂਆ। ਭੀਖ=ਭਿੱਖਿਆ। ਫਿਰੇ=ਫਿਰਦੇ। ਚਾਤੁਰਤਾ=ਚਾਲਾਕੀ, ਸਿਆਣਪ। ਭੁਜ-ਬਾਹਵਾਂ। ਕੋ=ਦਾ। ਭੁਜ=ਬਾਹਵਾਂ। ਕੋ=ਦਾ। ਬਲ=ਤਾਕਤ। ਜੋ=ਜਿਹੜਾ। ਵਹਿ=ਉਹ। ਕਾਤਰ=ਕਾਇਰ। ਚਾਤੁਰ=ਚਾਲਾਕ। ਬੀਰ=ਬਲਵਾਨ, ਜੋਧੇ। ਹੈਂ=ਹਨ। ਕ੍ਰਿਤ=ਕੀਤੇ ਹੋਏ। ਪੁੰਨ=ਚੰਗੇ ਕੰਮ। ਦ੍ਰੁਮ-ਦਰੱਖਤ। ਰਿਤੁ=ਰੁੱਤ ਦੇ ਆਇਆਂ।

**ਅਰਥ :**

੧. ਕੇਵਲ ਖੂਬਸੂਰਤੀ ਵੀ ਫਲਦੀ ਨਹੀਂ ਭਾਵ ਸੁੰਦਰ ਸਰੂਪ ਵੀ ਕੋਈ ਫਲਦਾ ਨਹੀਂ ਕੋਈ ਅਰਥ ਨਹੀਂ ਰੱਖਦਾ, ਬੜੇ-ਬੜੇ ਸੋਹਣੇ ਮਨੁੱਖ ਭੀ ਭੁੱਖੇ ਮਰਦੇ ਹਨ, ਜੂਆ ਵੀ ਦੁਨੀਆਂ ਵਿਚ ਫਲਦਾ ਨਹੀਂ ਇਕ ਦਿਨ ਜਿੱਤ ਕੇ ਦੂਜੇ ਦਿਨ ਹਾਰ ਜਾਂਦੇ ਹਨ[1], ਜਗਤ ਵਿਚ ਬੜੇ-ਬੜੇ ਸੋਹਣੇ ਤੇ ਜੁਆਰੀਏ ਮੰਗਦੇ ਫਿਰਦੇ ਹਨ।

੨. ਨਾ ਬਹੁਤੀ ਸਿਆਣਪ, ਚਾਲਾਕੀ, ਬਾਹਵਾਂ ਦੀ ਤਾਕਤ, ਉਹ ਵੀ ਦੁਨੀਆਂ ਵਿਚ ਕਿਸੇ ਫਲਦੀ ਨਹੀ ਵੇਖੀ।

੩. (ਅੰਨਵੇਂ) ਮੂਰਖਾਂ ਅੱਗੇ ਬੜੇ-ਬੜੇ ਚਲਾਕ (ਸਿਆਣੇ) ਨੌਕਰੀ ਕਰਦੇ ਹਨ, ਸੂਰਬੀਰ ਉੱਚੇ ਖਾਨਦਾਨ ਦੀ ਸ਼ਰਮ ਲਾਹ ਕੇ ਬੁਜ਼ਦਿਲਾਂ ਦੀ ਸੇਵਾ ਕਰਦੇ ਹਨ।

੪. ਹੋਰ ਕੋਈ ਵੀ ਜਗਤ ਵਿਚ ਫਲਦਾ ਨਹੀਂ ਕੇਵਲ ਕੀਤੇ ਹੋਏ ਚੰਗੇ (ਮਾੜੇ) ਕਰਮ ਫਲਦੇ ਹਨ, ਜਿਵੇਂ ਰੁੱਤ ਦੇ ਆਇਆਂ ਦਰੱਖਤ ਫਲਦਾ ਹੈ। ੨੫।

ਸ੍ਵੈਯਾ॥

**੧. ਜੋ ਜਨ ਸੇਵਤ ਪਾਦ ਬਲੀ ਜਨ ਭ੍ਰਿਤ ਭਏ ਪਿਖੀਏ ਜਗ ਮਾਂਹੀ।**
**੨. ਤੇ ਜਨ ਪੁੰਨ ਪ੍ਰਭਾਵ ਕੁ ਪਾਇ ਸੁ ਭੂਪ ਭਏ ਭਵਮੰਡਲ ਮਾਂਹੀ।**
**੩. ਪੁੰਨ ਗਏ ਨਰ ਭੀਖ ਗਹੇ ਅਰੁ ਭਿੱਛਕ ਭੂਪ ਭਏ ਭਵ ਮਾਂਹੀ।**
**੪. ਔਰ ਫਲੇ ਨਹਿ ਕੋ ਜਗ ਮੈਂ ਕ੍ਰਿਤਿ ਪੁੰਨ ਫਲੇ ਦ੍ਰੂਮ ਜਯੋਂ ਰਿਤੁ ਮਾਂਹੀ॥ ੨੬॥**

**ਪਦ ਅਰਥ :**

ਸੇਵਤ=ਸੇਵਾ ਕਰਦੇ ਹਨ। ਪਾਦ=ਪੈਰ। ਬਲੀ=ਬਲਵਾਨ। ਜਨ=ਮਨੁੱਖ। ਭ੍ਰਿਤ=ਮੰਗਤੇ। ਭਏ=ਹੋਏ। ਪਿਖੀਏ=ਦੇਖੀਦੇ, ਦੇਖੇ ਜਾਂਦੇ ਹਨ। ਤੇ=ਉਹ। ਪ੍ਰਭਾਵ=ਅਸਰ। ਕੁ=ਨੂੰ। ਸੁ=ਉਹ। ਭੂਪ=ਰਾਜੇ। ਭਵ ਮੰਡਲ=ਸੰਸਾਰ। ਮਾਹੀਂ=ਵਿਚ। ਭੀਖ=ਖੈਰ, ਭਿੱਖਿਆ।

---

*੧. ਕਿਸੇ ਮਨੁੱਖ ਨੇ ਆਪਣੀ ਮਾਂ ਨੂੰ ਕਿਹਾ ਕਿ ਐ ਮਾਂ! ਮੈਂ ਅੱਜ ਜੂਏ ਵਿਚ (ਦੇਜਕਾ) ਇਕ ਭਾਂਡਾ ਜਿੱਤ ਕੇ ਆਇਆ ਹਾਂ। ਮਾਂ ਨੇ ਅੱਗੋਂ ਕਿਹਾ 'ਪੁੱਤਰ! ਕੋਈ ਗੱਲ ਨਹੀਂ ਕਲ੍ਹ ਨੂੰ ਵਲਟੋਹੀ ਹਾਰ ਕੇ ਆਵੇਂਗਾ।'*
*– ਪਾਂਡਵਾਂ ਨੇ ਜੂਆ ਖੇਡਿਆ, ਸਭ ਕੁਝ ਹਾਰ ਗਏ ੧੨ ਸਾਲ ਧੱਕੇ ਖਾਂਦੇ ਰਹੇ, ਬੜੇ ਦੁੱਖ ਉਠਾਏ।*

Sri Satguru Jagjit Singh Ji eLibrary NamdhariElibrary@gmail.com

ਗਹੇ=ਲੈਣ ਲੱਗ ਪਏ। ਅਰੁ=ਅਤੇ। ਭਿੱਛਕ=ਮੰਗਤੇ। ਭਏ=ਹੋ ਗਏ। ਕੋ=ਕੋਈ। ਮੈ=ਵਿਚ। ਫਲੈ=ਫਲਦਾ। ਔਰ=ਹੋਰ।

**ਅਰਥ :**

੧. ਜਿਸ ਮਨੁੱਖ ਭਾਵ ਰਾਜੇ ਦੇ ਪੈਰਾਂ ਨੂੰ ਬੜੇ-ਬੜੇ ਬਲਵਾਨ ਪੁਰਸ਼ ਸੇਂਵਦੇ ਸਨ, ਕੁਝ ਸਮੇਂ ਬਾਅਦ (ਉਹ ਬਲਵਾਨ) ਮਨੁੱਖ ਮੰਗਤੇ ਬਣੇ ਦੁਨੀਆਂ ਵਿਚ ਦੇਖੇ ਜਾਂਦੇ ਹਨ।

੨. ਉਹੀ ਮਨੁੱਖ ਪੁੰਨਾਂ ਦੇ ਅਸਰ ਨੂੰ ਪਾ ਕੇ ਸੰਸਾਰ ਵਿਚ ਰਾਜੇ ਬਣ ਗਏ।

੩. ਪੁੰਨਾਂ ਦੇ ਚਲੇ ਜਾਣ ਤੇ ਫੇਰ ਉਹੀ ਰਾਜੇ-ਮਨੁੱਖਾਂ ਭਿਖਿਆ ਮੰਗਣੀ ਫੜ ਲਈ ਤੇ ਮੰਗਤੇ ਬਣ ਗਏ ਤੇ ਜਿਹੜੇ ਮੰਗਤੇ ਸਨ ਉਹ ਦੁਨੀਆਂ ਵਿਚ ਰਾਜੇ ਬਣ ਗਏ।

੪. ਹੋਰ ਕੋਈ ਵੀ ਚੀਜ਼ ਫਲਦੀ ਨਹੀਂ, ਕੇਵਲ ਕੀਤੇ ਪੁੰਨ ਹੀ ਫਲਦੇ ਹਨ, ਜਿਵੇਂ ਰੁੱਤ ਦੇ ਆਇਆਂ ਦਰੱਖਤ ਫਲਦਾ ਹੈ। ੨੬।

### ਸ੍ਵੈਯਾ।।

**੧. ਦੇਸ ਫਲੇ ਨ ਬਿਦੇਸ ਫਲੇ, ਕਛੁ ਪੂਰਬ ਉਤਰ ਮੋ ਫਲ ਨਾਂਹੀ।**
**੨. ਦਖਣ ਪੱਛਮ ਮਾਂਹਿ ਨਹੀਂ ਫਲ ਨਾਹਿ ਅਹੇ ਸਰਤਾ ਤਟ ਮਾਂਹੀ।**
**੩. ਬੈਠਨ ਨਾਂਹਿ ਫਲੇ ਜਗ ਮੈਂ; ਅਰੁ ਨਾਂਹਿ ਫਲੇ ਰਟਨੋ ਜਗ ਮਾਂਹੀ।**
**੪. ਔਰ ਫਲੇ ਨਹਿ ਕੋ ਜਗ ਮੈਂ, ਕ੍ਰਿਤਿ ਪੁੰਨ ਫਲੇ• ਦ੍ਰੁਮ ਜਜੋਂ ਰਿਤੁ ਮਾਂਹੀ।। ੨੭।।**

**ਪਦ ਅਰਥ :**

ਫਲੇ=ਫਲਦਾ। ਮੋ=ਵਿਚ। ਅਹੇ=ਹੈ। ਸਰਤਾ=ਨਦੀ, ਗੰਗਾ ਆਦਿ। ਤਟ=ਕਿਨਾਰਾ। ਮਾਹੀ=ਵਿਚ। ਅਰੁ=ਅਤੇ। ਰਟਨੋ=ਫਿਰਨਾ, ਤੋਰਾ-ਫੇਰਾ। ਔਰ=ਹੋਰ।

**ਅਰਥ :**

੧. ਆਪਣੇ (ਚੰਗੇ ਕੀਤੇ ਕਰਮਾਂ ਤੋਂ ਬਿਨਾਂ) ਨਾ ਹੀ ਆਪਣਾ ਦੇਸ਼ ਫਲਦਾ ਹੈ, ਬਲਕਿ ਕਿਸੇ ਹੋਰ ਦੇਸ਼ ਵਿਚ ਵੀ ਚਲੇ ਜਾਣ ਨਾਲ ਭੀ ਸਭ ਫਲ ਨਹੀਂ ਮਿਲਦਾ ਹੁੰਦਾ ਇਥੋਂ ਤੱਕ ਕਿ ਚੜ੍ਹਦੇ ਪਾਸੇ ਜਾਂ ਲਹਿੰਦੇ ਵੱਲ ਜਾਣ ਨਾਲ ਕੁਝ ਹਾਸਲ ਨਹੀਂ ਹੁੰਦਾ।

੨. (ਚਾਰੋਂ ਦਿਸ਼ਾ ਵਿਚੋਂ) ਦੱਖਣ ਜਾਂ ਪੱਛੋਂ ਵਿਚ ਕੁਝ ਫਲ ਨਹੀਂ ਮਿਲਦਾ ਅਤੇ (ਗੰਗਾ ਆਦਿ ਨਦੀਆਂ ਤੇ ਕਿਨਾਰੇ ਵੱਸਣ ਕਰਕੇ ਵੀ ਸੁਖ ਦੀ ਪ੍ਰਾਪਤੀ ਨਹੀਂ।

੩. (ਢੇਰੀ ਢਾਹ ਕੇ ਘਰ ਵਿਚ) ਬੈਠਣ ਨਾਲ ਵੀ ਜਗਤ ਵਿਚ ਕੁਝ ਫਲ ਨਹੀਂ ਮਿਲਦਾ ਅਤੇ ਨਾ ਹੀ ਦੁਨੀਆਂ ਵਿਚ ਫਿਰਦੇ ਰਹਿਣ ਨਾਲ ਕੋਈ ਫਲ ਮਿਲਦਾ ਹੈ।

੪. ਹੋਰ ਕੋਈ ਜਗਤ ਵਿਚ ਫਲਦਾ ਨਹੀਂ ਕਿ ਕੇਵਲ ਕੀਤੇ (ਪੁੰਨ ਹੀ) ਚੰਗੇ ਕੰਮ ਹੀ ਫਲ ਦੇਂਦੇ ਹਨ, ਜਿਵੇਂ ਰੁੱਤ ਦੇ ਆਇਆਂ ਦਰੱਖਤ ਫਲਦਾ ਹੈ ਇਸ ਕਰਕੇ ਚੰਗੇ ਕੰਮ ਹੀ ਸਮੇਂ ਅਨੁਸਾਰ ਫਲ ਦੇਂਦੇ ਹਨ। ੨੭।

### ਸ੍ਵੈਯਾ।।

**੧. ਬਾਲਕ ਨਾਹਿ ਫਲੇ ਜਗ ਮੈ, ਅਰੁ ਜੋਬਨ ਮਾਹਿ ਕਛੂ ਫਲ ਨਾਂਹੀ।**
**੨. ਜਾਠਰ ਨਾਹਿ ਫਲੇ ਜਗ ਮੈ, ਅਰੁ ਬਾਂਧਵ ਨਾਹਿ ਫਲੇ ਜਗ ਮਾਂਹੀ।**
**੩. ਮੀਤ ਫਲੇ ਨਹਿ ਨੀਤਿ ਫਲੇ, ਕੁਲ ਰੀਤਿ ਫਲੇ ਭਵ ਮੈਂ ਕਹੁ ਕਾਂਹੀ।**
**੪. ਔਰ ਫਲੇ ਨਹਿ ਕੋ ਜਗ ਮੈਂ, ਕ੍ਰਿਤਿ ਪੁੰਨ ਫਲੇ• ਦ੍ਰੁਮ ਜਜੋਂ ਰਿਤੁ ਮਾਂਹੀ।। ੨੮।।**

**ਪਦ ਅਰਥ :**

ਬਾਲਕ=ਬਚਪਨ। ਜੋਬਨ=ਜੁਆਨੀ। ਮਾਹਿ=ਵਿਚ। ਜਾਠਰ=ਬੁਢੇਪਾ। ਬਾਂਧਵ=ਰਿਸ਼ਤੇਦਾਰ, ਸਾਕ-ਸਬੰਧੀ। ਮੀਤ=ਮਿੱਤਰ,

ਦੋਸਤ। ਨੀਤਿ=ਨੀਤੀ, ਰਾਜਨੀਤੀ, ਸਿਆਸਤ। ਕੁਲ=ਖਾਨਦਾਨੀ ਰੀਤੀ ਰਿਵਾਜ। ਭਵ=ਸੰਸਾਰ। ਕਹੁ=ਦੱਸੋ, ਆਖੋ, ਤੁਸੀਂ ਕਹੋ। ਕਾਹੀ=ਕਿਸ ਨੂੰ। ਔਰ=ਹੋਰ। ਕ੍ਰਿਤਿ=ਕੀਤੇ। ਪੁੰਨ=ਚੰਗੇ ਕੰਮ। ਦ੍ਰੁਮ=ਦਰੱਖਤ, ਬੂਟਾ। ਰਿਤੁ=(ਬਸੰਤ) ਰੁੱਤੇ ਦੇ ਆਇਆਂ। ਜਜੋਂ= ਜਿਵੇਂ।

**ਅਰਥ :**

੧. ਜਗਤ ਵਿਚ ਬਚਪਨ ਤੇ ਜੁਆਨੀ ਕਿਸੇ ਇਕ ਵਿਚ ਵੀ ਸੁਖ-ਫਲ ਦੀ ਪ੍ਰਾਪਤੀ ਨਹੀਂ।

੨. ਬੁਢਾਪੇ ਵਿਚ ਵੀ ਕਿਸੇ ਫਲ ਦੀ ਪ੍ਰਾਪਤੀ ਨਹੀਂ ਤੇ ਨਾ ਹੀ ਸਾਕ-ਸਬੰਧੀ ਜਗਤ ਵਿਚ ਕਿਸੇ ਨੂੰ ਫਲਦੇ ਹਨ, ਕਿਉਂਕਿ ਬੁਢਾਪੇ ਵਿਚ ਤਾਂ ਕਵੀ ਜੀ ਦੇ ਕਹਿਣ ਅਨੁਸਾਰ ਜਾਠਰ ਮਾਹਿ ਭਏ ਸਭ ਖਾਰੇ" ਸਭ ਦੁੱਖ ਦੇਣ ਵਾਲੇ ਹੋ ਜਾਂਦੇ ਹਨ ਤੇ ਗੁਰੂ ਆਸ਼ੇ ਮੁਤਾਬਿਕ "ਮਿਤ੍ਰ ਲੋੜੇਨਿ ਸੁ ਖਾਧਾਤਾ" ਸੱਜਣ - ਮਿੱਤਰ ਰਿਸ਼ਤੇਦਾਰ ਸਭ ਖਾਣ ਵਾਸਤੇ ਨੇੜੇ ਢੁਕਦੇ ਹਨ।

੩. ਮਿਤ੍ਰਤਾ ਵੀ ਕਿਸੇ ਨੂੰ ਫਲਦੀ ਨਹੀਂ, ਸਿਆਸਤ (ਰਾਜਨੀਤੀ) ਕਿਸੇ ਨੂੰ ਫਲਦੀ ਦੇਖੀ ਨਹੀਂ ਤੇ ਦੱਸੋ ਖਾਨਦਾਨ ਦੇ ਰਸਮੋਂ ਰਿਵਾਜ ਦੁਨੀਆਂ ਵਿਚ ਕਿਸ ਨੂੰ ਫਲਦੇ ਹਨ।

੪. ਹੋਰ ਕੋਈ ਵੀ ਜਗਤ ਵਿਚ ਫਲਦਾ ਨਹੀਂ, ਕੇਵਲ ਕੀਤੇ ਸ਼ੁਭ ਕਰਮ ਹੀ ਫਲਦੇ ਹਨ, ਜਿਵੇਂ ਮੌਸਮ ਦੇ ਆਇਆਂ ਦਰੱਖਤ ਫਲਦਾ ਹੈ।

**ਸ੍ਵੈਯਾ ।।**

**੧. ਨਾਹਿੰ ਫਲੇ ਜਗ ਮਾਂਹਿ ਨਿਸੇਸ, ਦਿਨੇਸ ਫਲੇ ਜਗ ਮੈਂ ਕਹੁ ਕਾਂਹੀ।**
**੨. ਪੁੰਨ ਬਿਨਾ ਫਲ ਆਹਿ ਕਹਾਂ, ਬਿਧ ਲੋਕ ਸੁ ਭੂਮਿ ਰਸਾਤਲ ਮਾਂਹੀ।**
**੩. ਨਾਹਿੰ ਸੁਰੇਸ ਫਲੇ ਜਗ ਮੈਂ, ਸੁ ਮਹੇਸ ਫਲੈ ਜਗ ਮੈਂ ਕਹੁ ਕਾਂਹੀ।**
**੪. ਔਰ ਫਲੇ ਨਹਿੰ ਕੋ ਜਗ ਮੈਂ, ਕ੍ਰਿਤਿ ਪੁੰਨ ਫਲੇ, ਦ੍ਰੁਮ ਜਜੋਂ ਰਿਤੁ ਮਾਂਹੀ।। ੨੯।।**

**ਪਦ ਅਰਥ :**

ਨਿਸੇਸ=ਨਿਸ+ਏਸ਼: ਰਾਤ ਦਾ ਈਸ਼੍ਵਰ ਚੰਦਰਮਾ। ਦਿਨੇਸ (ਦਿਨ+ਏਸ਼)=ਦਿਨ ਦਾ ਈਸ਼੍ਵਰ, ਸੂਰਜ। ਕਹੁ=ਦੱਸੋ। ਕਾਂਹੀ=ਕਿਸ ਨੂੰ। ਆਹਿ=ਹੈ। ਕਹਾਂ=ਕਿਥੇ। ਬਿਧ ਲੋਕ=ਬ੍ਰਹਮਾ ਦੇ ਲੋਕ। ਭੂਮਿ=ਧਰਤੀ। ਰਸਾਤਲ=ਪਤਾਲ, ਨਰਕ ਨੂੰ ਵੀ ਰਸਾਤਲ ਕਹਿ ਦੇਂਦੇ ਹਨ। ਸੁਰੇਸ (ਸੁਰ+ਏਸ਼)=ਦੇਵਤਿਆਂ ਦਾ ਰਾਜਾ ਇੰਦਰ। ਮਹੇਸ=ਸ਼ਿਵ ਜੀ। ਫਲੈ=ਫਲਦਾ। ਕੋ=ਕੋਈ। ਕ੍ਰਿਤਿ=ਕੀਤੇ ਹੋਏ। ਪੁੰਨ=ਚੰਗੇ ਕੰਮ।

**ਅਰਥ :**

੧. ਨਹੀਂ ਫਲਦਾ ਜਗਤ ਵਿਚ ਚੰਦ੍ਰਮਾ, ਦੱਸੋ ਸੂਰਜ ਜਗ ਵਿਚ ਕਿਸ ਨੂੰ ਫਲ ਦੇਂਦਾ ਹੈ। ਭਾਵ ਨਹੀਂ ਦੇਂਦਾ।

੨. ਚੰਗੇ ਕੀਤੇ ਕੰਮਾਂ ਤੋਂ ਬਿਨਾਂ ਫਲ ਕਿਥੇ ਹੈ? ਬ੍ਰਹਮ ਲੋਕ ਤੋਂ ਲੈ ਕੇ ਧਰਤੀ ਪਤਾਲ ਵਿਚ ਕਿਤੇ ਵੀ ਕੋਈ ਫਲ ਦੀ ਆਸ ਨਹੀਂ।

੩. ਇੰਦਰ ਵੀ ਕਿਸੇ ਨੂੰ ਦੁਨੀਆਂ ਵਿਚ ਫਲਿਆ ਨਹੀਂ, ਸ਼ਿਵ ਜੀ ਕੋਲੋਂ ਦੱਸੋ ਕਿਸ ਨੂੰ ਫਲ ਦੀ ਪ੍ਰਾਪਤੀ ਹੋਈ ਹੈ।

੪. ਹੋਰ ਕੋਈ ਵੀ ਜਗ ਵਿਚ ਫਲਦਾ ਨਹੀਂ, ਕੇਵਲ ਤੇ ਕੇਵਲ ਕੀਤੇ ਪੁੰਨ ਕਰਮ ਹੀ ਦੁਨੀਆਂ ਵਿਚ ਫਲਦੇ ਹਨ ਜਿਵੇਂ ਬਹਾਰ (ਰੁੱਤ) ਦੇ ਆਇਆਂ ਦਰੱਖਤ ਫਲਦਾ ਹੈ। ੨੯।

ਅੱਗੋਂ ਹੁਣ ਪੰਡਿਤ ਜੀ ਕਰਮਾਂ ਦਾ ਵਰਣਨ ਕਰਦੇ ਹਨ-

**ਸ੍ਵੈਯਾ ।।**

**੧. ਇਕ ਦੇਵਹਿ ਬੰਦਤ ਹੌਂ ਭਵ ਮੈ, ਜੋਊ ਚਾਤੁਰ ਤੇ ਖਲ ਸੇਵ ਕਰਾਏ।**
**੨. ਜਗ ਭਿੱਛਕ ਕੋ ਖਿਨ ਏਕ ਭਏ, ਮਹਿ ਮੰਡਲ ਰਾਜ ਕੋ ਸੁਖ ਭੁਗਾਏ।**

Sri Satguru Jagjit Singh Ji eLibrary NamdhariElibrary@gmail.com

**੩. ਮਹਿ ਮੰਡਲ ਕੇ ਪਤਿ ਕੋ ਖਿਨ ਮੈਂ; ਦਰ ਹੀ ਦਰ ਮਾਹਿ ਸੁ ਭੀਖ ਮੰਗਾਏ।**
**੪. ਭਵ ਮਾਹਿ ਅਗਾਧ ਗਤੀ ਤਿਨ ਕੀ; ਸਭ ਹਾਰ ਪਰੇ ਗਤਿ ਕੋਇ ਨ ਪਾਏ।। ੩੦।।**

**ਪਦ ਅਰਥ :**

ਇਕ ਦੇਵਹਿ=ਇਕ ਪਰਮਾਤਮਾ। ਬੰਦਤ=ਬੰਦਨਾ ਕਰਦਾ। ਹੌ=ਹਾਂ। ਤੇ=ਤੋਂ। ਭਵ=ਜਗਤ। ਮੈਂ=ਵਿਚ। ਜੋਇ=ਜੋ, ਜਿਹੜਾ। ਚਾਤੁਰ=ਚਲਾਕ, ਅਕਲਮੰਦ, ਗੁਣਵਾਨ। ਖਲ=ਮੂਰਖ। ਸੇਵ=ਸੇਵਾ। ਕਰਾਏ=ਕਰਾਉਂਦਾ। ਭਿੱਛਕ=ਮੰਗਤਾ। ਕੋ=ਨੂੰ। ਮਹਿ=ਧਰਤੀ। ਮੰਡਲ=ਗੋਲਾਕਾਰ ਘੇਰਾ, ਦਾਇਰਾ, ਧਰਤੀ ਦੇ ਸਮੁੱਚੇ ਦਾਇਰੇ ਵਿਚ ਉਹ ਇਲਾਕਾ ਜਿਸ ਵਿਚ ੧੨ ਰਾਜੇ ਵੱਖੋ-ਵੱਖਰੇ ਰਾਜ ਕਰਦੇ ਹੋਣ, ਵੱਡਾ ਰਾਜਾ। ਪਤਿ=ਮਾਲਕ। ਦਰ=ਦੁਆਰਾ। ਦਰ ਹੀ ਦਰ ਮਹਿ=ਦੁਆਰੇ-ਦੁਆਰੇ, ਦਰਵਾਜ਼ੇ-ਦਰਵਾਜ਼ੇ, ਦਰ-ਦਰ 'ਤੇ। ਭਵ=ਸੰਸਾਰ। ਮਾਹਿ=ਵਿਚ। ਅਗਾਧ=ਡੂੰਘੀ। ਗਤੀ=ਚਾਲ, ਗਮਨ।

**ਅਰਥ :**

੧. ਮੈਂ ਤੇ ਕੇਵਲ ਇਕ ਪਰਮਾਤਮਾ ਨੂੰ ਮੱਥਾ ਟੇਕਦਾ ਹਾਂ, ਜਿਹੜਾ ਗੁਣਵਾਨਾਂ ਤੋਂ ਮੂਰਖਾਂ ਦੀ ਸੇਵਾ ਕਰਾਉਂਦਾ ਹੈ।

੨. (ਫਿਰ) ਇਕ ਖਿਨ ਵਿਚ ਮੰਗਤੇ ਨੂੰ ਸਾਰੀ ਧਰਤੀ ਦਾ ਰਾਜ ਦੇ, ਸੁਖ ਭੁਗਤਾਉਂਦਾ ਹੈ।

੩. (ਤੇ ਫਿਰ) ਬੜੇ-ਬੜੇ ਧਰਤੀ ਦੇ ਮਾਲਕਾਂ (ਅਰਥਾਤ ਰਾਜਿਆਂ ਮਹਾਰਾਜਿਆਂ) ਨੂੰ ਦਰ-ਦਰ 'ਤੇ ਮੰਗਣ ਵਾਸਤੇ ਮਜਬੂਰ ਕਰ ਦੇਂਦਾ ਹੈ। ਭਾਵ ਰਾਜਿਆਂ ਨੂੰ ਮੰਗਤੇ ਬਣਾ ਕੇ ਉਹਨਾਂ ਤੋਂ ਖ਼ੈਰ ਮੰਗਾਉਂਦਾ ਹੈ।

੪. ਸੰਸਾਰ ਵਿਚ (ਉਨ੍ਹਾਂ ਕਰਮਾਂ ਦੀ) ਚਾਲ ਬਹੁਤ ਡੂੰਘੀ ਹੈ, ਸਭ ਥੱਕ ਗਏ ਹਨ ਪਰ ਉਨ੍ਹਾਂ ਕਰਮਾਂ ਦੀ ਰੀਤੀ ਦਾ ਪਤਾ ਨਹੀਂ ਲੱਗਾ। ੩੦।

**ਸ੍ਵੈਯਾ।।**

**੧. ਜਗ ਬੀਰਨ ਕੇ ਕਰ ਤੀਰ ਹਰੇ; ਅਰੁ ਧੀਰਨ ਕੇ ਉਰ ਧੀਰ ਛੁਡਾਏ।**
**੨. ਖਲ ਕਾਤਰ ਕੋ ਮਹਿ ਮੰਡਲ ਮਹਿ; ਜਨ ਕੋਵਿਦ ਬੀਰਨ ਬੀਰ ਕਹਾਏ।**
**੩. ਗ੍ਰਿਹ ਦੋ ਡਗ ਨਾਹਿ ਚਲੇ ਪਗ ਸੋਂ; ਤਿਨ ਕੋ ਗਿਰਿ ਕੋਟਨ ਕੋਟ ਲੰਘਾਏ।**
**੪. ਭਵ ਮਾਹਿ ਅਗਾਧ ਗਤੀ ਤਿਨ ਕੀ; ਸਭ ਹਾਰ ਪਰੇ ਗਤਿ ਕੋਇ ਨ ਪਾਏ।। ੩੧।।**

**ਪਦ ਅਰਥ :**

ਖਲ=ਮੂਰਖ। ਬੀਰਨ=ਸੂਰਬੀਰ। ਕਰ=ਹੱਥ। ਹਰੇ=ਖੋਹ ਲਏ। ਅਰੁ=ਅਤੇ। ਧੀਰਨ=ਧੀਰਜਵਾਨ। ਉਰ=ਹਿਰਦਾ, ਦਿਲ। ਧੀਰ=ਧੀਰਜ। ਕਾਤਰ=ਕਾਇਰ, ਡਰਪੋਕ, ਬੁਜ਼ਦਿਲ। ਕੋਵਿਦ=ਪੰਡਿਤ, ਜਿਸ ਨੂੰ ਬੋਲਣ ਦਾ ਤਰੀਕਾ ਹੈ। ਗ੍ਰਿਹਿ=ਘਰ। ਡਗ=ਕਦਮ, ਪੈਰ। ਪੱਗ=ਪੈਰ। ਸੋਂ=ਨਾਲ। ਤਿਨ ਕੋ=ਉਨ੍ਹਾਂ ਨੂੰ। ਗਿਰਿ=ਪਹਾੜ। ਕੋਟਨ ਕੋਟ=ਕਰੋੜਾਂ।

**ਅਰਥ :**

੧. ਜਗਤ ਵਿਚ ਸੂਰਬੀਰਾਂ ਦੇ ਹੱਥੋਂ ਤੀਰ ਖੋਹ ਲੈਂਦਾ ਹੈ ਤੇ ਧੀਰਜਵਾਨਾਂ ਵਿਚੋਂ ਧੀਰਜ (ਹੌਸਲਾ) ਛੁਡਾ ਦੇਂਦਾ ਹੈ।

੨. ਫਿਰ ਇਸ ਧਰਤੀ ਮੰਡਲ ਵਿਚ ਮੂਰਖਾਂ ਨੂੰ ਵਿਦਵਾਨ ਕਹਾ ਦੇਂਦਾ ਹੈ ਤੇ ਕਾਇਰਾਂ (ਬੁਜ਼ਦਿਲਾਂ) ਨੂੰ ਬੜੇ-ਬੜੇ ਸੂਰਵੀਰ ਬਣਾ ਦਿੰਦਾ ਹੈ।

੩. ਜਿਹੜੇ ਘਰ ਤੋਂ ਦੋ ਕਦਮ ਵੀ ਕਦੇ ਤੁਰੇ ਨਹੀਂ ਸਨ, ਉਨ੍ਹਾਂ ਨੂੰ ਕਰੋੜਾਂ ਪਹਾੜ ਦੇ (ਰਸਤੇ) ਤੁਰਾ ਦਿੰਦਾ ਹੈ।

੪. ਦੁਨੀਆਂ ਵਿਚ ਕਰਮਾਂ ਦੀ ਚਾਲ ਬਹੁਤ ਹੀ ਡੂੰਘੀ ਹੈ, ਸਭ ਜ਼ੋਰ ਲਾ ਕੇ ਥੱਕ ਗਏ ਪਰ ਸਮਝ ਨਹੀਂ ਸਕੇ।੩੧।

**ਸ੍ਵੈਯਾ।।**

**੧. ਸੁਤ ਪੰਡੁ ਮਹੀਪਤਿ ਕੇ ਜਿਹਿ ਨੇ; ਹਰ ਰਾਜਹ ਕਾਨਨ ਮਾਹਿ ਫਿਰਾਏ।**
**੨. ਛਿਨ ਮਾਹਿ ਸੁ ਛਤ੍ਰ ਛਿਨਾਏ ਲੀਏ; ਦੁਰਜੋਧਨ ਕੇ ਤਨ ਭੂਮਿ ਰੁਲਾਏ।**

Sri Satguru Jagjit Singh Ji eLibrary NamdhariElibrary@gmail.com

**੩. ਨਲ ਸੇ ਮਹਿਪਾਲ ਕੇ ਰਾਜ ਹਰੇ ਹਰਿਚੰਦ ਬਨਾਰਸ ਜਾਇ ਬਿਕਾਏ।**
**੪. ਭਵ ਮਾਹਿ ਅਗਾਧ ਗਤੀ ਤਿਨ ਕੀ ਸਭ ਹਾਰ ਪਰੇ ਗਤਿ ਕੋਇ ਨ ਪਾਏ॥੩੨॥**

**ਪਦ ਅਰਥ :**

ਸੁਤ=ਪੁੱਤਰ। ਪੰਡੁ=ਪੰਡੂ ਰਾਜਾ। ਸੁਤ ਪੰਡੁ=ਪੰਡੂ ਰਾਜੇ ਦੇ ਪੁੱਤਰ। ਮਹੀ ਪਤਿ=ਧਰਤੀ ਦੇ ਮਾਲਕ। ਜਿਹਿ ਨੇ= ਜਿਸ ਨੇ। ਹਰ=ਨਾਸ ਕੀਤਾ, ਖੋਹ ਲਿਆ। ਰਾਜਹ=ਰਾਜ ਭਾਗ। ਕਾਨਨ=ਜੰਗਲ। ਮਾਹਿ=ਵਿਚ। ਫਿਰਾਏ=ਫੇਰੇ। ਛਿਨਾਏ=ਖੋਹ ਲਿਆ। ਤਨ=ਸਰੀਰ। ਭੂਮਿ=ਜ਼ਮੀਨ, ਧਰਤੀ। ਰੁਲਾਏ=ਰੋਲ ਦਿੱਤੇ। ਨਲ= ਦੱਖਣ ਵਿਚ ਨਿਸ਼ਧ ਦੇਸ਼ ਦੇ ਚੰਦਰਬੰਸੀ ਰਾਜਾ ਬੀਰ ਸੈਨ ਦਾ ਪੁੱਤਰ। ਜਿਸ ਦਾ ਵਿਆਹ ਵਿਦਰਭ ਪਤੀ ਭੀਮ ਦੀ ਪੁੱਤਰੀ ਦਮਯੰਤੀ ਨਾਲ ਹੋਇਆ। ਨਲ ਨੂੰ ਉਸ ਦੇ ਛੋਟੇ ਭਾਈ ਪੁਸ਼ਕਰ ਨੇ ਜੂਏ ਵਿਚ ਜਿੱਤ ਕੇ ਘਰੋਂ ਕੱਢ ਦਿੱਤਾ ਸੀ। "ਨਲ ਰਾਜਾ ਦੱਛਿਣ ਇਕ ਰਹਈ॥ ਅਤਿ ਸੁੰਦਰ ਤਾਂ ਕੋ ਜਗ ਕਹਈ॥" (ਦਸਮ ਗ੍ਰੰਥ, ਚਰਿਤ੍ਰ ਪੰਨਾ ੧੦੪੪) ਮਹਿ ਪਾਲ=ਰਾਜਾ। ਰਾਜ ਹਰੇ=ਰਾਜ ਨਾਸ ਕਰ ਦਿੱਤਾ। ਜਾਇ ਬਿਕਾਏ=ਵਨਾਰਸ ਦੀ ਮੰਡੀ ਵਿਚ ਜਾ ਕੇ ਵਿਕਿਆ। ਭਵ=ਸੰਸਾਰ। ਮਾਹਿ=ਵਿਚ। ਅਗਾਧ=ਡੂੰਘੀ, ਗੋਹਝ, ਗੁਪਤ। ਗਤਿ=ਚਾਲ। ਹਾਰ ਪਰੇ=ਥੱਕ ਗਏ।

**ਅਰਥ :**

੧. ਜਿਨ੍ਹਾਂ (ਕਰਮਾਂ) ਨੇ ਪੰਡੂ ਰਾਜੇ ਦੇ ਪੁੱਤਰਾਂ (ਪਾਂਡਵਾਂ) ਤੋਂ ਰਾਜ-ਭਾਗ ਖੁਹਾਅ ਕੇ (ਜੂਏ ਵਿਚ ਹਾਰਨ ਕਰਕੇ ਉਹਨਾਂ ਨੂੰ ੧੨ ਸਾਲ ਦਾ ਬਨਵਾਸ ਮਿਲਣ ਕਰਕੇ) ਜੰਗਲਾਂ ਵਿਚ ਫੇਰਿਆ।

੨. ਅੱਖ ਫਰਕਣ ਵਿਚ (ਚਵਰ) ਛਤਰ ਖੋਹ ਲਏ (ਤੇ ਹੰਕਾਰੀ) ਦੁਰਯੋਧਨ ਦਾ ਸਰੀਰ ਧਰਤੀ ਵਿਚ ਰੁਲਾਅ ਦਿੱਤਾ। ਭਾਵ "ਦੇਹੀ ਗਿਰਝ ਨ ਖਾਈ" ਸਰੀਰ ਬਾਹਰ ਹੀ ਰੁਲਦਾ ਰਿਹਾ, ਐਡਾ ਵੱਡਾ ਰਾਜਾ ਹੁੰਦਿਆਂ ਹੋਇਆਂ ਉਸ ਦਾ ਅੰਤਮ ਸੰਸਕਾਰ ਵੀ ਸਹੀ ਢੰਗ ਨਾਲ ਨਾ ਹੋਇਆ।

੩. ਨਲ ਰਾਜੇ ਦਾ ਰਾਜ-ਭਾਗ ਖੋਹ ਲਿਆ, (ਫੇਰ ਦੇਖੋ) ਰਾਜਾ ਹਰੀਸ਼ ਚੰਦਰ ਨੂੰ ਬਨਾਰਸ ਦੀ ਮੰਡੀ ਵਿਚ ਵਿਕਾਅ ਦਿੱਤਾ। ੨੧੭੧ ਟੇ

੪. ਜਗਤ ਵਿਚ (ਕੀਤੇ ਕਰਮਾਂ ਦੀ ਰੀਤੀ) ਬੜੀ ਡੂੰਘੀ ਹੈ, ਸਾਰੇ (ਸੋਚ-ਸੋਚ ਕੇ) ਹਾਰ ਗਏ (ਥੱਕ ਗਏ) ਪਰ ਕੋਈ ਵੀ ਕਰਮਾਂ ਦੀ ਰੀਤੀ ਨੂੰ ਜਾਣ ਨਹੀਂ ਸਕਿਆ॥ ੩੨॥

**ਭਾਵ–**

ਪਾਂਡਵਾਂ ਨੇ ਜੂਆ ਖੇਡਿਆ ਤੇ ਜੂਏ ਵਿਚ ਹਾਰਨ ਕਰਕੇ ਉਨ੍ਹਾਂ ਨੂੰ ਜੰਗਲ ਵਿਚ ਫਿਰਨਾ ਪਿਆ। ਸ੍ਰੀ ਕ੍ਰਿਸ਼ਨ ਜੀ ਵਿਚੋਲਗੀ ਕਰਨੀ ਚਾਹੀ ਕਿ ਪਾਂਡਵਾਂ ਨੂੰ ਦੁਰਯੋਧਨ ਤੋਂ ਕੁਝ ਇਲਾਕਾ ਦਿਵਾ ਦੇਈਏ ਲੇਕਿਨ ਹੰਕਾਰੀ ਦੁਰਯੋਧਨ ਨੇ ਸੂਈ ਜਿੰਨੀ ਵੀ ਜ਼ਮੀਨ ਦੇਣ ਤੋਂ ਇਨਕਾਰ ਕਰ ਦਿੱਤਾ।

– ਰਾਜਾ ਨਲ ਆਪਣੇ ਭਰਾ ਨਾਲ ਜੂਆ ਖੇਡਿਆ, ਜੂਏ ਵਿਚ ਹਾਰ ਗਿਆ। ਉਸ ਦਾ ਫਲ ਏਹ ਹੋਇਆ ਕਿ ਨਲ ਨੂੰ ਦਰ-ਬ-ਦਰ ਫਿਰਨਾ ਪਿਆ ਤੇ ਜੰਗਲ ਵਿਚ ਭੁੱਖੇ-ਪਿਆਸੇ ਦਿਨ ਕੱਟਣੇ ਪਏ ਜਦੋਂ ਕਾਫ਼ੀ ਦਿਨ ਇੰਜ ਹੀ ਲੰਘ ਗਏ, ਇੰਦਰ ਨੇ ਸੋਚਿਆ ਕਿ ਇਹਨਾਂ ਨੂੰ ਹੋਰ ਤੰਗ ਕਰੀਏ, ਕਬੂਤਰ ਬਣ ਕੇ ਸਾਹਮਣੇ ਆ ਬੈਠਾ। ਨਲ ਨੇ ਸੋਚਿਆ ਚਲੋ ਕਬੂਤਰ ਫੜ, ਭੁੰਨ ਖਾਈਏ ਥੋੜ੍ਹਾ ਗੁਜ਼ਾਰਾ ਤੇ ਹੋਵੇਗਾ ਇਹ ਸੋਚ ਕਬੂਤਰ 'ਤੇ ਆਪਣਾ ਕੱਪੜਾ ਸੁੱਟਿਆ ਪਰ ਕਬੂਤਰ ਉਹ ਕਪੜਾ ਵੀ ਲੈ ਕੇ ਉਡ ਗਿਆ।

– ਰਾਜਾ ਹਰੀ ਚੰਦ ਨੇ ਯੱਗ ਕਰਵਾਉਣਾ ਸੀ, ਇਨ੍ਹਾਂ ਦੇ ਗੁਰੂ (ਵਸ਼ਿਸ਼ਟ ਜੀ) ਇੰਦਰ ਕੋਲ ਯੱਗ ਕਰਨ ਗਏ ਹੋਏ ਸਨ। ਉਸ ਨੇ ਵਿਸ਼ਵਾਮਿੱਤਰ ਜੀ ਨੂੰ ਸੱਦ ਲਿਆ ਤੇ ਯੱਗ ਕਰਵਾ ਲਿਆ, ਏਨੇ ਨੂੰ ਵਸ਼ਿਸ਼ਟ ਜੀ ਆ ਗਏ। ਹਰੀ ਚੰਦ ਨੇ ਕਿਹਾ ਕਿ ਮੇਰੇ ਗੁਰੂ ਜੀ ਆ ਗਏ ਹਨ ਤੁਸੀਂ ਹੁਣ ਬੇ-ਸ਼ੱਕ ਚਲੇ ਜਾਓ ਬੱਸ ਏਨੀ ਗੱਲ ਕਹਿਣ ਦੀ ਦੇਰ ਸੀ ਵਿਸ਼ਵਾਮਿੱਤਰ ਜੀ ਨੂੰ ਗੁੱਸਾ ਚੜ੍ਹ ਗਿਆ ਤੇ ਗੁੱਸਾ ਮਨ ਵਿਚ ਰੱਖ ਕੇ ਚਲੇ ਗਏ। ਇਕ ਦਿਨ ਰਾਜਾ ਸ਼ਿਕਾਰ ਕਰਨ ਵਾਸਤੇ ਜੰਗਲ ਵਿਚ ਗਿਆ, ਉਥੇ ਹੀ ਵਿਸ਼ਵਾਮਿੱਤਰ ਬ੍ਰਾਹਮਣ ਦਾ ਰੂਪ ਬਣਾ ਆ ਮਿਲਿਆ ਤੇ ਦਾਨ ਦੀ ਮੰਗ ਕੀਤੀ।

ਰਾਜੇ ਕਿਹਾ: "ਬ੍ਰਾਹਮਣ ਜੀ ! ਜੋ ਮੰਗੋਗੇ, ਮਿਲੇਗਾ।"

ਉਸ ਬ੍ਰਾਹਮਣ ਲਿਬਾਸ ਵਿਚ ਵਿਸ਼ਵਾਮਿੱਤਰ ਨੇ ਰਾਜੇ ਤੋਂ ਬਚਨ ਲੈ ਲਿਆ ਕਿ ਮੈਂ ਜੋ ਮੰਗਾਂਗਾ ਮੈਨੂੰ ਮਿਲੇਗਾ ?

ਰਾਜੇ ਕਿਹਾ – 'ਅਵੱਸ਼ ਮਿਲੇਗਾ"

ਬ੍ਰਾਹਮਣ ਨੇ ਕਿਹਾ: 'ਮੈਨੂੰ ਆਪਣਾ ਰਾਜ-ਭਾਗ ਦਾਨ ਕਰ ਦਿਓ !"

ਹਰੀ ਚੰਦ ਬਚਨ ਦੇ ਚੁੱਕਾ ਸੀ, ਦੇਣਾ ਪਿਆ। ਬ੍ਰਾਹਮਣ ਨੇ ਤਿੰਨ ਭਾਰ ਸੋਨੇ ਦੇ ਮੰਗੇ ਜੋ ਰਾਜੇ ਨੂੰ ਗਹਿਣੇ ਤੇ ਬਾਕੀ ਆਪਣੀ ਘਰਵਾਲੀ ਵੇਚ ਕੇ ਉਤਾਰਨੇ ਪਏ। ਬ੍ਰਾਹਮਣ ਦੇ ਕਹੇ ਅਨੁਸਾਰ ਦਾਨ ਦਿੱਤੀ ਜ਼ਮੀਨ ਵਿਚ ਤੁਸੀਂ ਰਹਿ ਨਹੀਂ ਸਕਦੇ, ਉਥੋਂ ਨਿਕਲਣਾ ਪਿਆ। ਆਪ ਮਸਾਣਾ ਦੇ ਮਾਲਕ ਚੰਡਾਲ ਦੇ ਘਰ ਜਾ ਨੌਕਰੀ ਕੀਤੀ। ਪੁੱਤਰ ਨੂੰ ਸੱਪ ਨੇ ਡੰਗ ਦਿੱਤਾ। ਰਾਣੀ ਸਾੜਨ ਹਿਤ ਆਈ ਪਰ ਉਸ ਨੂੰ ਇਕ ਰੁਪਇਆ ਲੈ ਕੇ ਸਾੜਨ ਦਾ ਹੁਕਮ ਸੀ। ਰਾਣੀ ਤੋਂ ਅੱਧਾ ਕਪੜਾ ਲੈ ਕੇ ਸਾੜਨ ਦੀ ਆਗਿਆ ਦਿੱਤੀ ਇਹ ਕੁਝ ਦੇਖ ਕੇ ਕਹਿੰਦੇ ਨੇ ਸੁਰਗਾਂ ਵਿਚੋਂ ਇਕ ਪਾਲਕੀ ਆਈ ਤੇ ਉਸ ਵਿਚ ਰਾਜਾ ਆਪ ਰਾਣੀ ਤੇ ਜਿਸ ਦੀ ਨੌਕਰੀ ਕਰਦਾ ਸੀ ਉਸ ਨੂੰ ਵੀ ਪ੍ਰਵਾਰ ਸਮੇਤ ਤਾਰਨਾ ਕੀਤਾ।

## ਸ੍ਵੈਯਾ

**੧. ਸੁਰ ਕੇ ਪਤਿ ਕੋ ਗਹਿ ਕੇ ਜਿਹਿ ਨੇ ਮਹਿ ਮੰਡਲ ਮੋ ਗਢ ਲੰਕ ਦਿਖਾਏ।**

**੨. ਗਢ ਕੰਚਨ ਸਾਗਰ ਕੀ ਪਰਿਖਾ ਤਿਹ ਰਾਵਣ ਕੇ ਦਸ ਮੂੰਡ ਕਟਾਏ।**

**੩. ਅਬ ਔਰਨ ਬਾਤ ਕਹਾ ਕਹੀਏ ਹਰਿ ਤਾਤਹਿ ਕੇ ਪਦ ਸੰਗਲ ਪਾਏ।**

**੪. ਭਵ ਮਾਹਿ ਅਗਾਧ ਗਤੀ ਤਿਨ ਕੀ ਸਭ ਹਾਰ ਪਰੇ ਗਤਿ ਕੋਇ ਨ ਪਾਏ। ੩੩।।**

### ਪਦ ਅਰਥ :

ਸੁਰ=ਦੇਵਤੇ। ਪਤਿ=ਮਾਲਕ। ਸੁਰ ਕੇ ਪਤਿ=ਦੇਵਤਿਆਂ ਦੇ ਮਾਲਕ, ਇੰਦਰ ਰਾਜਾ। ਗਹ=ਫੜਨਾ। ਜਿਹਿ ਨੇ=ਜਿਸ ਨੇ। ਮਹਿ ਮੰਡਲ=ਧਰਤੀ, ਜ਼ਮੀਨ 'ਤੇ, ਮਾਤ ਲੋਕ ਵਿਚ। ਗਢ ਲੰਕ=ਲੰਕਾ ਦਾ ਕਿਲ੍ਹਾ। ਗਢ ਕੰਚਨ=ਸੋਨੇ ਦਾ ਕਿਲ੍ਹਾ। ਸਾਗਰ=ਸਮੁੰਦਰ। ਪਰਿਖਾ=ਖਾਈ। ਕਿਲ੍ਹੇ ਦੇ ਚਾਰ ਚੁਫੇਰੇ ਡੂੰਘਾ ਟੋਆ, ਜਿਸ ਵਿਚ ਪਾਣੀ ਭਰਿਆ ਰਹੇ। ਪੁਰਾਣੇ ਜ਼ਮਾਨੇ ਵੈਰੀ ਨੂੰ ਰੋਕਣ ਲਈ ਇਹ ਪਰਿਖਾ ਬਣਾਈ ਜਾਂਦੀ ਸੀ। ਨੀਤੀ ਸ਼ਾਸਤ੍ਰ ਵਿਚ ਪਰਿਖਾ ਦੀ ਚੌੜਾਈ ਸੌ ਹੱਥ ਤੇ ਡੂੰਘਾਈ ਵੀਹ ਹੱਥ ਲਿਖੀ ਹੈ। ਮੂੰਡ=ਸਿਰ। ਕਟਾਏ =ਕਟਾ ਦਿੱਤੇ। ਅਬ=ਹੁਣ। ਔਰਨ=ਹੋਰਨਾਂ ਦੀ। ਬਾਤ=ਗੱਲ। ਕਹਾ=ਕੀ। ਕਹੀਏ=ਆਖੀਏ। ਹਰਿ=ਕ੍ਰਿਸ਼ਨ। ਤਾਤ=ਪਿਤਾ। ਪਗ=ਪੈਰੀਂ। ਹਰਿ ਤਾਤ ਕੇ ਪਗ=ਸ੍ਰੀ ਕ੍ਰਿਸ਼ਨ ਦੇ ਪਿਤਾ ਬਾਸਦੇਵ ਦੇ ਪੈਰਾਂ ਨੂੰ ਬੇੜੀਆਂ ਪਵਾ ਦਿੱਤੀਆਂ।

### ਅਰਥ :

੧. ਜਿਸ (ਕਰਮ ਗਤੀ) ਨੇ ਦੇਵਤਿਆਂ ਦੇ ਪਤੀ (ਇੰਦਰ ਰਾਜੇ) ਨੂੰ ਫੜ ਕੇ ਮਾਤ ਲੋਕ ਵਿਚ ਲੰਕਾ ਦਾ ਕਿਲ੍ਹਾ ਦਿਖਾ ਦਿੱਤਾ। ਭਾਵ ਸਵਰਗ ਵਿਚ ਰਹਿਣ ਵਾਲਾ ਇੰਦਰ ਰਾਵਣ ਦੀ ਕੈਦ ਵਿਚ ਆ ਗਿਆ (ਅਤੇ ਜਿਸ ਕਰਮ ਗਤੀ ਨੇ)।

੨. ਸੋਨੇ ਦਾ ਕਿਲ੍ਹਾ, ਸਮੁੰਦਰ (ਜਿਸ ਕਿਲ੍ਹੇ ਦੀ) ਖਾਈ ਸੀ, ਉਸ (ਕਿਲ੍ਹੇ ਦੇ ਮਾਲਕ) ਰਾਵਣ ਦੇ ਦਸ ਸਿਰ ਕੱਟਾ ਦਿੱਤੇ। ਜਿਵੇਂ

"ਖੋਦ ਕਰੇ ਪਰਖਾਦ ਸਬੀਸਕ ਸਮੁੰਦ ਬਨਾਇ ਸਕੈ ਨਹਿ ਕੋਈ।"

ਭਾਵ ਜੇਕਰ ਕੋਈ ਰਾਜਾ ਕਿਲ੍ਹੇ ਦੀ ਦਸ-ਵੀਹ ਹੱਥ ਖਾਈ ਤਾਂ ਜ਼ਮੀਨ ਪੁੱਟ ਕੇ ਬਣਾ ਸਕਦਾ ਹੈ ਪਰ ਸਮੁੰਦਰ ਦੀ ਖਾਈ ਕੋਈ ਨਹੀਂ ਬਣਾ ਸਕਦਾ।

੩. ਹੁਣ ਹੋਰਨਾਂ ਦੀ ਕੀ ਗੱਲ ਆਖੀਏ ਸ੍ਰੀ ਕ੍ਰਿਸ਼ਨ ਜੀ ਦੇ ਪਿਤਾ ਦੇ ਪੈਰੀਂ (ਕਰਮ ਗਤੀ ਨੇ) ਸੰਗਲ ਪਵਾ ਦਿੱਤੇ। ਅਰਥਾਤ ਜਦੋਂ ਕੰਸ ਨੂੰ ਏਸ ਗੱਲ ਦਾ ਪਤਾ ਲੱਗਾ ਕਿ ਮੇਰੀ ਭੈਣ ਦਾ ਅੱਠਵਾਂ ਬੱਚਾ ਮੇਰੀ ਮੌਤ ਹੋਵੇਗੀ ਤਾਂ ਉਸ ਨੇ ਆਪਣੀ ਭੈਣ ਤੇ ਭਣਵੀਏ ਨੂੰ ਕੈਦ ਕਰ ਜੇਲ੍ਹ ਵਿਚ ਬੰਦ ਕਰ ਦਿੱਤਾ ਤੇ ਹੱਥ ਕੜੀਆਂ ਤੇ ਪੈਰੀਂ ਬੇੜੀਆਂ ਪਾ ਦਿੱਤੀਆਂ।

੪. ਸੰਸਾਰ ਵਿਚ ਕਰਮ ਗਤੀ ਦੀ ਰੀਤੀ ਬੜੀ ਡੂੰਘੀ ਹੈ, ਕੋਈ ਵੀ ਉਸ ਰੀਤੀ ਨੂੰ ਸਮਝ ਨਹੀਂ ਸਕਿਆ ਸਭ ਜ਼ੋਰ ਲਾ-ਲਾ ਥੱਕ ਗਏ।। ੩੩।।

ਸ੍ਵੈਯਾ।।

**੧. ਕ੍ਰਿਤਿ ਪੂਰਬ ਆਹਿ ਸੁਭਾਸੁਭ ਜੋ ਫਲ ਦੇਵਨ ਕੋ ਜਗ ਭੀਤਰਿ ਆਏ।**
**੨. ਬਲ ਤੇ ਫਲ ਦੇਹ ਸਭੈ ਜਨ ਕੋ ਜਗ ਨਾਹਿ ਸਕੈ ਤਿਹਿ ਕੋਇ ਮਿਟਾਏ।**
**੩. ਨਿਸ ਪੇਖਨ ਡੀਲਹਿ ਤਾਰ ਸਮੰ ਵਸ ਲੋਗਨ ਕੇ ਬਹੁ ਭਾਂਤਿ ਫਿਰਾਏ।**
**੪. ਭਵ ਮਾਂਹਿ ਅਗਾਧ ਗਤੀ ਤਿਨ ਕੀ ਸਭ ਹਾਰ ਪਰੇ ਗਤਿ ਕੋਇ ਨ ਪਾਏ।।੩੪।।**

**ਪਦ ਅਰਥ :**

ਕ੍ਰਿਤਿ=ਕੀਤੇ। ਪੂਰਬ=ਪਹਿਲੇ ਸਮੇਂ, ਪਿਛਲੇ ਜਨਮ ਵਿਚ। ਆਹਿ=ਹੈ। ਸੁਭਾਸੁਭ=ਸੁਭ+ਅਸ਼ੁਭ, ਚੰਗੇ-ਮਾੜੇ। ਦੇਵਨ=ਦੇਣ। ਕੋ=ਨੂੰ। ਭੀਤਰਿ=ਵਿਚ। ਬਲ=ਤਾਕਤ, ਜ਼ੋਰ, ਜਬਰੀ। ਤੇ=ਕਰਕੇ। ਦੇਹ=ਦੇਹਿ, ਦੇਂਦੇ ਹਨ। ਜਗ=ਜਗਤ। ਤਿਹਿ=ਉਨ੍ਹਾਂ (ਕੀਤੇ ਕਰਮਾਂ ਅਨੁਸਾਰ)। ਨਿਸ=ਰਾਤ। ਪੇਖਨ=ਤਮਾਸ਼ਾ,ਪੇਖਨਾ, ਦੇਖਣਾ। ਡੀਲਹਿ=ਪੁਤਲੀਆਂ। ਸਮੰ=ਬਰਾਬਰ।

**ਅਰਥ :**

੧. ਜੋ ਪੂਰਬਲੇ ਚੰਗੇ-ਮਾੜੇ ਕੀਤੇ ਕਰਮ ਹਨ ਉਹ ਦੁਨੀਆਂ ਵਿਚ ਫਲ ਦੇਣ ਵਾਸਤੇ ਆਏ ਹਨ।

੨. ਜ਼ੋਰ ਨਾਲ ਸਾਰੇ ਮਨੁੱਖਾਂ ਨੂੰ ਕੀਤੇ ਦਾ ਫਲ ਦੇਂਦੇ ਹਨ ਪਰ ਕੋਈ ਜਗਤ ਵਿਚ ਅਜਿਹਾ ਨਹੀਂ, ਜੋ ਉਨ੍ਹਾਂ ਕਰਮਾਂ ਦੇ ਫਲ ਨੂੰ ਖਤਮ ਕਰ ਦੇਵੇ।

੩. ਰਾਤ ਨੂੰ ਪੁਤਲੀਆਂ ਦਾ ਤਮਾਸ਼ਾ ਦੇਖਣ ਵਾਂਗ ਹੀ ਹੈ (ਜਿਵੇਂ ਉਹ ਪੁਤਲੀਆਂ ਤਾਰ ਦੇ ਨਾਲ ਹੀ ਚਲਦੀਆਂ ਹਨ) ਵਸ ਏਸੇ ਤਰ੍ਹਾਂ ਲੋਗਾਂ ਨੂੰ ਕਰਮ ਬਹੁਤ ਤਰ੍ਹਾਂ ਫਿਰਾਉਂਦੇ ਹਨ।

੪. ਜਗਤ ਵਿਚ (ਕਰਮਾਂ ਦੀ) ਚਾਲ ਬੜੀ ਡੂੰਘੀ ਹੈ ਸਾਰੇ ਸਿਆਣੇ-ਸਿਆਣੇ ਥਕ ਗਏ ਹਨ, ਕੋਈ ਵੀ ਉਸ ਚਾਲ ਨੂੰ ਸਮਝ ਨਹੀਂ ਸਕਿਆ।

ਦੋਹਰਾ।।

**੧. ਖੋਟਨ ਕੀ ਸੰਗਤਿ ਕਰੇ, ਕਰੇ ਲੋਭ ਜਨ ਜੋਇ।**
**੨. ਸੁਨੋ ਸਕਲ ਸਾਚੀ ਕਹੋਂ ਦੁਖੀ ਹੋਇ ਜਗ ਸੋਇ ।। ੩੫।।**

**ਪਦ ਅਰਥ :**

ਖੋਟਨ=ਖੋਟੇ ਭੈੜੇ। ਸੰਗਤਿ=ਸਾਥ, ਮੇਲ-ਜੋਲ। ਲੋਭ=ਲਾਲਚ। ਜੋਇ=ਜਿਹੜਾ। ਸੁਨੋ=ਸੁਣੋ। ਸਕਲ=ਸਾਰੀ। ਕਹੋਂ=ਕਹਿੰਦਾ ਹਾਂ। ਸੋਇ=ਉਹੀ।

**ਅਰਥ :**

੧. ਜੋ ਭੈੜੇ ਮਨੁੱਖਾਂ ਦੀ ਸੰਗਤਿ (ਸਾਥ) ਕਰੇਗਾ ਅਤੇ ਜਿਹੜਾ ਲਾਲਚ ਕਰੇਗਾ।

੨. (ਕਵੀ ਗੁਲਾਬ ਸਿੰਘ ਜੀ ਕਹਿੰਦੇ ਹਨ, ਕਿ ਧਿਆਣ ਨਾਲ) ਸੁਣੋ, ਮੈ ਸੱਚੀ ਗੱਲ ਕਹਿੰਦਾ ਹਾਂ ਕਿ ਉਹ ਮਨੁੱਖ ਜਗਤ ਵਿਚ (ਜ਼ਰੂਰੀ ਹੀ) ਦੁਖੀ ਹੋਵੇਗਾ।

ਅਗਲੇ ਸਵੱਈਆਂ ਵਿਚ ਭੈੜੀ ਸੰਗਤ ਵਿਚਾਰ ਲਿਖਦੇ ਹਨ-

ਸ੍ਵੈਯਾ।।

**੧. ਤਿਲ ਤੇਲ ਕੇ ਸੰਗਿ ਲਹੇ ਦੁਖ ਕੋ ਰਸ ਸੰਗਤਿ ਤੇ ਜਗ ਈਖ ਪਿੜਾਏ।**
**੨. ਫਲ ਸੰਗਤਿ ਪਾਦਪ ਈਟ ਸਹੇ ਅਰੁ ਗੰਧ ਕਿ ਸੰਗਹਿ ਫੂਲ ਤਪਾਏ।**
**੩. ਕਰਿ ਤੰਦੁਲ ਸੰਗਤਿ ਕੋ ਜਗ ਮੈਂ ਪੁਨ ਸੀਸ ਬਿਖੇ ਤੁਖ ਮੂਸਲ ਖਾਏ।**
**੪. ਮਿਲਿ ਈਖ ਸਮੰ ਕਰਿ ਖੋਟਨ ਸੰਗਤਿ ਯਾ ਜਗ ਮੈ ਦੁਖ ਕੌਨ ਨ ਪਾਏ।। ੩੬।।**

**ਪਦ ਅਰਥ :**

ਸੰਗ=ਨਾਲ। ਲਹੇ=ਲੈਂਦਾ। ਕੋ=ਨੂੰ। ਤੇ=ਕਰਕੇ। ਈਖ=ਗੰਨਾ। ਪਿੜਾਏ=ਪੀੜਾਉਂਦਾ ਹੈ। ਪਾਦਪ=ਬ੍ਰਿਛ, ਦਰੱਖਤ। ਸਹੇ =ਸਹਿੰਦਾ। ਅਰੁ=ਅਤੇ। ਗੰਧ=ਖੁਸ਼ਬੋ। ਸੰਗਤਿ=ਨਾਲ। ਤਪਾਏ=ਤਪਾਏ ਜਾਂਦੇ, ਕੜਾਹੇ ਵਿਚ ਪਾ ਕੇ ਉਬਾਲੇ ਜਾਂਦੇ ਹਨ। ਤੰਦੁਲ=ਚਾਵਲ, ਚੌਲ। ਕਰਿ=ਕਰਕੇ। ਪੁਨ=ਫੇਰ। ਸੀਸ=ਸਿਰ। ਬਿਖੈ=ਵਿਚ। ਤੁਖ=ਤੂਹ ਛਿਲਕੇ। ਮੁਸਲ=ਮੋਹਲੇ।

**ਅਰਥ :**

੧. ਤੇਲ ਦਾ ਸਾਥ ਕਰਕੇ ਤਿਲਾਂ ਨੇ ਦੁੱਖ ਪਾਇਆ, ਰਸ ਦਾ ਸੰਗ ਕਰਕੇ ਜਗਤ ਵਿਚ ਗੰਨਾ ਪੀੜਿਆ ਗਿਆ।

੨. ਫਲ ਦੀ ਸੰਗਤ ਕਰਕੇ ਦਰੱਖਤ ਨੇ ਇੱਟਾਂ (ਵੱਟੇ) ਸਹਾਰੀਆਂ ਅਤੇ ਖੁਸ਼ਬੂ ਦੇ ਨਾਲ ਹੋਣ ਕਰਕੇ ਫੁੱਲਾਂ ਨੂੰ (ਆਪਣਾ ਆਪ ਕੜਾਹੇ ਵਿਚ) ਤਪਾਉਣਾ ਪਿਆ, ਅਰਥਾਤ ਉਬਲਣਾ ਪਿਆ।

੩. ਚੋਲਾਂ ਦੇ ਮੇਲ ਕਰਕੇ ਸੰਸਾਰ ਅੰਦਰ ਤੋਹਾਂ (ਛਿਲਕਿਆਂ) ਨੇ ਮੋਲ੍ਹਿਆਂ ਦੀ ਮਾਰ ਖਾਧੀ।

੪. ਤਿਲ, ਗੰਨਾ, ਦਰੱਖਤ ਤੇ ਤੋਹਾਂ ਵਾਂਗ ਜੋ ਵੀ ਮਾੜੇ (ਪੁਰਸ਼ਾਂ) ਦੀ ਸੰਗਤ ਕਰਦਾ ਹੈ, ਉਹ ਅਵੱਸ਼ ਦੁੱਖ ਭੋਗਦਾ ਹੈ। ੩੬।

**ਦੋ ਸਵਈਆਂ ਵਿਚ ਲੋਭਦਾ ਪ੍ਰਕਰਣ ਆਖਦੇ ਹਨ–**

ਸ੍ਵੈਯਾ ।।

## ੧. ਨਾਦ ਕਿ ਲੋਭ ਤਜੇ ਮ੍ਰਿਗ ਪ੍ਰਾਨ ਸੁ ਬੀਨ ਸੁਨੇ ਅਹਿ ਆਪ ਬੰਧਾਏ।
## ੨. ਮੀਨ ਸੁ ਤਯਾਗ ਅਗਾਧ ਜਲੰ ਉਰ ਲੋਭ ਲਗੇ ਗਲਿ ਲੋਹ ਫਹਾਏ।
## ੩. ਕਾਗਦ ਦੀ ਪੁਤਰੀ ਕਰਣੀ ਵਸਿ ਮੱਤ ਗਇੰਦ ਸੁ ਅੰਕਸ ਖਾਏ।
## ੪. ਯਾ ਭਵ ਮੰਡਲ ਮਾਹਿ ਸੁਨੋ ਉਰ ਲੋਭ ਕਰੇ ਦੁਖ ਕੌਨ ਨ ਪਾਏ।। ੩੭।।

**ਪਦ ਅਰਥ :**

ਨਾਦ=ਆਵਾਜ਼, ਸੁਰ। ਲੋਭ=ਲਾਲਚ। ਤਜੇ=ਛੱਡਦਾ। ਮ੍ਰਿਗ=ਹਿਰਨ। ਅਹਿ=ਸੱਪ। ਆਪ=ਆਪਾ। ਬੰਧਾਏ=ਬੰਦ ਕਰਵਾ ਲੈਂਦਾ ਹੈ, ਮੀਨ=ਮੱਛੀ। ਅਗਾਧ=ਡੂੰਘਾ। ਜਲੰ=ਜਲ। ਉਰ=ਹਿਰਦਾ। ਗਲਿ=ਗਲ ਵਿਚ। ਲੋਹ=ਲੋਹਾ, ਕੁੰਡੀ। ਫਹਾਏ=ਫਸਾ ਲੈਂਦੀ ਹੈ। ਕਾਗਦ=ਕਾਗਜ਼। ਪੁਤਰੀ=ਪੁਤਲੀ। ਕਰਣੀ=ਹਥਨੀ, ਕਾਗਜ਼ ਦੀ ਬਣੀ ਹਥਨੀ ਦਾ ਪੁਤਲਾ ਹੈ। ਮੱਤ=ਮੱਤਿਆ, ਮਸਤਿਆ। ਗਇੰਦ=ਹਾਥੀ। ਅੰਕਸ=ਕੁੰਡਾ, ਹਾਥੀ ਨੂੰ ਕਾਬੂ ਕਰਨ ਲਈ ਮਹਾਵਤ ਦੇ ਕੋਲ ਇੱਕ ਤਿੱਖਾ ਕੁੰਡਾ ਹੁੰਦਾ ਹੈ ਜੋ ਹਾਥੀ ਦੇ ਸਿਰ 'ਤੇ ਜ਼ੋਰ ਨਾਲ ਮਾਰ ਕੇ ਉਸ ਨੂੰ ਕਾਬੂ ਕਰਦਾ ਹੈ। ਯਾ=ਇਸ। ਭਵ ਮੰਡਲ=ਸੰਸਾਰ ਮੰਡਲ ਵਿਚ। ਕੌਨ=ਕਿਹੜਾ।

**ਅਰਥ :**

੧. (ਕੰਨਾਂ ਵਿਚ) ਅਵਾਜ਼ ਦਾ ਲਾਲਚ ਹੋਣ ਕਰਕੇ ਹਿਰਨ ਆਪਣੇ ਪ੍ਰਾਣ ਤਿਆਗ ਦੇਂਦਾ ਹੈ, ਬੀਨ ਦੀ ਥਰ-ਥਰਾਹਟ ਸੁਣ ਕੇ ਸੱਪ ਆਪਣੇ ਆਪ ਨੂੰ (ਪਟਾਰੀ ਵਿਚ) ਬੰਦ ਕਰਵਾ ਦਿੰਦਾ ਹੈ।

੨. ਮੱਛੀ ਡੂੰਘੇ ਪਾਣੀ ਵਿਚ ਰਹਿੰਦੀ ਹੋਈ (ਸਿਰਫ ਜੀਭ ਦੇ ਸੁਆਦ ਕਰਕੇ) ਗਲ ਵਿਚ ਕੁੰਡੀ ਫਸਾ ਲੈਂਦਾ ਹੈ।

੩. ਕਾਗਜ਼ ਦੀ (ਬਣੀ ਹੋਈ) ਹਥਨੀ ਦੀ ਪੁਤਲੀ (ਦੇਖ ਕੇ ਹਾਥੀ ਕਾਮ ਵਸਿ ਹੋਇਆ ਸਾਰੀ ਜ਼ਿੰਦਗੀ ਸਿਰ 'ਤੇ) ਕੁੰਡੇ ਖਾਂਦਾ ਹੈ।

੪. ਇਸ ਸੰਸਾਰ ਮੰਡਲ ਵਿਚ ਸੁਣੋ ਦਿਲ ਵਿਚ ਲੋਭ ਕੀਤਿਆਂ ਕੌਣ ਦੁੱਖ ਨਹੀਂ ਪਾਉਂਦਾ। ੩੭।

ਨੋਟ–ਹਾਥੀਆਂ ਨੂੰ ਫੜਨ ਲਈ ਸ਼ਿਕਾਰੀ ਲੋਕ ਇਕ ਜੰਗਲ ਵਿਚ ਡੂੰਘਾ ਟੋਆ ਪੁੱਟ ਦਿੰਦੇ ਹਨ ਤੇ ਉੱਪਰ ਘਾਹ-ਪੱਤਿਆਂ ਦੀ ਛੱਤ ਪਾ ਕੇ ਉਸ 'ਤੇ ਹਥਨੀ ਦਾ ਪੁਤਲਾ ਰੱਖ ਦਿੰਦੇ ਹਨ। ਹਾਥੀ ਜਦੋਂ ਹਥਨੀ ਨੂੰ ਦੇਖਦਾ ਹੈ ਤੇ ਕਾਮ ਵਸ ਹੋਇਆ ਉਸ ਵੱਲ ਆਉਂਦਾ ਹੈ ਤੇ ਖੱਡੇ ਵਿਚ ਡਿਗ ਪੈਂਦਾ ਤੇ ਸਾਰੀ ਉਮਰ ਕੁੰਡਿਆਂ ਦੀ ਮਾਰ ਖਾਂਦਾ ਹੈ।

ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਅੰਕਸੁ ਸਹਿਓ ਸੀਸ।। (ਗਉੜੀ ਕਬੀਰ, ਪੰਨਾ ੩੩੫)

ਸ੍ਵੈਯਾ ॥

**੧. ਗੀਝਨ ਮਾਸ ਗਹੇ ਮੁਖ ਮੈਂ ਪੁਨ ਝੁੰਡਨ ਤੇ ਨਿਜ ਮੁੰਡ ਕਟਾਏ।**
**੨. ਭ੍ਰਿੰਗ ਬਲੀ ਪਿਖਿ ਕੰਜ ਪ੍ਰਭਾ ਉਰ ਲੋਭ ਲਗੇ ਤਿਹ ਮਾਹਿ ਬੰਧਾਏ।**
**੩. ਰੂਪ ਕੇ ਲੋਭ ਪਤੰਗ ਦਹੇ ਅਰੁ ਚੋਗ ਕਿ ਲੋਭ ਬਿਹੰਗ ਫਹਾਏ।**
**੪. ਯਾ ਭਵ ਮੰਡਲ ਮਾਹਿ ਸੁਨੋ ਉਰ ਲੋਭ ਜਗੇ ਦੁਖੁ ਕੌਨ ਨ ਪਾਏ॥ ੩੮॥**

**ਪਦ ਅਰਥ :**

ਗੀਝਨ=ਗਿਰਝਾਂ, ਇਲ੍ਹਾਂ। ਗਹੇ=ਪਕੜਨਾ। ਮੈਂ=ਵਿਚ। ਪੁਨ=ਫੇਰ। ਝੁੰਡਨ=ਟੋਲੇ। ਨਿਜ=ਆਪਣਾ। ਮੁੰਡ=ਸਿਰ। ਕਟਾਏ=ਕਟਾ ਲੈਂਦੀ ਹੈ ਸਿਰ ਲਹੂ ਲੁਹਾਣ ਕਰਵਾ ਲੈਂਦੀ ਹੈ। ਭ੍ਰਿੰਗ=ਭੌਰਾ। ਬਲੀ=ਬੇਲਾਂ, ਸਾਖ ਟਾਹਣੀ। ਭੌਰਾਂ ਫੁੱਲਾਂ ਦੀ ਟਾਹਣੀਆਂ। ਪਿਖਿ=ਦੇਖ ਕੇ। ਉਰ=ਹਿਰਦਾ, ਦਿਲ। ਲੋਭ=ਲਾਲਚ। ਤਿਹ=ਉਸੇ। ਮਾਹਿ=ਵਿਚ। ਰੂਪ=ਅੱਗ ਦਾ ਰੂਪ। ਪਤੰਗ=ਭੰਵਟ। ਦਹੇ =ਸੜ ਜਾਂਦਾ ਹੈ। ਬਿਹੰਗ=ਪੰਛੀ। ਫਹਾਏ=ਫਸਾ ਲੈਂਦੇ ਹਨ। ਜਗੇ=ਜਾਗਣ ਕਰਕੇ।

**ਅਰਥ :**

੧. (ਮੁਰਦਾਰ ਦੇਖ ਕੇ) ਗਿੱਝ (ਉਸ 'ਤੇ ਆ ਪੈਂਦੀ ਹੈ ਤੇ ਮਾਸ ਤੋੜ ਮੂੰਹ 'ਚ ਪਾ ਕੇ ਉਪਰ ਉੱਡਦੀ ਹੈ ਤੇ ਦੂਸਰੀਆਂ ਗਿੱਝਾਂ ਦੇ ਝੁੰਡ ਤੋਂ ਆਪਣਾ ਸਿਰ ਕਟਵਾ ਲੈਂਦੀ ਹੈ ਅਰਥਾਤ ਦੂਸਰੀਆਂ ਇੱਲ੍ਹਾਂ ਤੋਂ ਆਪਣਾ ਸਿਰ ਲਹੂ ਲੁਹਾਨ ਕਰਵਾ ਲੈਂਦੀ ਹੈ।

੨. ਭੌਰਾਂ ਫੁੱਲਦਾਰ ਵੇਲਾਂ 'ਤੇ ਕਵਲ ਫੁੱਲ ਦੇਖ ਕੇ ਦਿਲ 'ਚ ਲਾਲਚ ਕਰਕੇ ਉਸ ਵਿਚ ਆਪਣਾ ਆਪ ਬੰਧਾ ਲੈਂਦਾ ਹੈ।

ਭਾਵ—ਕੰਵਲ ਦੀ ਸੁਗੰਧੀ 'ਤੇ ਮਸਤ ਹੋਇਆ ਭੌਰਾ ਆਪਾ ਭੁੱਲ ਜਾਂਦਾ ਹੈ ਤੇ ਸ਼ਾਮ ਨੂੰ ਫੁੱਲ ਵਿਚ ਬੰਦ ਹੋ ਜਾਂਦਾ ਹੈ, ਦਿਨ ਚੜ੍ਹਨ ਤੋਂ ਪਹਿਲਾਂ ਗਾਂਧੀ, ਲੋਕ ਫੁੱਲ ਤੋੜ ਕੇ ਲੈ ਜਾਂਦੇ ਹਨ ਤੇ ਉਹਨਾਂ ਨਾਲ ਆਪਣਾ ਆਪ ਖ਼ਤਮ ਕਰਵਾ ਲੈਂਦਾ ਹੈ।

੩. (ਰੌਸ਼ਨੀ ਦਾ) ਰੂਪ ਦੇਖ ਕੇ (ਰੌਸ਼ਨੀ ਦਾ) ਲਾਲਚੀ ਹੋਇਆ ਉਸੇ ਲਾਟ 'ਤੇ ਆਪਣਾ ਆਪ ਸਾੜ ਦੇਂਦਾ ਹੈ ਅਤੇ ਚੋਗ ਦਾ ਲਾਲਚੀ ਹੋਇਆ ਪੰਛੀ ਆਪਣਾ ਆਪ ਪਿੰਜਰੇ ਵਿਚ ਫਸਾ ਲੈਂਦਾ ਹੈ।

੪. ਇਸ ਸੰਸਾਰ ਮੰਡਲ ਵਿਚ (ਐ ਭਾਈ!) ਦੱਸੋ ਲਾਲਚ ਦੇ ਜਾਗਣ ਕਰਕੇ ਕਿਸ ਨੇ ਦੁੱਖ ਨਹੀਂ ਪਾਇਆ ਭਾਵ ਹਰੇਕ ਲਾਲਚੀ ਮਨੁੱਖ ਦੁਖੀ ਹੁੰਦਾ ਹੈ। ੩੮।

ਸ੍ਵੈਯਾ ॥

**੧. ਬਿਧਿ ਮਾਨਵ ਦੇਹ ਰਚੀ ਜਗ ਮੈਂ ਇਹਿ ਤੇ ਸਭ ਲੋਗਨ ਕੋ ਹਿਤ ਹੋਈ।**
**੨. ਇਨ ਮੈਂ ਸੁਭ ਸਾਧਨ ਕੋ ਕਰ ਕੈ ਜਗ ਕੀ ਪਦਵੀ ਨਹਿਂ ਹੇਰਤ ਕੋਈ।**
**੩. ਜਗ ਨਾਹਿ ਰਹੇ ਯਹਿ ਸੰਕ ਭਈ ਪੁਨ ਭੂਖ ਪਯਾਸ ਰਚੇ ਬਿਧਿ ਦੋਈ।**
**੪. ਜਿਸ ਤੇ ਸਭ ਸਾਧਨ ਧੂਰ ਮਿਲੇ ਦੁਖ ਦੋਇ ਨਿਵਾਰਣ ਦੌਰਤ ਲੋਈ॥ ੩੯॥**

**ਪਦ ਅਰਥ :**

ਬਿਧਿ=ਬ੍ਰਹਮਾ ਨੇ, ਵਿਧਾਤਾ ਨੇ। ਰਚੀ=ਬਣਾਈ। ਇਹ ਤੇ=ਇਸ (ਸਰੀਰ) ਨਾਲ। ਕੋ=ਦਾ। ਹਿਤ=ਭਲਾ। ਇਨ ਮੈਂ=ਇਸ ਮਨੁੱਖਾ ਦੇਹੀ ਵਿਚ ਹੀ। ਸਾਧਨ=ਚੰਗੇ ਕਰਮ, ਸ਼ੁਭ ਕਰਮ, ਨੇਕ ਕੰਮ। ਹੇਰਤ=ਦੇਖਦਾ। ਜਗ=ਸੰਸਾਰ। ਯਹਿ=ਇਹ। ਸੰਕ=ਸੰਕਾ, ਸ਼ੱਕ। ਪੁਨ=ਫੇਰ। ਰਚੇ=ਬਣਾਏ। ਬਿਧਿ=ਬ੍ਰਹਮਾ ਨੇ। ਦੋਈ=ਦੋ ਭੁੱਖ ਅਤੇ ਪਿਆਸ। ਜਿਸ ਤੇ=ਜਿਸ ਕਰਕੇ। ਧੂਰ=ਮਿੱਟੀ, ਖੇਹ। ਨਿਵਾਰਣ=ਦੂਰ ਕਰਨ ਲਈ। ਦੌਰਤ=ਦੌੜਦੀ। ਲੋਈ=ਲੁਕਾਈ, ਦੁਨੀਆਂ।

**ਅਰਥ :**

੧. ਬ੍ਰਹਮਾ ਨੇ ਮਨੁੱਖਾ-ਦੇਹ ਸੰਸਾਰ ਵਿਚ ਬਣਾਈ ਇਸ ਲਈ ਕਿ ਮਨੁੱਖ-ਦੇਹੀ ਕਰਕੇ ਸਭ ਦਾ ਭਲਾ ਹੋਵੇਗਾ।

੨. ਇਸ ਮਨੁੱਖ-ਸਰੀਰ ਵਿਚ ਨੇਕ ਕੰਮ (ਜਪ, ਤਪ ਆਦਿ ਸਾਧਨ ਤੇ ਸਤ, ਸੰਤੋਖ, ਧੀਰਜ, ਧਰਮ, ਵਿਚਾਰ) ਕਰਕੇ ਦੁਨੀਆਂ ਦੀ ਕੋਈ ਅਜੇਹੀ ਪਦਵੀ ਨਹੀਂ ਜੋ ਨਾ ਮਿਲੇ।

੩. ਫੇਰ ਬ੍ਰਹਮਾ ਦੇ ਮਨ ਵਿਚ ਸੰਕਾ ਆ ਗਈ ਕਿ (ਸਾਰੇ ਚੰਗੇ ਕਰਮ ਕਰਕੇ ਮੁਕਤ ਹੋ ਗਏ ਤਾਂ ਸੰਸਾਰ ਤਾਂ ਰਹਿਣਾ ਨਹੀਂ) ਫੇਰ ਉਸ (ਬ੍ਰਹਮਾ) ਨੇ ਭੁੱਖ ਤੇ ਪਿਆਸ ਦੋਨੋਂ ਰਚੇ।

੪. ਜਿਸ ਭੁੱਖ ਤੇ ਤਰੇਹ ਦੇ ਕਾਰਨ ਆਦਮੀ ਲਾਲਚੀ ਹੋ ਜਾਂਦਾ ਹੈ ਉਲਟੇ-ਸਿੱਧੇ ਕੰਮ ਕਰਨ ਕਰਕੇ ਸਾਰੇ ਨੇਕ ਕੰਮ ਮਿੱਟੀ ਵਿਚ ਰਲ ਜਾਂਦੇ ਹਨ ਸਿਰਫ ਤੇ ਸਿਰਫ ਸਾਰੀ ਦੁਨੀਆਂ ਦੀ ਭੁੱਖ ਤੇ ਪਿਆਸ ਦੂਰ ਕਰਨ ਵਿਚ ਹੀ ਦੌੜ ਲੱਗੀ ਰਹਿੰਦੀ ਹੈ।੩੯।

### ਸ੍ਵੈਯਾ।।

**੧. ਰੇ ਮਨ ਜੋ ਫਲ ਤੋਹਿ ਰਚਯੋ ਬਿਧਿ ਪਾਵਹਿਗੋ ਤਜਿ ਸੰਕ ਪਿਸਾਚੀ।**
**੨. ਨਹਿ ਲਹੇ ਤਿਹਿ ਕੋ ਨਰ ਔਰ ਸੁ ਦੌਰਨ ਮੈਂ ਮਤਿ ਕਾ ਹਿਤ ਰਾਚੀ।**
**੩. ਯੌ ਜੁਗ ਤੇ ਜੁਗ ਔਰਹਿ ਹੋਹਿ ਸੁ ਤੋ ਫਲ ਤੋਹਿ ਮਿਲੇ ਬਿਧਿ ਸਾਚੀ।**
**੪. ਹੋਇ ਪ੍ਰਸੰਨ ਸੁ ਰਾਮ ਭਜੋ ਇਤ ਤੇ ਉਤ ਦੌਰਨ ਮੈਂ ਮਤਿ ਕਾਚੀ।। ੪੦।।**

**ਪਦ ਅਰਥ :**

ਰੇ=ਹੇ। ਫਲ=ਦੁੱਖ, ਜਾਂ ਸੁਖ। ਤੋਹਿ=ਤੇਰੇ ਵਾਸਤੇ। ਰਚਯੋ=ਬਣਾਇਆ, ਪੈਦਾ ਕੀਤਾ। ਪਾਵਹਿਗੋ=ਪਾਵੇਂਗਾ। ਤਜ=ਛੱਡ ਦੇ, ਹਟਾ ਦੇ। ਸੰਕ=ਸ਼ੰਕਾ। ਪਿਸਾਚੀ=ਭੂਤਨੀ। ਲਹੇ=ਲਵੇਂਗਾ। ਤਿਹਿ=ਉਸ। ਕੋ=ਨੂੰ। ਔਰ=ਹੋਰ (ਮਨੁੱਖ)। ਦੌਰਨ=ਦੌੜ-ਭੱਜ। ਮਤਿ=ਬੁੱਧੀ, ਅਕਲ, ਸੁਰਤ। ਕਾ=ਕਿਸ। ਹਿਤ=ਵਾਸਤੇ। ਕਾ ਹਿਤ=ਕਿਸ ਵਾਸਤੇ। ਰਾਚੀ=ਜੁੜੀ ਹੋਈ ਹੈ, ਮਿਲੀ ਹੋਈ ਹੈ। ਯੌ=ਜੇ ਕਰ। ਜੁਗ ਤੇ ਜੁਗ=ਇਸ ਜੁਗ ਲੈ ਕੇ ਭਾਵੇਂ ਹੋਰ ਕਈ ਜੁਗ। ਹੋਹਿ=ਹੋ ਜਾਵੇ। ਤੋ=ਤੇਰਾ। ਤੋਹਿ=ਤੈਨੂੰ। ਬਿਧਿ=ਵਿਧੀ। ਸਾਚੀ=ਸੱਚੀ। ਪ੍ਰਸੰਨ=ਖੁਸ਼। ਹੋਇ=ਹੋ ਕੇ। ਭਜੋ=ਯਾਦ ਕਰੋ। ਇਤ ਤੇ ਉਤ=ਏਧਰ ਤੋਂ ਉਧਰ। ਦੌਰਨ ਮੈਂ=ਦੌੜਨ ਵਿਚ। ਮਤਿ =ਅਕਲ। ਕਾਚੀ=ਹੋਲੀ, ਹਲਕੀ।

**ਅਰਥ :**

੧. ਹੇ ਮਨ! ਜਿਹੜਾ ਦੁੱਖ ਜਾਂ ਸੁਖ ਰੂਪ ਫਲ ਬ੍ਰਹਮਾ ਨੇ ਤੇਰੇ ਵਾਸਤੇ ਬਣਾਇਆ ਹੈ, (ਉਹ) ਤੂੰ ਹੀ ਪਾਵੇਂਗਾ (ਇਸ ਲਈ ਤੂੰ) ਸ਼ੰਕਾ ਰੂਪ ਭੂਤਨੀ ਨੂੰ (ਆਪਣੇ ਦਿਲ ਵਿਚੋਂ) ਹਟਾ ਦੇ।

੨. (ਉਸ ਫਲ ਨੂੰ ਤੈਥੋਂ ਬਿਨਾਂ) ਹੋਰ ਕੋਈ ਵੀ ਮਨੁੱਖ ਨਹੀਂ ਲਵੇਗਾ, ਇਸ ਕਰਕੇ ਏਧਰ-ਉਧਰ ਭਟਕਣ ਵਿਚ ਤੇਰੀ ਬੁੱਧੀ ਕਿਉਂ ਮਿਲੀ ਹੋਈ ਹੈ ?

੩. (ਭਾਵੇਂ ਇਸ ਜੁਗ (ਜਹਾਨ) ਤੋਂ ਲੈ ਕੇ ਕੋਈ ਹੋਰ ਜੁਗ ਭੀ ਹੋ ਜਾਵੇ ਫੇਰ ਵੀ ਉਹ ਫਲ ਤੈਨੂੰ ਹੀ ਮਿਲੇਗਾ ਇਹ ਵਿਧੀ ਬਿਲਕੁਲ ਸੱਚੀ ਹੈ।

੪. (ਇਸ ਕਰਕੇ ਤੂੰ) ਖੁਸ਼ ਹੋ ਕੇ ਪਰਮਾਤਮਾ ਨੂੰ ਚੇਤੇ ਕਰ, ਕਿਉਂਕਿ ਏਧਰ-ਉਧਰ ਦੌੜਨ ਵਿਚ ਅਕਲ ਹੀ ਹੌਲੀ ਹੁੰਦੀ ਹੈ।੪੦।

### ਸ੍ਵੈਯਾ।।

**੧. ਜਿਹ ਲੋਗਨ ਕੇ ਹਿਤ ਪਾਪ ਕਰੇਂ ਮਨ ਤੇ ਨਹਿ ਤੇ ਕੁਛ ਕਾਜ ਸਵਾਰੇ।**
**੨. ਜਬ ਲੌਂ ਤਵ ਤੇ ਸੁਖ ਹੇਰਤ ਹੈਂ, ਤਬ ਹੀ ਮੁਖ ਮਾਹਿ ਪੁਕਾਰਤ ਥਾਰੇ।**
**੩. ਤਰੁ ਮੈਂ ਫਲ ਹੇਰਿ ਬਿਹੰਗਮ ਕੇ ਗਨ, ਆਵਤ ਹੈਂ ਛਦ ਚੋਂਚ ਪਸਾਰੇ।**
**੪. ਨਰ ਆਪਦ ਔ ਤਰੁ ਦਾਹਿ ਲਗੇ, ਨਰ ਔਰ ਬਿਹੰਗਮ ਦੂਰ ਪਧਾਰੇ।। ੪੧।।**

**ਪਦ ਅਰਥ :**

ਜਿਹ=ਜਿਨ੍ਹਾਂ। ਹਿਤ=ਵਾਸਤੇ। ਪਾਪ=ਮਾੜੇ ਕੰਮ। ਕਰੋਂ=ਕਰਦਾ ਹੈ। ਤੇ=ਉਹ। ਤੇ=ਤੇਰਾ। ਕਾਜ=ਕਾਰਜ, ਕੰਮ। ਲੌਂ=ਤੱਕ। ਤਵ=ਤੇਰੇ। ਤੇ=ਤੋਂ। ਹੇਰਤ=ਦੇਖਦੇ। ਹੈਂ=ਹਨ। ਪੁਕਾਰਤ=ਕਹਿੰਦੇ। ਥਾਰੇ=ਤੇਰੇ। ਤਰੁ=ਦਰੱਖਤ। ਹੇਰ=ਦੇਖ ਕੇ। ਬਿਹੰਗਮ=ਪੰਛੀ। ਗਨ=ਟੋਲੇ, ਬਹੁਤੇ। ਛਦ=ਖੰਭ। ਚੋਂਚ=ਚੁੰਜ। ਪਸਾਰੇ=ਅੱਡ ਕੇ, ਮੂੰਹ ਖੋਲ੍ਹ ਕੇ। ਆਪਦ=ਬਿਪਤਾ, ਦੁੱਖ। ਦਾਹਿ=ਅੱਗ, ਅਗਨੀ। ਔਰ=ਅਤੇ। ਪਧਾਰੇ=ਚਲੇ ਜਾਂਦੇ ਹਨ।

**ਅਰਥ :**

੧. (ਐ ਮਨ!) ਜਿਹਨਾਂ ਲੋਕਾਂ ਵਾਸਤੇ ਤੂੰ ਮਾੜੇ ਕੰਮ ਕਰਦਾ ਹੈਂ, ਉਹਨਾਂ ਲੋਕਾਂ ਨੇ ਤੇਰਾ ਕੋਈ ਕੰਮ ਨਹੀਂ ਸਵਾਰਨਾ।

੨. ਜਦੋਂ ਤੱਕ ਤੇਰੇ ਪਾਸੋਂ ਸੁਖ ਦੇਖਦੇ ਹਨ, ਉਦੋਂ ਤੱਕ ਹੀ ਮੁੱਖੋਂ ਕਹਿੰਦੇ ਹਨ ਕਿ ਅਸੀਂ ਤੇਰੇ ਹਾਂ।

੩. (ਪ੍ਰਮਾਣ ਦੇਂਦੇ ਹਨ ਕਿ ਜਿਵੇਂ) ਦਰੱਖਤ ਵਿਚ ਫਲ ਭਰਿਆ ਦੇਖ ਕੇ ਪੰਛੀਆਂ ਦੇ ਝੁੰਡ ਮੂੰਹ ਅੱਡੀ, ਖੰਭ ਫੈਲਾਈ ਭੱਜੇ ਆਉਂਦੇ ਹਨ (ਇਸੇ ਤਰ੍ਹਾਂ ਇਹਨਾਂ ਦੁਨੀਆਂਦਾਰਾਂ ਦਾ ਹਾਲ ਹੈ)।

੪. ਮਨੁੱਖ 'ਤੇ ਕੋਈ ਦੁੱਖ-ਤਕਲੀਫ ਆ ਜਾਵੇ ਤੇ ਦਰੱਖਤ ਨੂੰ (ਅਚਾਨਕ) ਅੱਗ ਲੱਗ ਜਾਵੇ, ਤਾਂ ਸਾਕ-ਸਬੰਧੀ ਤੇ ਪੰਛੀ ਦੋਨੋਂ ਸਾਥ ਛੱਡ ਕੇ ਦੂਰ ਭੱਜ ਜਾਂਦੇ ਹਨ। ੪੧।

**ਸ੍ਵੈਯਾ।।**

**੧. ਮਨ ਕਜੋਂ ਧਨ ਕੋ ਬਹੁ ਭਾਂਤਿ ਚਹੈਂ, ਅਰੁ ਕਾ ਹਿਤ ਲੋਗਨ ਕੋ ਸੁ ਦੁਖਾਵੈਂ।**
**੨. ਜਗ ਬੀਚ ਦੁਖੰਕੁਰ ਪਾਪ ਸੁਨੋ ਮਨ ਕਾ ਹਿਤ ਤੂੰ ਬਹੁ ਭਾਂਤਿ ਕਮਾਵੈਂ।**
**੩. ਹਰਿ ਪੁੰਨ ਕਥਾ ਤਟ ਤੀਰਥ ਮੈਂ ਹਰਿ ਨਾਮ ਉਚਾਰਨ ਮੈਂ ਦੁਖੁ ਪਾਵੈਂ।**
**੪. ਅਬ ਨਾ ਸਮਝੇ, ਸਮਝੋਗੇ ਤਬੀ, ਜਮ ਕਿੰਕਰ ਜੌਂ ਸਿਰ ਦੰਡ ਲਗਾਵੈ।। ੪੨।।**

**ਪਦ ਅਰਥ :**

ਕਜੋਂ=ਕਿਸ ਵਾਸਤੇ। ਭਾਂਤਿ=ਤਰੀਕਾ, ਢੰਗ। ਚਹੈਂ=ਚਾਹੁੰਦਾ। ਅਰੁ=ਅਤੇ। ਕਾ ਹਿਤ=ਕਿਸ ਵਾਸਤੇ। ਦੁਖਾਵੈਂ=ਦੁਖੀ ਕਰਦਾ ਹੈਂ। ਦੁਖੰਕੁਰ=ਦੁਖਾਂ ਦਾ ਬੀਜ। ਕਮਾਵੈਂ=ਕਮਾਉਂਦਾ ਹੈਂ। ਤਟ=ਕਿਨਾਰਾ, ਕੰਢਾ। ਪਾਵੈਂ=ਪਾਉਂਦਾ। ਸਮਝੇ=ਸਮਝਿਆ। ਤਬੀ=ਉਦੋਂ। ਕਿੰਕਰ=ਦੂਤ। ਜੌਂ=ਜਦੋਂ, ਜਿਸ ਵੇਲੇ। ਦੰਡ=ਡੰਡਾ। ਲਗਾਵੈ=ਲਗਾਵੇਗਾ।

**ਅਰਥ :**

੧. ਐ ਮਨ! ਕਿਸ ਵਾਸਤੇ ਬਹੁਤ ਸਾਰਾ ਧਨ ਚਾਹੁੰਦਾ ਹੈ ਅਤੇ ਕਿਸ ਲਈ ਲੋਕਾਂ ਨੂੰ ਦੁਖੀ ਕਰਦਾ ਹੈਂ।

੨. ਸੰਸਾਰ ਵਿਚ ਬਹੁਤ ਹੀ ਦੁਖਦਾਇਕ ਪਾਪ ਜੋ ਤੂੰ ਸੁਣਦਾ ਵੀ ਹੈਂ, ਫੇਰ ਵੀ ਤੂੰ ਉਹਨਾਂ ਨੂੰ ਕਿਉਂ ਕਰਦਾ ਹੈਂ, ਕਿਸ ਵਾਸਤੇ ਪਾਪ ਕਮਾਉਂਦਾ ਹੈਂ।

੩. ਹਰੀ ਦੀ ਪਵਿੱਤਰ ਕਥਾ ਸੁਣਨ ਵਿਚ ਅਤੇ ਤੀਰਥਾਂ ਦੇ ਕਿਨਾਰਿਆਂ ਉੱਪਰ ਜਾ ਕੇ ਵਸਣ ਵਿਚ ਅਤੇ ਸਾਧ ਸੰਗਤ ਵਿਚ ਆ ਕੇ ਹਰੀ ਨਾਮ ਜਪਣ ਵਿਚ ਬੜਾ ਦੁੱਖ ਮੰਨਦਾ ਹੈ।

੪. ਜੇਕਰ ਤੂੰ ਹੁਣ (ਮੌਕਾ ਮਿਲਣ ਕਰਕੇ) ਭੀ ਨਾ ਸਮਝਿਆ ਤਾਂ ਉਦੋਂ ਸਮਝੇਂਗਾ ਜਦੋਂ ਜਮਦੂਤ ਤੇਰੇ ਸਿਰ 'ਤੇ ਡੰਡਾ ਮਾਰਨਗੇ। ੪੨।

**ਸ੍ਵੈਯਾ।।***

**੧. ਤਨ ਧਾਰਿ ਕੇ ਨਾ ਉਪਕਾਰ ਕਰੇ, ਕਰਿ ਰਾਗ ਪਰਾਂਗਨ ਰੂਪ ਨਿਹਾਰੇ।**
**੨. ਜਗ ਜਾਚਕ ਦੀਨਨ ਕੇ ਗਨ ਜੋ, ਕਰਿ ਕੋਪ ਸਭੈ ਨਿਜ ਦ੍ਵਾਰ ਤੇ ਟਾਰੇ।**

---

*ਨੋਟ- ਵਿਦਵਾਨ ਪੁਰਸ਼ ਇਨ੍ਹਾਂ ਸਵੈਯਾ ਨੂੰ ਜੀਵ ਦੇ ਤਾਈਂ ਸੰਬੋਧਨ ਕਰਦੇ ਹੋਏ ਭੀ ਅਰਥ ਕਰਦੇ ਹਨ ਕਿ ਹੇ ਜੀਵ ਤੂੰ ਸੰਸਾਰ ਵਿਚ ਸ੍ਰੇਸ਼ਟ ਕੰਮ ਵਿਸਾਰ ਦਿੱਤੇ ਹਨ ਤੂੰ ਮੁਰਾਰੀ ਤੋਂ ਭੁੱਲ ਕੇ ਕਿਸ ਤਰ੍ਹਾਂ ਅੰਮ੍ਰਿਤ ਰੂਪ ਸੁਖ ਨੂੰ ਪਾਵੇਗਾ ਅਤੇ ਦੂਜਾ ਭਾਵ ਇਸ ਤਰ੍ਹਾਂ ਭੀ ਕਰੀਦਾ ਹੈ ਕਿ ਹੇ ਮੁਰਾਰੀ! ਮੈਂ ਸੁਭ ਕੰਮ ਵਿਸਾਰ ਦਿੱਤੇ ਹਨ ਤੇ ਸੁਖ ਰੂਪ ਅੰਮ੍ਰਿਤ ਨੂੰ ਕਿਵੇਂ ਪਾਵਾਂ।*

Sri Satguru Jagjit Singh Ji eLibrary NamdhariElibrary@gmail.com

**੩. ਬਲ ਹੀਨਨ ਕੇ ਸੁਭ ਕਾਜ ਜਿਤੇ, ਨਿਜ ਕਾਜਨ ਹੇਤ ਸਭੇ ਸੁ ਬਿਗਾਰੇ।**
**੪. ਜਗ ਮੈਂ ਸੁਭ ਕਾਜ ਬਿਸਾਰਤ ਹੌਂ, ਬਿਧਿ ਕੌਨ ਸੁਧਾ ਸੁਖ ਪਾਊਂ ਮੁਰਾਰੇ।। ੪੩।।**

**ਪਦ ਅਰਥ :**

ਤਨ=ਸਰੀਰ। ਧਾਰਿ=ਧਾਰ ਕੇ। ਉਪਕਾਰ=ਭੁਲਾ। ਕਰੇਂ=ਕਰਦਾ। ਕਰਿ ਰਾਗ=ਪ੍ਰੇਮ ਕਰਕੇ। ਪਰਾਂਗਨ-(ਪਰ+ਇਸਤ੍ਰੀਆਂ)=ਪਰਾਏ ਘਰਾਂ ਵੱਲ, ਪਰਾਈ ਸੁੰਦਰਤਾ। ਨਿਹਾਰੇ=ਦੇਖਦਾ ਹੈਂ। ਜਾਚਕ=ਮੰਗਤੇ। ਦੀਨਨ=ਗਰੀਬ, ਲੋੜਵੰਦ। ਗਨ=ਟੋਲੇ। ਦੇ ਕਰਿ=ਦੇ ਕੇ। ਕੋਪ=ਗੁੱਸਾ। ਨਿਜ=ਆਪਣੇ। ਦ੍ਵਾਰ=ਦੁਆਰੇ ਤੋਂ, ਦੁਆਰ ਤੋਂ। ਟਾਰੇ=ਟਾਲ ਦੇਂਦਾ ਹੈਂ। ਬਲ ਹੀਨਨ=ਕਮਜ਼ੋਰਾਂ। ਕਾਜ=ਕੰਮ। ਜਿਤੇ=ਜਿੰਨੇ-ਕੁ। ਕਾਜਨ=ਕੰਮਾਂ। ਹੇਤ=ਵਾਸਤੇ। ਸੁ=ਉਹ। ਬਿਗਾਰੇ=ਵਿਗਾੜ ਦਿੱਤੇ, ਖਰਾਬ ਕਰ ਦਿੱਤੇ।

**ਅਰਥ :**

੧. ਸਰੀਰ ਧਾਰ ਕੇ ਦੁਨੀਆਂ ਵਿਚ ਕੋਈ ਭਲਾ ਨਾ ਕੀਤਾ, ਬੜਾ ਪ੍ਰੇਮ ਕਰਕੇ ਪਰਾਏ ਘਰਾਂ ਵੱਲ ਤੇ ਬਿਗਾਨੇ ਸੁੰਦਰ ਇਸਤ੍ਰੀਆਂ ਦੇ ਰੂਪਾਂ ਵੱਲ ਵੀ ਤੱਕਦਾ ਰਿਹੋਂ।

੨. ਦੁਨੀਆਂ ਵਿਚ ਤਮਾਮ ਮੰਗਤੇ ਤੇ ਲੋੜਵੰਦਾਂ ਨੂੰ ਬੜੇ ਗੁੱਸੇ ਨਾਲ ਝਿੜਕ ਕੇ ਆਪਣੇ ਬੂਹੇ ਤੋਂ ਹਟਾ ਦਿੱਤਾ।

੩. ਕਮਜ਼ੋਰਾਂ ਦੇ ਜਿੰਨੇ ਨੇਕ ਕੰਮ (ਭਲੇ ਦੇ ਕੰਮ) ਆਪਣੇ ਕੰਮਾਂ ਲਈ ਵਿਗਾੜ ਦਿੱਤੇ।

੪. ਜਗਤ ਵਿਚ ਜਿੰਨੇ ਵੀ ਨੇਕ ਕੰਮ ਹਨ ਐ ਮੇਰੇ ਦਾਤਾ! ਉਹ ਸਾਰੇ ਮੈਂ ਭੁਲਾ ਦਿੱਤੇ ਤੇ ਅੰਮ੍ਰਿਤ-ਸੁਖ ਮੈਂ ਕਿਵੇਂ ਪਾਵਾਂ ਉਹ ਕੇਹੜਾ ਢੰਗ ਹੈ, ਤਰੀਕਾ ਹੈ। ੪੩।

**ਸ੍ਵੈਯਾ।।**

**੧. ਜਗ ਨਾਹਿ ਕਰੀ ਗੁਰ ਸੇਵ ਭਲੀ, ਅਰੁ ਨਾ ਹਰਿ ਕੋ ਮੁਖ ਨਾਮ ਉਚਾਰੇ।**
**੨. ਬਲ ਹੀਨਨ ਕੋ ਕਟੁ ਬੈਨ ਕਹੇ, ਮੁਖ ਮਾਹਿ ਅਚੇ ਭਵ ਮੈ ਮਦ ਖਾਰੇ।**
**੩. ਉਰ ਕੋਪ ਹੁਤਾਸਨ ਦਾਹਿ ਲਗੇ, ਜਗ ਲੋਕਨ ਕੇ ਘਰ ਪਾਵਕ ਜਾਰੇ।**
**੪. ਜਗ ਮੈਂ ਸੁਭ ਕਾਜ ਬਿਸਾਰਤ ਹੌਂ, ਬਿਧਿ ਕੌਨ ਸੁਧਾ ਸੁਖ ਪਾਊਂ ਮੁਰਾਰੇ।। ੪੪।।**

**ਪਦ ਅਰਥ :**

ਉਚਾਰੇ=ਜਪੇ। ਬਲਹੀਨਨ=ਕਮਜ਼ੋਰਾਂ। ਕੋ=ਨੂੰ। ਕਟੁ=ਕੌੜੇ, ਫਿੱਕੇ। ਬੈਨ=ਬੋਲ। ਮਾਹਿ=ਵਿਚ। ਅਚੇ=ਪੀਤੇ। ਭਵ=ਸੰਸਾਰ। ਮਦ=ਸ਼ਰਾਬ। ਖਾਰੇ=ਬਕਬਕੇ, ਬੇ-ਸੁਆਦ। ਉਰ=ਛਾਤੀ, ਦਿਲ। ਕੋਪ=ਗੱਸਾ, ਕ੍ਰੋਧ। ਹੁਤਾਸਨ=ਅੱਗ। ਦਾਹਿ=ਸੇਕ, ਸਾੜ। ਪਾਵਕ=ਅੱਗ। ਜਾਰੇ=ਸਾੜੇ, ਸਾੜ ਦਿੱਤੇ। ਬਿਸਾਰਤ ਹੌਂ=ਭੁਲਾਉਂਦਾ ਹਾਂ। ਬਿਧਿ=ਤਰੀਕਾ, ਢੰਗ। ਕੌਨ=ਕਿਹੜਾ।

**ਅਰਥ :**

੧. ਜਗਤ ਵਿਚ ਗੁਰੂ ਦੀ ਚੰਗੀ ਸੇਵਾ ਸੀ ਨਾ ਕੀਤੀ ਅਤੇ ਹਰੀ ਦਾ ਨਾਮ ਵੀ ਨਾ ਉਚਾਰਿਆ।

੨. ਕਮਜ਼ੋਰ ਵਰਗ ਨੂੰ ਹਮੇਸ਼ਾਂ ਕੌੜੇ ਬੋਲ ਬੋਲੇ ਅਤੇ ਸੰਸਾਰ ਵਿਚ ਜੋ ਭੈੜੇ ਬੇ-ਸੁਆਦੇ ਪਦਾਰਥ ਸਨ ਸ਼ਰਾਬ ਆਦਿ ਉਹ ਪੀਤੇ।

੩. ਦਿਲ ਵਿਚ ਕ੍ਰੋਧ ਦੀ ਅੱਗ ਦਾ ਜਦੋਂ ਸੇਕ ਲੱਗਾ ਤਾਂ ਦੁਨੀਆਂ ਵਿਚ ਲੋਕਾਂ ਦੇ ਘਰਾਂ ਨੂੰ ਅੱਗ ਨਾਲ ਸਾੜ ਦਿੱਤਾ।

੪. (ਇਸ ਤਰ੍ਹਾਂ ਹੇ ਮੇਰੇ ਮੁਰਾਰੀ ਪ੍ਰਭੂ ਜੀ!) ਮੈਂ ਚੰਗੇ ਕੰਮ ਭੁਲਾ ਕੇ (ਮਾੜੇ ਕੰਮ ਕੀਤੇ ਹੁਣ) ਕਿਹੜਾ ਢੰਗ ਹੈ, ਜਿਸ ਨਾਲ ਮੈਂ ਚੰਗੇ ਸੁਖ ਪਾ ਸਕਾਂ। ੪੪।

**ਸ੍ਵੈਯਾ।।**

**੧. ਨਹਿ ਪੂਜਨ ਦੇਵਨ ਕੋ ਕਰਿਓ, ਅਰੁ ਬਿਪ੍ਰਨ ਕੇ ਨਹਿ ਪਾਦ ਪਖਾਰੇ।**

Sri Satguru Jagjit Singh Ji eLibrary NamdhariElibrary@gmail.com

**੨. ਨਿਜ ਪ੍ਰਾਨਨ ਪਾਲਨ ਹੇਤ ਸਦਾ, ਭਵ ਮੰਡਲ ਔਰਨ ਪ੍ਰਾਨ ਨਿਕਾਰੇ।**
**੩. ਉਰ ਤੇ ਸਭ ਪੁੰਨ ਬਿਸਾਰ ਦਯੋ; ਅਰੁ ਤੇ ਪਦ ਪੰਕਜ ਨਾ ਉਰ ਧਾਰੇ।**
**੪. ਜਗ ਮੈਂ ਸੁਭ ਕਾਜ ਬਿਸਾਰਤ ਹੌਂ, ਬਿਧਿ ਕੌਨ ਸੁਧਾ ਸੁਖ ਪਾਉਂ ਮੁਰਾਰੇ।। ੪੫।।**

**ਪਦ ਅਰਥ :**

ਕਰਿਓ=ਕੀਤਾ। ਅਰੁ=ਅਤੇ। ਬਿਪ੍ਰਨ=ਬ੍ਰਾਹਮਣ। ਪਾਦ=ਪੈਰ, ਚਰਨ। ਪਖਾਰੇ=ਧੋਤੇ। ਨਿਜ=ਆਪਣੇ। ਪ੍ਰਾਨਨ=ਸੁਆਸਾਂ। ਹੇਤ=ਵਾਸਤੇ। ਸਦਾ=ਹਮੇਸ਼ਾਂ। ਭਵ ਮੰਡਲ=ਸੰਸਾਰ ਵਿਚ। ਔਰਨ=ਹੋਰਾਂ ਦੇ। ਨਿਕਾਰੇ=ਕਢੇ। ਉਰ=ਦਿਲ। ਤੇ=ਤੋਂ। ਉਰ ਤੇ=ਦਿਲੋਂ। ਬਿਸਾਰ=ਭੁਲਾ। ਦਯੋ=ਦਿੱਤਾ। ਤੇ=ਤੇਰੇ। ਪਦ=ਪੈਰ, ਚਰਨ। ਪੰਕ =ਚਿੱਕੜ ਤੋਂ ਪੈਦਾ ਹੋਣ ਵਾਲਾ ਕਮਲ ਫੁੱਲ। ਉਰ=ਹਿਰਦਾ। ਧਾਰੇ=ਧਾਰਨ ਨਾ ਕੀਤੇ।

**ਅਰਥ :**

੧. ਨਾ ਦੇਵਤਿਆਂ ਦੀ ਪੂਜਾ ਕੀਤੀ ਅਤੇ ਨਾ ਬ੍ਰਾਹਮਣਾਂ ਦੇ ਪੈਰ ਧੋਤੇ।

੨. ਆਪਣੇ ਸਰੀਰ ਦੇ ਪ੍ਰਾਣਾਂ ਦੀ ਪਰਵਰਸ਼ ਕਰਨ ਲਈ ਹੋਰਨਾਂ ਕਈਆਂ ਦੇ ਦੁਨੀਆਂ ਵਿਚ ਪ੍ਰਾਣ ਕੱਢ ਦਿੱਤੇ ਭਾਵ ਸਰੀਰ ਨੂੰ ਰਿਸ਼ਟ-ਪੁਸ਼ਟ ਕਰਨ ਲਈ ਹੋਰ ਕਈ ਜਾਨਵਰਾਂ ਦਾ ਮਾਸ ਖਾਧਾ।

੩. ਦਿਲ ਵਿਚੋਂ ਸਾਰੇ ਨੇਕੀ-ਪੁੰਨ ਆਦਿ ਵਿਸਾਰ ਦਿੱਤੇ ਅਤੇ ਐ ਮੇਰੇ ਵਾਹਿਗੁਰੂ ! ਨਾਂ ਹੀ ਤੇਰੇ ਚਰਨ ਕਮਲ ਦਿਲ ਵਿਚ ਵਸਾਏ।

੪. ਜਗਤ ਮੰਡਲ ਵਿਚ ਸਾਰੇ ਨੇਕ ਕੰਮ ਭੁਲਾ ਦਿੱਤੇ, ਪਰੰਤੂ ਹੇ ਮੁਰਾਰੀ ! ਹੁਣ ਇਹ ਦੱਸੋ, ਉਹ ਕੇਹੜਾ ਤਰੀਕਾ ਹੈ ਜਿਸ ਨਾਲ ਮੈਂ ਫੇਰ ਵੀ ਅੰਮ੍ਰਿਤ-ਸੁਖ ਪ੍ਰਾਪਤ ਕਰ ਸਕਾਂ ?। ੪੫।

**ਸ੍ਵੈਯਾ।।**

**੧. ਢਿਗ ਬੈਠਿ ਧਨੀ ਨਰ ਕੇ ਹਰਿ ਜੀ, ਨਿਜ ਪ੍ਰਾਨਨ ਰੋਕ ਸੁ ਬੈਨ ਉਚਾਰੇ।**
**੨. ਨਹਿ ਬੈਠਿ ਤਪੋ ਬਨ ਮੈਂ ਹਰਿ ਜੀ, ਫਲ ਖਾਇ ਸਦਾ ਤਵ ਨਾਮ ਸੰਭਾਰੇ।**
**੩. ਧਨ ਪਾਵਨ ਕੋ ਨਿਸ ਨੀਂਦ ਤਜੀ; ਹਰਿ ਪਾਵਨ ਕੋ ਨਹਿ ਨੈਨ ਉਘਾਰੇ।**
**੪. ਜਗ ਮੈ ਸੁਭ ਕਾਜ ਬਿਸਾਰਤ ਹੌਂ, ਬਿਧਿ ਕੌਨ ਸੁਧਾ ਸੁਖ ਪਾਉਂ ਮੁਰਾਰੇ।। ੪੬।।**

**ਪਦ ਅਰਥ :**

ਢਿਗ=ਨੇੜੇ। ਧਨੀ=ਧਨਾਢ, ਸ਼ਾਹੂਕਾਰ। ਪ੍ਰਾਨਨ ਰੋਕ=ਸਵਾਸਾਂ ਨੂੰ ਰੋਕ ਕੇ ਭਾਵ ਰੁਕ-ਰੁਕ ਕੇ, ਹੌਲੀ-ਹੌਲੀ। ਬੈਨ=ਬੋਲ। ਤਪੋ=ਤਪ। ਬਨ=ਜੰਗਲ। ਸੰਭਾਰੇ=ਸੰਭਾਲਿਆ। ਤਵ=ਤੇਰਾ। ਪਾਵਨ=ਪਾਉਣ। ਕੋ=ਨੂੰ। ਨਿਸ=ਰਾਤ। ਨੈਨ=ਅੱਖਾਂ। ਉਘਾਰੇ =ਉਘਾੜੀਆਂ, ਖੋਲ੍ਹੀਆਂ। ਸੌਂ ਕੇ ਜਦੋਂ ਆਦਮੀ ਉੱਠਦਾ ਹੈ ਉਸ ਵੇਲੇ ਪੂਰੀਆਂ ਅੱਖਾਂ ਖੁਲ੍ਹਦੀਆਂ ਨਹੀਂ, ਚੰਗੀ ਤਰ੍ਹਾਂ ਅੱਖਾਂ ਖੋਲ੍ਹ ਕੇ ਦੇਖਣ ਨੂੰ ਉਘਾੜਨਾ ਕਹਿੰਦੇ ਹਨ।

**ਅਰਥ :**

੧. ਐ ਮੇਰੇ ਪਰਮਾਤਮਾ! ਧਨਾਢ ਆਦਮੀਆਂ ਦੇ ਕੋਲ ਬੈਠ ਕੇ ਬੜੀ ਹੌਲੀ-ਹੌਲੀ ਆਵਾਜ਼ ਕੱਢੀ ਤਾਂ ਕਿ ਮੇਰੀ ਉੱਚੀ ਅਵਾਜ਼ ਸੁਣ ਕੇ ਕਿਤੇ ਨਰਾਜ਼ ਹੀ ਨਾ ਹੋ ਜਾਣ! ਖੁਸ਼ਾਮੰਦ ਕੀਤੀ। ਲੇਕਿਨ-

੨. ਕਦੇ ਜੰਗਲ ਵਿਚ ਬੈਠ ਕੇ ਜੰਗਲੀ ਫਲ-ਫੁੱਲ ਖਾ ਕੇ ਤਪ ਕਰਦਿਆਂ ਤੇਰੇ ਨਾਮ ਨੂੰ ਨਾ ਸੰਮ੍ਹਾਲਿਆ।

੩. ਦੌਲਤ ਪ੍ਰਾਪਤ ਕਰਨ ਲਈ ਤਾਂ ਰਾਤਾਂ ਦੀ ਨੀਂਦ ਛੱਡ ਦਿੱਤੀ ਪਰ ਹੇ ਮੇਰੇ ਹਰੀ ਦਾਤਾ! ਕਦੇ ਤੇਰੇ ਸਿਮਰਨ ਵਿਚ ਅੱਖ ਨਾ ਖੋਲ੍ਹੀ। ਯਥਾ:ਬੁਰੇ ਕਾਮ ਕਉ ਊਠਿ ਖਲੋਇਆ।। ਨਾਮ ਕੀ ਬੇਲਾ ਪੈ ਪੈ ਸੋਇਆ।। (ਪੰਨਾ ੭੩੮)

੪. ਹੇ ਮੁਰਾਰੀ ਪ੍ਰਭੂ ! ਮੈਂਜਗਤ ਵਿਚ ਸਾਰੇ ਨੇਕ ਕੰਮ ਤਾਂ ਭੁਲਾ ਦਿੱਤੇ ਉਹ ਕਿਹੜਾ ਤਰੀਕਾ ਹੈ, ਜਿਸ ਨਾਲ ਮੈਨੂੰ ਅੰਮ੍ਰਿਤ ਵਰਗੇ ਮਿੱਠੇ ਸੁਆਦਲੇ ਸੁਖ ਫੇਰ ਵੀ ਮਿਲ ਜਾਣ। ੪੬।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਸ੍ਵੈਯਾ ॥

੧. ਉਰ ਲੋਭ ਲਗੇ ਨਿਜ ਧਾਮ ਤਜੇ; ਦਿਸਿ ਪੱਛਮ ਕੇ ਮਗ ਮਾਂਹਿ ਪਧਾਰੇ।
੨. ਜਗ ਪੁੰਨ ਹੁਲਾਸ ਸੁ ਪਾਇ ਉਠੇ ਨਹਿ; ਦਿੱਬਜ ਧੁਨੀ ਪਥ ਮਾਂਹਿ ਪਧਾਰੇ।
੩. ਧਨ ਦੇਵਨ ਕੋ ਮੁਖ ਮੂੰਦ ਲਏ; ਅਰੁ ਲੇਵਨ ਕੋ ਸਭ ਦਾਂਤ ਨਿਕਾਰੇ।
੪. ਜਗ ਮੈਂ ਸੁਭ ਕਾਜ ਬਿਸਾਰਤ ਹੌਂ; ਬਿਧਿ ਕੌਨ ਸੁਧਾ ਸੁਖ ਪਾਉਂ ਮੁਰਾਰੇ ॥ ੪੭ ॥

**ਪਦ ਅਰਥ :**

ਉਰ=ਦਿਲ। ਲੋਭ=ਲਾਲਚ। ਨਿਜ=ਆਪਣਾ। ਧਾਮ=ਘਰ। ਮਗ=ਰਸਤਾ। ਪਧਾਰੇ=ਚਲੇ ਗਏ। ਹੁਲਾਸ=ਖੁਸ਼, ਅਨੰਦ, ਚਮਤਕਾਰ, ਪ੍ਰਕਾਸ਼। ਦਿਵਜ ਧੁਨੀ=ਗੰਗਾ। ਪਥ=ਰਸਤਾ। ਮਾਂਹਿ=ਵਿਚ। ਪਧਾਰੇ=ਗਏ। ਦੇਵਨ=ਦੇਣ। ਕੋ=ਨੂੰ, ਵਾਸਤੇ, ਲਈ। ਮੂੰਦ=ਬੰਦ ਕਰ ਲਿਆ। ਅਰੁ=ਅਤੇ। ਲੇਵਨ=ਲੈਣ। ਨਿਕਾਰੇ=ਕਢਦਾ ਹੈ। ਦਾਂਤ=ਦੰਦ। ਸਭ ਦਾਂਤ ਨਿਕਾਰੇ=ਸਾਰੇ ਦੰਦ ਕੱਢਦਾ ਹੈ, ਪੂਰਾ ਮੂੰਹ ਖੋਲ੍ਹ ਕੇ। ਸੁਭ=ਚੰਗੇ, ਨੇਕ। ਬਿਸਾਰਤ=ਭੁਲਾਉਂਦਾ ਹਾਂ। ਬਿਧਿ=ਤਰੀਕਾ, ਯੁਕਤੀ, ਢੰਗ। ਕੌਨ=ਕਿਹੜੀ। ਸੁਧਾ=ਅੰਮ੍ਰਿਤ। ਪਾਉਂ=ਪਾਵਾਂ।

**ਅਰਥ :**

੧. ਦਿਲ ਵਿਚ (ਦੌਲਤ ਦਾ) ਲੋਭ (ਲਾਲਚ) ਲੱਗਿਆ (ਆਇਆ) ਆਪਣਾ ਘਰ ਛੱਡ ਕੇ ਪੱਛਮ ਦਿਸ਼ਾ ਦੇ ਰਸਤੇ ਵਿਚ ਚਲ ਪਿਆ।

੨. ਜਗਤ ਵਿਚ ਨਾਹੀ ਪੁੰਨਾਂ ਦੇ ਉਤਸ਼ਾਹ ਨੂੰ ਪ੍ਰਾਪਤ ਕਰਕੇ ਗੰਗਾ ਤੀਰਥ ਦੇ ਕਿਨਾਰੇ ਪਰ ਇਸ਼ਨਾਨ ਕਰਨ ਵਾਸਤੇ ਗਿਆ।

੩. (ਕਿਸੇ ਨੂੰ) ਦੌਲਤ ਦੇਣ ਵਾਸਤੇ ਮੂੰਹ ਬੰਦ ਕਰ ਲੈਂਦਾ ਹੈ ਭਾਵ ਜੇ ਕੋਈ ਇਸ ਤੋਂ ਮੰਗੇ ਉਧਰ ਧਿਆਨ ਹੀ ਨਹੀਂ ਦਿੰਦਾ ਤੇ ਜੇ ਪੈਸਾ ਦੂਜੇ ਤੋਂ ਆਪ ਲੈਣਾ, ਹੋਵੇ ਗਰਜ਼ ਪੂਰੀ ਕਰਨੀ ਹੋਵੇ ਤਾਂ ਐਨਾ ਕੁ ਮੂੰਹ ਖੋਲ੍ਹ ਲੈਂਦਾ ਹੈ, ਜਿਸ ਨਾਲ ਮੂੰਹ ਦੇ ਸਾਰੇ ਦੇ ਸਾਰੇ ਦੰਦ ਨਜ਼ਰੀਂ ਪੈ ਜਾਂਦੇ ਹਨ।

੪. ਜਗਤ ਵਿਚ ਨੇਕ ਕੰਮ ਤੇ ਮੈਂ ਸਾਰੇ ਭੁਲਾ ਦਿੱਤੇ ਹਨ ਤੇ ਹੇ ਮੇਰੇ ਮਾਲਕ ਪਰਮਾਤਮਾ! ਮੈਂ ਕਿਹੜੇ ਢੰਗ ਨਾਲ ਅੰਮ੍ਰਿਤ ਸੁਖ ਪਾਵਾਂ ਜੋ ਸੁਖ ਕਦੇ ਖਤਮ ਹੀ ਨਾ ਹੋਵੇ। ੪੭।

ਦੋਹਰਾ ॥

੧. ਉੱਤਮ ਮੱਧਮ ਫਲ ਜਿਤੇ; ਪਾਵੇ ਜਗਤ ਮਝਾਰ।
੨. ਕਰਮ ਬਿਰਖ ਪਾਲੇ ਲਹੇ; ਬਿਨਾ ਕਰਮ ਨਹਿ ਧਾਰ ॥ ੪੮ ॥

**ਪਦ ਅਰਥ :**

ਮੱਧਮ=ਵਿਚਲਾ ਮੇਲ। ਉਤਮ=ਸਾਰਿਆਂ ਤੋਂ ਉੱਚੇ, ਦਰਮਿਆਨੇ ਤੇ ਬਹੁਤੇ ਚੰਗੇ। ਜਿਤੇ=ਜਿੰਨੇ ਕੁ। ਪਾਵੈਂ=ਪਾਵੇਗਾ। ਮਝਾਰ=ਵਿਚ। ਪਾਲੇ=ਪਾਲੇਗਾ। ਧਾਰਿ=ਧਾਰ ਲੈ। ਲਹੇ=ਲਵੇਗਾ।

**ਅਰਥ :**

੧. ਚੰਗੇ ਤੇ ਦਰਮਿਆਨੇ ਜਿੰਨੇ ਵੀ (ਕਰਮਾਂ ਦੇ) ਫਲ ਹਨ, ਉਹ (ਸਭ ਇਥੇ) ਜਗਤ ਵਿਚ ਹੀ ਪਾਵੇਗਾ।

੨. ਜੇਹੋ ਜਿਹੇ ਕਰਮਾਂ ਰੂਪ ਦਰੱਖਤ ਨੂੰ ਜੀਵ ਪਾਲੇਗਾ ਉਹੋ ਜਿਹਾ ਫਲ ਉਸ ਤੋਂ ਲਵੇਗਾ, ਬਿਨਾਂ ਕਰਮਾਂ ਤੋਂ ਕੁਝ ਨਹੀਂ ਮਿਲੇਗਾ (ਇਹ ਗੱਲ ਪੱਕੀ ਤਰ੍ਹਾਂ ਦਿਲ ਵਿਚ) ਧਾਰਨ ਕਰ ਲੈ। ੪੮।

ਸ੍ਵੈਯਾ ॥

੧. ਜਿਨ ਬਾਲਕ ਭਾਵ ਸੁ ਖੇਲ ਮਤੇ; ਨਹਿ ਬਿਦਯਾ ਲਈ ਜਗ ਮੈਂ ਰਸ ਭੀਨੀ।
੨. ਜੋਬਨ ਮੈਂ ਰਸ ਭੋਗ ਕਰੇ; ਨ ਦਲੀ ਅਰਿ ਕੀ ਧੁਜਨੀ ਰਣ ਪੀਨੀ।

Sri Satguru Jagjit Singh Ji eLibrary NamdhariElibrary@gmail.com

**੩. ਨਹਿ ਆਤਮ ਰਾਮਹਿ ਗਯਾਨ ਲਯੋ, ਤਟ ਤੀਰਥ ਨਾ ਤਪਸਾ ਬਹੁ ਕੀਨੀ।**
**੪. ਫਲ ਪੁੰਨ ਅਧਾਰ ਸੁ ਮਾਨਵ ਦੇਹ, ਭਈ ਤਿਨ ਕੀ ਸੁ ਪੁੰਨ ਬਿਹੀਨੀ।। ੪੯।।**

**ਪਦ ਅਰਥ :**

ਜਿਨ=ਜਿਨ੍ਹਾਂ। ਬਾਲਕ ਭਾਵ=ਬਚਪਨ ਵਿਚ, ਬਾਲ ਉਮਰ ਵਿਚ। ਖੇਲ=ਖੇਡਾਂ। ਮਤੇ=ਮਸਤ। ਬਿਦਯਾ=ਪੜ੍ਹਾਈ ਨਹੀਂ ਕੀਤੀ, ਹੁਨਰ, ਕਲਾ ਨਹੀਂ ਸਿੱਖੀ। ਰਸ ਭੀਨੀ=ਪ੍ਰੇਮ ਨਾਲ। ਜੋਬਨ=ਜੁਆਨੀ। ਮੈਂ=ਵਿਚ ਭੋਗ=ਪਦਾਰਥ। ਰਸ ਭੋਗ=ਰਸਾਂ ਵਾਲੇ ਖਾਣੇ, ਵਿਸ਼ੇ ਰਸ ਮਾਣੇ। ਦਲੀ=ਦਲ ਦਿੱਤੀ, ਮਾਰ ਦਿੱਤੀ। ਅਰਿ=ਦੁਸ਼ਮਣ। ਧੁਜਨੀ=ਫੌਜ, ਸੈਨਾ। ਰਣ=ਜੰਗ। ਪੀਨੀ=ਤਕੜੀ, ਤਕੜੀ ਜੰਗ ਕਰਕੇ। ਆਤਮ ਰਾਮਹਿ=ਆਪਣੇ ਆਪੇ ਦਾ। ਗਯਾਨ=ਜਾਣਕਾਰੀ। ਤਟ=ਕਿਨਾਰਾ। ਤੀਰਥ=ਗੰਗਾ, ਜਮਨਾ, ਗਯਾ, ਪ੍ਰਯਾਗ ਆਦਿ। ਤਪਸਾ=ਤਪੱਸਿਆ। ਬਹਿ=ਬੈਠ ਕੇ। ਅਧਾਰ=ਆਸਰੇ, ਸਹਾਰੇ, ਨਾਲ। ਬਿਹੀਨੀ=ਬਿਨਾਂ, ਰਹਿਤ।

**ਅਰਥ :**

੧. ਜਿਨ੍ਹਾਂ (ਜੀਵਾਂ ਨੇ) ਬਾਲਕ ਉਮਰ ਖੇਡਾਂ ਵਿਚ ਮਸਤ ਹੋ ਕੇ ਸਮਾਂ ਬਤੀਤ ਕਰ ਲਿਆ ਤੇ ਕੋਈ ਪ੍ਰੇਮ ਨਾਲ ਪੜ੍ਹਾਈ ਨਹੀਂ ਕੀਤੀ, ਸਮੇਂ ਨਾਲ ਕੋਈ ਕੰਮ ਨਹੀਂ ਸਿਖਿਆ। ਅਤੇ

੨. ਜੁਆਨੀ ਵਿਚ ਰਸ (ਪ੍ਰੇਮ ਪੂਰਬਕ) ਪਦਾਰਥ ਛਕੇ (ਚੰਗੇ-ਚੰਗੇ ਖਾਣੇ ਤਾਂ ਖਾਧੇ, ਜਾਂ ਵਿਸ਼ੇ-ਰਸ ਮਾਣੇ ਪਰ ਜਵਾਨੀ ਵਿਚ ਦੁਸ਼ਮਣ ਦੀ ਫੌਜ ਨਾਲ ਚੰਗੀ ਤਕੜੀ ਲੜਾਈ ਲੜ ਕੇ ਦੁਸ਼ਮਣੀ ਫੌਜ ਨੂੰ ਮਾਰ ਨਹੀਂ ਦਿੱਤੀ। ਭਾਵ ਦੇਸ਼ ਦਾ ਨਾਮ ਉੱਚਾ ਕਰਨ ਵਾਲਾ ਕੋਈ ਕਰਮ ਨਹੀਂ ਕੀਤਾ।

੩. ਅਤੇ ਨਾ ਹੀ (ਬੁਢਾਪੇ ਦੀ ਉਮਰ ਵਿਚ ਸਨਿਆਸ ਲੈ ਕੇ) ਕੰਮਾਂ-ਕਾਰਾਂ ਤੋਂ ਮੁਕਤ ਹੋ ਕੇ, ਆਪਣੇ ਸਰੂਪ ਦਾ ਗਿਆਨ ਹਾਸਲ ਕੀਤਾ ਤੇ ਨਾ ਹੀ ਕਿਸੇ ਤੀਰਥ 'ਤੇ ਜਾ ਕੇ ਤਪ ਸਾਧਿਆ (ਤਪੱਸਿਆ ਨਾ ਕੀਤੀ)।

੪. ਬਹੁਤ ਸਾਰੇ ਚੰਗੇ ਕਰਮਾਂ ਕਰਕੇ ਮਨੁੱਖਾ ਦੇਹ ਪ੍ਰਾਪਤ ਹੋਈ ਸੀ। (ਲੇਕਿਨ ਬਚਪਨ ਵਿਚ ਪੜ੍ਹਾਈ ਨਹੀਂ ਕੀਤੀ, ਜੁਆਨੀ ਵਿਚ ਖਾਧਾ ਤੇ ਚੰਗਾ ਪਰ ਦੁਸ਼ਮਣ 'ਤੇ ਜਿੱਤ ਹਾਸਲ ਨਾ ਕੀਤੀ, ਮੈਦਾਨੇ ਜੰਗ ਵਿਚ ਆਪਣੀ ਜਵਾਨੀ ਦਾ ਜੌਹਰ ਦਿਖਾਉਣ ਦਾ ਮੌਕਾ ਨਾ ਪ੍ਰਾਪਤ ਕੀਤਾ ਅਤੇ ਨਾ ਹੀ ਬੁਢਾਪੇ ਵਿਚ ਪਰਮਾਤਮਾ ਦਾ ਸਿਮਰਨ ਕੀਤਾ) ਚੰਗੇ ਕੰਮਾਂ ਤੋਂ ਬਿਨਾਂ ਹੋਣ ਕਰਕੇ ਵਡਮੁੱਲੀ ਦੇਹ ਪੁੰਨਾਂ ਤੋਂ ਖਾਲੀ ਹੋ ਗਈ। ੪੯।

ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ।। (ਪੰਨਾ ੩੬੨)

**ਸ੍ਵੈਯਾ।।**

**੧. ਜੋਬਨ ਊਪਰਿ ਜਾਰਠਤਾ, ਅਰੁ ਜੀਵਨ ਕੋ ਰਿਪ ਕਾਲ ਬਨਾਏ।**
**੨. ਸੂਖਨ ਊਪਰਿ ਦੂਖ ਰਚੇ, ਕਰਿ ਸੰਪਦ ਆਪਦ ਫੇਰ ਦਿਖਾਏ।**
**੩. ਮੂਢਨ ਕੋ ਧਨ ਧਾਮ ਦਯੋ, ਪੁਨ ਕੋਵਿਦ ਕੋ ਗ੍ਰਿਹਿ ਭੀਖ ਮੰਗਾਏ।**
**੪. ਯਾ ਬਿਧਿ ਮੈਂ ਬਿਧ ਭੂਲ ਸਮੇਂ, ਹਰਿ ਨਾਂਹਿ ਕਰੀ ਕਛੁ ਆਇ ਸਹਾਏ।। ੫੦।।**

**ਪਦ ਅਰਥ :**

ਜੋਬਨ=ਜਵਾਨੀ। ਜਾਰਠਤਾ=ਜਠਰਤਾ, ਬੁਢਾਪਾ। ਰਿਪ=ਦੁਸ਼ਮਣ। ਕਾਲ=ਮੌਤ। ਰਚੇ=ਬਣਾਏ। ਸੰਪਦ=ਸੰਪਦਾ, ਵਿਭੂਤੀ, ਦੌਲਤ। ਆਪਦ=ਅਪਦਾ, ਦੁੱਖ, ਕਲੇਸ਼, ਬਿਪਤਾ। ਮੂਢਨ=ਮੂਰਖ। ਧਾਮ=ਘਰ। ਦਯੋ=ਦਿੱਤਾ। ਪੁਨ=ਫੇਰ। ਕੋਵਿਦ=ਪੰਡਿਤ, ਵਿਦਵਾਨ। ਕੋ=ਨੂੰ। ਗ੍ਰਿਹਿ=ਘਰਾਂ 'ਚ। ਭੀਖ=ਭਿਖਿਆ, ਖ਼ੈਰ। ਯਾ=ਇਸ। ਬਿਧਿ=ਤਰੀਕੇ, ਢੰਗ। ਬਿਧ=ਬ੍ਰਹਮਾ। ਹਰਿ=ਵਿਸ਼ਨੂੰ। ਕਰੀ=ਕੀਤੀ। ਸਹਾਏ=ਸਹਾਇਤਾ।

**ਅਰਥ :**

੧. (ਬ੍ਰਹਮਾ ਨੇ) ਜਵਾਨੀ ਉੱਤੇ ਬੁਢਾਪਾ ਤੇ ਸਾਰੇ ਮਨੁੱਖਾ ਦੀ ਦੁਸ਼ਮਣ ਮੌਤ ਨੂੰ ਬਣਾ ਦਿੱਤੀ ।

੨. ਸੁਖਾਂ ਉੱਪਰ ਦੁੱਖ (ਡਰਾਉਣ ਲਈ) ਬਣਾ ਦਿੱਤੇ ਤੇ ਦੌਲਤ ਦੇ ਕੇ ਮੁੜ ਬਿਪਤਾ ਦਿਖਾ ਦੇਂਦਾ ਹੈ।

੩. ਮੂਰਖਾਂ ਨੂੰ ਘਰ-ਬਾਰ ਧਨ-ਦੌਲਤ ਸਭ ਕੁਝ ਦੇ ਦਿੱਤਾ ਤੇ ਉਨ੍ਹਾਂ ਦੇ ਘਰਾਂ ਅੱਗੇ ਵਿਦਵਾਨਾਂ ਨੂੰ ਭਿਖਿਆ

ਮੰਗਣ ਲਾ ਦਿੱਤਾ।

੪. ਇੰਜ ਲੱਗਦਾ ਹੈ ਕਿ ਬ੍ਰਹਮਾ ਦੇ ਭੁੱਲ ਕਰਨ ਸਮੇਂ ਜਾਪਦਾ ਹੈ ਕਿ ਵਿਸ਼ਨੂੰ ਨੇ (ਬ੍ਰਹਮਾ ਦੀ) ਕੋਈ ਸਹਾਇਤਾ ਮੱਦਦ ਨਹੀਂ ਕੀਤੀ। ੫੦।

**ਸ੍ਵੈਯਾ।।**

**੧. ਤਨ ਕੇ ਬਲ ਨੇ ਅਬ ਪੀਠ ਦਈ, ਅਰੁ ਹਾਰ ਪਰੇ ਦ੍ਰਿਗ ਬਾਲ ਸੰਗਾਤੀ।**
**੨. ਤਜ ਕੇ ਇਹ ਲੋਕ ਬਿਖੇ ਹਮ ਕੋ, ਚਲਿ ਆਪ ਗਏ ਸੁਰ ਲੋਕ ਸੁਜਾਤੀ।**
**੩. ਜਗ ਮੀਤ ਸਖਾ ਮੁਖ ਫੇਰ ਗਏ, ਅਬ ਸੇਵਕ ਨਾਹਿ ਪੁਛੇ ਮਮ ਬਾਤੀ।**
**੪. ਮਮ ਆਹਿ ਪਲਾਂਗਮ ਹੇ ਤ੍ਰਿਸਨੇ, ਇਕ ਤੂੰ ਮਮ ਸੰਗ ਰਹੀ ਦਿਨ ਰਾਤੀ।। ੫੧।।**

**ਪਦ ਅਰਥ :**

ਤਨ=ਸਰੀਰ। ਬਲ=ਤਾਕਤ, ਜ਼ੋਰ। ਅਬ=ਹੁਣ। ਪੀਠ=ਪਿੱਠ। ਅਰੁ=ਅਤੇ। ਹਾਰ ਪਰੇ=ਥੱਕ ਗਏ। ਦ੍ਰਿਗ=ਨੇਤਰ, ਅੱਖਾਂ। ਬਾਲ=ਵਾਲ ਜਾਂ ਬਚਪਨ ਦੇ। ਸੰਗਾਤੀ=ਸੰਗੀ, ਸਾਥੀ। ਸੁਰ ਲੋਕ=ਦੇਵ ਲੋਕ ਭਾਵ ਪਰਲੋਕ ਗਮਨ ਕਰ ਗਏ, ਮਰ ਖਪ ਗਏ। ਸੁਜਾਤੀ=ਹਮ ਜਾਤੀ, ਆਪਣੀ ਜਾਤੀ ਦੇ ਲੋਕ। ਸਖਾ=ਪਿਆਰੇ। ਮਮ=ਮੇਰੀ। ਬਾਤੀ=ਬਾਤ, ਗੱਲ, ਹਾਲ। ਮਮ=ਮੇਰਾ। ਆਹਿ=ਹੈ। ਪਲਾਂਗਮ=ਉਲਾਂਭਾ, ਗਿਲਾ, ਸ਼ਿਕਵਾ।

**ਅਰਥ :**

੧. (ਹੇ ਤ੍ਰਿਸ਼ਨਾ! ਦੇਖ, ਮੇਰੇ) ਸਰੀਰ ਦੇ ਜ਼ੋਰ ਨੇ ਤਾਂ ਮੈਨੂੰ ਪਿੱਠ ਦੇ ਦਿੱਤੀ ਹੈ ਅਤੇ ਬਚਪਨ ਦੇ ਸਾਥੀ ਜੋ ਨੇਤਰ ਸਨ ਉਹ ਵੀ ਸਾਥ ਛੱਡ ਗਏ ਹਨ।

੨. ਛੱਡ ਕੇ ਏਸੇ ਲੋਕ (ਸੰਸਾਰ) ਵਿਚ ਸਾਨੂੰ ਆਪ ਤੁਰ ਗਏ ਪਰਲੋਕ ਨੂੰ ਮੇਰੀ ਜਾਤ ਦੇ ਲੋਕ ਮੇਰੇ ਵੱਡੇ-ਵਡੇਰੇ।

੩. ਸੰਸਾਰ ਵਿਚ ਪਿਆਰੇ-ਪਿਆਰੇ ਮਿੱਤਰ-ਦੋਸਤ ਵੀ ਸੰਗ ਛੱਡ ਕੇ ਮੂੰਹ ਫੇਰ ਗਏ (ਮੇਰੇ ਵੱਲ ਤੱਕਦੇ ਹੀ ਨਹੀਂ) ਹੁਣ ਤੇ ਹਾਲ ਇਹ ਬਣ ਗਿਆ ਹੈ ਕਿ ਨੌਕਰ ਵੀ ਮੇਰੀ ਗੱਲ ਨਹੀਂ ਪੁੱਛਦੇ।

੪. ਮੇਰਾ (ਇਕ ਹੀ) ਉਲਾਂਭਾ ਤੈਨੂੰ ਹੈ ਐ ਤ੍ਰਿਸ਼ਨਾ! ਤੂੰ ਮੇਰੇ ਨਾਲ ਰਾਤ ਦਿਨ ਰਹੀ (ਬਾਕੀ ਸਾਰੇ ਮੇਰਾ ਸਾਥ ਛੱਡ ਗਏ ਕੇਵਲ ਤੇ ਕੇਵਲ) ਤੂੰ ਹੀ ਮੇਰੇ ਨਾਲ ਰਹੀ ਤੂੰ ਵੀ ਚਲੀ ਜਾਂਦੀ ਤੇ ਚੰਗਾ ਹੀ ਸੀ।। ੫੧।।

**ਸ੍ਵੈਯਾ।।**

**੧. ਦ੍ਰਿਗ ਜੋਤਿ ਘਟੀ ਕਟ ਹੈ ਲਟਕੀ, ਪਲਟੀ ਸਭ ਦੇਹ ਨ ਰਾਮ ਸੰਭਾਰੇ।**
**੨. ਕਰ ਮੈਂ ਲਕੁਟੀ ਨ ਉਠੀ ਕਰ ਤੇ, ਧਰ ਮਾਂਹਿ ਲਟੀ ਸੁ ਮਹਾਂ ਅਬ ਹਾਰੇ।**
**੩. ਜਬ ਬਾਲਕ ਥੇ ਤਬ ਖੇਲ ਮਤੇ ਤਰੁਨਾਪਨ ਮੈ ਸੁਭ ਕਾਜ ਬਿਗਾਰੇ।**
**੪. ਅਬ ਔਰ ਨ ਓਟ ਨਿਹਾਰਤ ਹੌਂ, ਸਰਣਾਗਤਿ ਹੌਂ ਜਲ ਭੂਧਰ ਤਾਰੇ।। ੫੨।।**

**ਪਦ ਅਰਥ :**

ਦ੍ਰਿਗ=ਨੇਤਰ, ਅੱਖਾਂ। ਜੋਤ=ਨਿਗ੍ਹਾ, ਨਜ਼ਰ। ਕਟ=ਲੱਕ, ਕਮਰ। ਲਟੁਕੀ=ਲਟਕ ਗਈ, ਝੁਕ ਗਈ। ਪਲਟੀ=ਬਦਲ ਗਈ। ਕਰ=ਹੱਥ। ਮੈ=ਵਿਚ। ਲਕੁਟੀ=ਸੋਟੀ। ਨ ਉਠੀ=ਨਹੀਂ ਉਠਦੀ, ਚੁੱਕੀ ਨਹੀਂ ਜਾਂਦੀ। ਕਰ ਤੇ=ਹੱਥ ਨਾਲ। ਧਰ=ਧਰਤੀ। ਮਾਹਿ=ਵਿਚ। ਲਟੀ=ਡਿੱਗ ਪਈ। ਮਹਾਂ=ਬਹੁਤ ਹੀ। ਅਬ=ਹੁਣ। ਹਾਰੇ=ਹਾਰ ਗਏ, ਦੁਖੀ ਹੋ ਗਏ, ਥੱਕ ਗਏ। ਜਬ=ਜਦੋਂ। ਬਾਲਕ=ਬੱਚੇ। ਥੇ=ਸੀ। ਤਬ=ਤਦੋਂ। ਖੇਲ=ਖੇਡਾਂ। ਮਤੇ=ਮਸਤ, ਮਗਨ, ਲੀਨ। ਤਰੁਨਾਪਨ=ਭਰ ਜਵਾਨੀ। ਅਬ=ਹੁਣ। ਔਰ=ਹੋਰ। ਓਟ=ਆਸਰਾ। ਨਿਹਾਰਤ=ਦੇਖਣਾ। ਸਰਣਾਗਤਿ=ਸ਼ਰਨ ਵਿਚ ਆਇਆ। ਹੌਂ=ਹਾਂ। ਜਲ=ਪਾਣੀ। ਭੂਧਰ=ਪੱਥਰ, ਪਹਾੜ। ਓਟ=ਆਸਰਾ। ਨਿਹਾਰਤਿ ਹੈਂ=ਦੇਖਦਾ ਹਾਂ। ਸਰਣਾਗਤਿ (ਸ਼ਰਨ+ਆਗਤਿ)= ਸ਼ਰਨ ਆਇਆ ਹਾਂ।

**ਅਰਥ :**

੧. (ਹੇ ਪ੍ਰਭੂ ਜੀ ਹੁਣ ਤਾਂ ਬੁਢੇਪੇ ਵਿੱਚ) ਅੱਖਾਂ ਦੀ ਨਜ਼ਰ ਘਟ ਗਈ ਹੈ ਕਮਰ ਝੁਕ ਗਈ ਹੈ ਦੇਹ ਸਾਰੀ ਪਲਟ ਗਈ ਹੈ ਭਾਵ ਸਰੀਰ ਦੀ ਬਣਤਰ ਵਿਚ ਵੀ ਕਾਫੀ ਫਰਕ ਪੈ ਗਿਆ। ਪਰ ਹੇ ਰਾਮ ਪ੍ਰਮਾਤਮਾ ! ਤੈਨੂੰ ਅਜੇ ਵੀ ਨਹੀਂ ਸੰਭਾਲਿਆ।

੨. (ਸਰੀਰਕ ਕਮੋਜ਼ਰੀ ਦੇ ਕਾਰਨ ਤੁਰਨਾ ਫਿਰਨਾ ਮੁਸ਼ਕਿਲ ਹੋ ਜਾਣ ਕਰਕੇ) ਹੱਥ ਵਿਚ ਸੋਟੀ ਫੜ ਲਈ ਤੇ ਜਦ ਕਿਤੇ ਉਹ ਸੋਟੀ ਜ਼ਮੀਨ 'ਤੇ ਡਿੱਗ ਪੈਂਦੀ ਹੈ ਚੁੱਕੀ ਨਹੀਂ ਜਾਂਦੀ ਹੁਣ ਤਾਂ ਬਹੁਤ ਹਾਰ ਗਏ ਹਾਂ।

੩. ਜਦੋਂ ਬਚਪਨ ਸੀ ਖੇਡਾਂ ਵਿਚ ਮਸਤਿਆਂ ਸਮਾਂ ਬਤੀਤ ਕਰ ਲਿਆ, ਜੁਆਨੀ ਵਿਚ ਵੀ ਕੋਈ ਚੰਗਾ ਕੰਮ ਨਾ ਕੀਤਾ ਸਗੋਂ ਚੰਗੇ-ਚੰਗੇ ਕੰਮ ਵਿਗਾੜਦੇ ਹੀ ਰਹੇ। ਜਪ ਤਪ ਨਾ ਕੀਤਾ ਸੇਵਾ ਨਾ ਕੀਤੀ ਦੁਰਲਭ ਨੂੰ ਗਾਫ਼ਲ ਕਰਦਾ ਗਿਆ

੪. ਐ ਮੇਰੇ ਦਾਤਾ! ਹੁਣ ਮੈਂ ਕਿਸੇ ਹੋਰ ਦੀ ਓਟ ਨਹੀਂ ਤਕਦਾ, ਮੈਨੂੰ ਕੇਵਲ ਤੇਰੀ ਹੀ ਓਟ ਹੈ, ਜਿਵੇਂ ਪੱਥਰਾਂ ਨੂੰ ਰਾਮਚੰਦਰ ਰੂਪ ਹੋ ਕੇ ਤਾਰਿਆਂ ਉਵੇਂ ਹੀ ਮੈਨੂੰ ਵੀ ਤਾਰੋ।। ੫੨।।

**ਸ੍ਵੈਯਾ।।** ਜਾਠਰ ਪਾਠ ਕੀਤੇ

**੧. ਜਬ ਜੋਬਨ ਥਾ ਜਨ ਪ੍ਰੀਤਿ ਕਰੇ, ਅਬ ਜਾਠਰ ਮਾਂਹਿ ਭਏ ਸਭ ਖਾਰੇ।**
**੨. ਨਹਿ ਹੈ ਅਧਿਕਾਰ ਕਛੂ ਤੁਮਰੋ, ਕਰ ਲੈ ਲਕੁਟੀ ਬਹੁ ਮੋਹਿ ਦੁਆਰੇ।**
**੩. ਇਮ ਭਾਖਤ ਹੈ ਕਰੁਨਾ ਨਿਧਿ ਰਾਮ ਪਰੋਂ ਤੁ ਕਹੇਂ ਯਹਿ ਪਾਦ ਪਸਾਰੇ।**
**੪. ਅਬ ਔਰ ਨ ਓਟ ਨਿਹਾਰਤ ਹੋਂ ਸਰਣਾਗਤਿ ਹੋਂ ਜਲ ਭੂਧਰ ਤਾਰੇ।। ੫੩।।**

**ਪਦ ਅਰਥ :**

ਜਬ=ਜਦੋਂ। ਜੋਬਨ=ਜੁਆਨੀ। ਜਾਠਰ=ਬੁਢਾਪਾ। ਸਭ=ਸਾਰੇ। ਖਾਰੇ=ਦੋਖੀ, ਦੁਸਮਣ,ਕੰਡੇ ਵਾਂਗ ਦੁੱਖ ਦੇਣ ਵਾਲੇ। ਅਧਿਕਾਰ=ਹੱਕ, ਅਹੁਦਾ, ਪਦਵੀ, ਯੋਗਜਤਾ, ਅਖਤਿਆਰ। ਕਛੂ=ਕੁਝ ਵੀ। ਲਕੁਟੀ=ਸੋਟੀ। ਬਹੁ=ਬੈਠ, ਬਹਿ ਜਾ। ਮੋਹਿ=ਮੇਰੇ। ਦੁਆਰੇ=ਦਰਵਾਜ਼ੇ। ਇਮ=ਇਉਂ। ਭਾਖਤ=ਕਹਿੰਦੇ। ਹੈਂ=ਹਨ। ਕਰੁਨਾ ਨਿਧਿ=ਕਿਰਪਾ ਦਾ ਸਮੁੰਦਰ। ਪਰੋਂ=ਪਵਾਂ, ਲੰਮਾ ਪਵਾਂ। ਤੁ=ਤਾਂ। ਕਹੇ=ਆਖਦੇ ਹਨ। ਯਹਿ=ਇਹ। ਪਾਦ=ਪੈਰ। ਪਸਾਰੇ=ਖਿਲਾਰੇ, ਫੈਲਾਅ ਕੇ। ਭੂਧਰ=ਪੱਥਰ। ਓਟ- ਆਸਰਾ। ਨਿਹਾਰਤ= ਦੇਖਦਾ। ਹੋਂ=ਹਾਂ। ਸਰਣਾਗਤਿ=ਸਰਣ+ਆਗਤਿ=ਸ਼ਰਨ ਆਇਆ ਹਾਂ।

**ਅਰਥ :**

੧. (ਹੇ ਪ੍ਰਭੂ ਜੀ!ਦੇਖੋ ਮੇਰੀ ਇਹ ਹਾਲਤ ਹੋ ਗਈ ਹੈ) ਜਦੋਂ (ਮੇਰੇ 'ਤੇ) ਜੁਆਨੀ ਸੀ (ਮੈਂ ਕਮਾਈ ਕਰਦਾ ਸਾਂ ਉਸ ਵੇਲੇ) ਸਾਰੇ ਮੇਰੇ ਨਾਲ ਪਿਆਰ ਕਰਦੇ ਸਨ, ਹੁਣ ਬੁਢਾਪਾ ਆ ਗਿਆ ਹੈ (ਮੈਂ ਕੁਝ ਕਰ ਨਹੀਂ ਸਕਦਾ, ਇਸ ਲਈ ਮੇਰੇ) ਸਾਰੇ ਦੁਸ਼ਮਣ ਬਣ ਗਏ ਹਨ।

੨. (ਮੈਂ ਜੇ ਕਰ ਕਿਸੇ ਕੰਮ ਵਿਚ ਜਾਂ ਕਿਸੇ ਗੱਲ ਵਿਚ ਬੋਲ ਪਵਾਂ ਤਾਂ ਮੈਨੂੰ ਇਉਂ ਕਹਿੰਦੇ ਹਨ ਕਿ) ਤੇਰਾ ਕੋਈ ਹੱਕ ਨਹੀਂ ਹੈ, (ਐ ਬੁੱਢੇ !) ਹੱਥ ਵਿਚ ਸੋਟੀ ਫੜ ਲੈ ਤੇ ਉਹ ਮੇਰੇ ਦਰਵਾਜ਼ੇ 'ਤੇ ਬੈਠ ਜਾਹ (ਤਾਂ ਕਿ ਅੰਦਰ ਕੋਈ ਕੁੱਤਾ ਬਿੱਲਾ ਨਾ ਆਵੇ)।

੩. ਇੰਜ ਕਹਿੰਦੇ ਹਨ ਐ ਮੇਰੇ ਕਿਰਪਾ ਦੇ ਖਜ਼ਾਨੇ ਪ੍ਰਭੂ! (ਜੇ ਕਰ ਮੈਂ ਥੱਕ ਕੇ ਕਿਤੇ ਲੰਮਾ) ਪੈ ਜਾਵਾਂ ਤਾਂ ਕਹਿੰਦੇ ਨੇ (ਦੇਖੋ! ਬੁੱਢਾ) ਇਹ ਲੰਮੀਆਂ ਤਾਣ ਕੇ ਪੈ ਗਿਆ ਹੈ।

੪. (ਹੇ ਪ੍ਰਭੂ) ਹੁਣ ਹੋਰ (ਕਿਸੇ ਦੀ) ਆਸ ਮੈਂ ਨਹੀਂ ਵੇਖਦਾ (ਕੇਵਲ ਮੈਂ) ਤੇਰੀ ਹੀ ਸ਼ਰਨ ਆਇਆ ਹਾਂ, ਜਿਵੇਂ

---

੧. *ਕਾਲੀ ਹੂ ਫੁਨਿ ਧਉਲੇ ਆਏ।। (ਪੰਨਾ ੧੦੨੭)*
*ਭਵਰ ਗਏ ਬਗ ਬੈਠੇ ਆਏ।। (ਸੂਹੀ ਕਬੀਰ ਪੰਨਾ ੭੯੨)*

੨. *ਨੈਨਹੁ ਨੀਰੁ ਵਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ।। (ਸੋਰਠਿ ਭੀਖਨ, ਪੰਨਾ ੬੫੯)*

੩. *ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ।। (ਸਿਰੀ ਰਾਗ ਬੇਣੀ, ਪੰਨਾ ੯੩)*

Sri Satguru Jagjit Singh Ji eLibrary NamdhariElibrary@gmail.com

ਪਾਣੀ ਤੋਂ ਪੱਥਰ ਤਾਰੇ ਹਨ (ਇੰਜ ਹੀ ਮੈਨੂੰ ਤਾਰੋ ਜੀ!)। ੫੩।

ਸ੍ਵੈਯਾ।।

**੧. ਅਬ ਜਾਠਰ ਮੈ ਤਨ ਖੀਨ ਭਏ, ਅਬ ਦੂਰ ਭਏ ਮੁਖ ਦਾਂਤ ਹਮਾਰੇ।**
**੨. ਜਨ ਮੋਹ ਕੋ ਭੋਜਨ ਸੋਇ ਧਰੇ, ਘਰ ਭੀਤਰਿ ਜੋ ਕਛੁ ਪਾਵਕ ਜਾਰੇ।**
**੩. ਮੁਖ ਤੇ ਕਛੁ ਭਾਖਤ ਹੌਂ ਜਬ ਹੀ, ਤੁ ਕਹੇਂ ਨਹਿ ਤੇ ਹਿਤ ਪੂਪ ਸਵਾਰੇ।**
**੪. ਅਬ ਔਰ ਨ ਓਟ ਨਿਹਾਰਤ ਹੌਂ, ਸਰਣਾਗਤਿ ਹੌਂ ਜਲ ਭੂਧਰ ਤਾਰੇ।। ੫੪।।**

**ਪਦ ਅਰਥ :**

ਅਬ=ਹੁਣ। ਜਾਠਰ=ਬੁਢਾਪਾ। ਮੈਂ=ਵਿਚ। ਤਨ=ਸਰੀਰ। ਖੀਨ=ਕਮਜ਼ੋਰ। ਭਏ=ਹੋ ਗਏ, ਨਿਕਲ ਗਏ। ਦਾਂਤ=ਦੰਦ। ਜਨ=ਘਰ ਦੇ ਜੀਅ, ਪਰਵਾਰ ਦੇ ਬੰਦੇ। ਮੋਹ=ਮੇਰੇ। ਕੋ=ਨੂੰ। ਭੋਜਨ=ਰੋਟੀ। ਸੋਇ=ਉਹ। ਧਰੇ=ਧਰਦੇ ਹਨ, ਰੱਖਦੇ ਹਨ। ਕਛੁ=ਕੁਝ, ਥੋੜ੍ਹਾ ਬਹੁਤ। ਪਾਵਕ=ਅੱਗ। ਜਾਰੇ=ਸਾੜਿਆ ਹੁੰਦਾ ਹੈ। ਮੁਖ ਤੇ=ਮੂੰਹ ਤੋਂ, ਮੂੰਹੋਂ। ਭਾਖਤ=ਕਹਿੰਦਾ। ਹੌਂ=ਹਾਂ। ਜਬ ਹੀ=ਜਦੋਂ ਭੀ। ਤੁ=ਤਾਂ। ਕਹੇਂ=ਆਖਦੇ। ਤੇ=ਤੇਰੇ। ਹਿਤ=ਵਾਸਤੇ, ਲਈ। ਪੂਪ=ਪੂੜੇ, ਨਰਮ ਚੀਜ਼। ਸਵਾਰੇ=ਸਵਾਰ ਕੇ, ਬਣਾ ਕੇ। ਭੂਧਰ=ਪਹਾੜ, ਪੱਥਰ। ਓਟ=ਆਸਰਾ, ਆਸ। ਨਿਹਾਰਤ=ਦੇਖਦਾ। ਹੌਂ=ਹਾਂ। ਸਰਣਾਗਤਿ=ਸਰਣ+ਆਗਤ=ਸ਼ਰਨ ਆਇਆ ਹਾਂ।

**ਅਰਥ :**

੧. (ਹੇ ਪ੍ਰਭੂ ਜੀ !) ਹੁਣ ਬੁਢਾਪੇ ਵਿਚ ਸਰੀਰ ਦੇ ਸਾਰੇ ਕਰਮ ਇੰਦਰੇ (ਹੱਥ ਕੰਬਣ ਲੱਗ ਪਏ ਕੋਈ ਚੀਜ਼ ਸਹੀ ਤਰ੍ਹਾਂ ਫੜੀ ਨਹੀਂ ਜਾਂਦੀ, ਪੈਰਾਂ ਨਾਲ ਤੁਰਿਆ ਨਹੀਂ ਜਾਂਦਾ, ਨਜ਼ਰ ਕਮਜ਼ੋਰ ਹੋ ਗਈ ਆਪਣੇ ਵਿਗਾਨੇ ਦੀ, ਚੰਗੇ ਮਾੜੇ ਦੀ ਪਹਿਚਾਨ ਨਹੀਂ ਰਹੀ। ਕੰਨੀਂ ਸੁਣਦਾ ਨਹੀਂ ਕੀ ਕਹਿੰਦੇ ਹਨ, ਪੂਰਾ ਪਤਾ ਨਹੀਂ ਲੱਗਦਾ, ਜਦੋਂ ਕੁਝ ਆਖਦਾ ਹਾਂ ਤਾਂ ਕਿਸੇ ਨੂੰ ਸਮਝ ਨਹੀਂ ਆਉਂਦੀ ਜ਼ਬਾਨ ਥਥਲਾਂਦੀ ਹੈ, ਸਾਫ ਬੋਲਿਆ ਨਹੀਂ ਜਾਂਦਾ। ਦੰਦ ਨਿਕਲ ਗਏ ਹਨ ਕੋਈ ਚੀਜ਼ ਖਾਧੀ ਨਹੀਂ ਜਾਂਦੀ ਇਉਂ) ਕਮਜ਼ੋਰ ਹੋ ਗਏ ਹਨ, ਮੂੰਹ 'ਚੋਂ ਦੰਦ ਸਾਡੇ ਨਿਕਲ ਗਏ ਹਨ।

੨. (ਮੇਰੇ ਹੀ ਪਰਵਾਰ ਦੇ) ਬੰਦੇ ਉਹ ਚੀਜ਼ ਮੇਰੇ ਅੱਗੇ ਲਿਆ ਰੱਖਦੇ ਹਨ (ਜਿਹੜੀ) ਘਰ ਵਿਚ ਕੁਝ ਅੱਗ ਨੇ ਸਾੜੀ ਹੁੰਦੀ ਹੈ।

੩. ਜਦੋਂ (ਮੈਂ ਉਨ੍ਹਾਂ ਨੂੰ) ਮੂੰਹੋਂ ਕੁਝ ਆਖਦਾ ਹਾਂ ਕਿ ਮੈਂ ਭਾਈ! ਇਸ ਘਰ ਦਾ ਮਾਲਕ ਹਾਂ, ਕਮਾਈ ਕਰਕੇ ਦਿੰਦਾ ਰਿਹਾ ਹਾਂ ਮੈਥੋਂ ਇਹ ਖਾਧਾ ਨਹੀਂ ਜਾਂਦਾ ਮੈਨੂੰ ਰੋਟੀ ਪਾਣੀ ਤਾਂ ਸਹੀ ਢੰਗ ਨਾਲ ਦਿਓ। ਤਾਂ (ਵਿਅੰਗ ਬਚਨਾਂ ਨਾਲ) ਕਹਿੰਦੇ ਹਨ ਤੇਰੇ ਵਾਸਤੇ ਪੂੜੇ ਨਹੀਂ ਬਣਾ ਕੇ ਰੱਖੇ ਹੋਏ।

੪. ਹੇ ਮੇਰੇ ਮਾਲਕ ਪ੍ਰਭੂ ਮੈਂ ਹੁਣ ਕਿਸੇ ਹੋਰ ਦੀ ਓਟ ਨਹੀਂ ਤੱਕਦਾ, ਮੈਨੂੰ ਕੇਵਲ ਤੇਰੀ ਹੀ ਆਸ ਹੈ, ਜਿਵੇਂ ਪਾਣੀ ਤੋਂ ਪੱਥਰ ਤਾਰੇ (ਉਵੇਂ ਹੀ ਮੈਨੂੰ ਤਾਰ ਦਿਓ)। ੫੪।

ਸ੍ਵੈਯਾ।।

**੧. ਨਹਿ ਦਾਨ ਦੀਏ ਦਿਜ ਮੰਡਲ ਕੋ, ਅਰੁ ਦਿੱਬਜ ਧੁਨੀ ਤਨ ਨਾਹਿ ਪਖਾਰੇ।**
**੨. ਨਹਿ ਮਾਤ ਸੁ ਤਾਤ ਕੀ ਸੇਵ ਕਰੀ, ਨਹਿ ਦੇਵਨ ਕੇ ਕੁਲ ਪੂਜ ਸਵਾਰੇ।**
**੩. ਲਰਕਾਪਨ ਮੈਂ, ਤਰੁਣਾਪਨ ਮੈਂ, ਜਠਰਾਪਨ ਮੈਂ ਨਹਿ ਰਾਮ ਚਿਤਾਰੇ।**
**੪. ਅਬ ਔਰ ਨ ਓਟ ਨਿਹਾਰਤ ਹੌਂ, ਸਰਣਾਗਤਿ ਹੌਂ ਜਲ ਭੂਧਰ ਤਾਰੇ।। ੫੫।।**

**ਪਦ ਅਰਥ :**

ਦਿਜ ਮੰਡਲ=ਬ੍ਰਾਹਮਣ ਮੰਡਲੀ। ਕੋ=ਨੂੰ। ਅਰੁ=ਅਤੇ। ਦਿੱਬ ਧੁਨੀ=ਗੰਗਾ। ਤਨ=ਸਰੀਰ। ਪਖਾਰੇ=ਧੋਤਾ। ਸਵਾਰੇ=ਸੁਆਰ ਕੇ, ਸੋਹਣੇ ਤਰੀਕੇ ਨਾਲ। ਦੇਵਨ=ਦੇਵਤੇ। ਦੇਵਨ ਕੁਲ=ਦੇਵਤਿਆਂ ਦੀਆਂ ਕੁਲਾਂ, ਸਾਰੇ ਦੇਵਤੇ। ਪੂਜ=ਪੂਜਿਆ। ਲਰਕਾਪਨ=ਬਚਪਨ। ਮੈਂ=ਵਿਚ। ਤਰੁਣਾਪਨ=ਜਆਨੀ। ਜਠਰਾਪਨ=ਬੁਢਾਪਾ। ਚਿਤਾਰੇ=ਚੇਤੇ ਕਰਨਾ, ਯਾਦ ਕਰਨਾ।

**ਅਰਥ :**

੧. (ਪੂਜਾ ਕਰਨ ਵਾਲੀ, ਨਾਮ ਜਪਣ ਵਾਲੀ ਚੰਗੇ ਕੰਮ ਕਰਨ ਵਾਲੀ) ਬ੍ਰਾਹਮਣ ਮੰਡਲੀ ਨੂੰ ਦਾਨ ਨਾ ਦਿੱਤਾ ਅਤੇ ਨਾ ਹੀ ਗੰਗਾ ਆਦਿ ਤੀਰਥਾਂ 'ਤੇ ਜਾ ਕੇ ਸਰੀਰਕ ਇਸ਼ਨਾਨ ਕੀਤਾ (ਸਰੀਰ ਨੂੰ ਧੋਤਾ)।

੨. ਅਤੇ ਨਾ ਹੀ ਮਾਤਾ ਪਿਤਾ ਦੀ ਸੇਵਾ ਕੀਤੀ ਤੇ ਨਾ ਹੀ ਦੇਵਤਿਆਂ ਦੀ ਕੁਲ ਨੂੰ ਸੋਹਣੇ ਢੰਗ ਨਾਲ ਪੂਜਿਆ।

੩. ਬਚਪਨ, ਜੁਆਨੀ ਤੇ ਬੁਢਾਪੇ ਵਿਚ ਨਾ ਹੀ ਪਰਮਾਤਮਾ ਦੀ ਯਾਦ ਵਸਾਈ। ਭਾਵ ਰੱਬ ਨੂੰ ਵੀ ਕਦੇ ਭੁੱਲ ਕੇ ਯਾਦ ਨਹੀਂ ਕੀਤਾ। ਜ਼ਿੰਦਗੀ ਵਿਚ ਕੋਈ ਵੀ ਨੇਕ ਕੰਮ ਨਹੀਂ ਕੀਤਾ।

੪. ਹੇ ਪ੍ਰਭੂ ! ਹੁਣ ਮੈਂ ਹੋਰ ਕਿਸੇ ਦਾ ਵੀ ਸਹਾਰਾ ਨਹੀਂ ਤੱਕਦਾ ਕੇਵਲ ਤੇਰੀ ਹੀ ਸ਼ਰਨ ਵਿਚ ਆਇਆ ਹਾਂ, ਜਿਵੇਂ ਰਾਮ ਰੂਪ ਹੋ ਕੇ ਪਾਣੀ ਤੋਂ ਪੱਥਰਾਂ ਨੂੰ ਤਾਰਿਆ ਸੀ (ਉਵੇਂ ਮੈਨੂੰ ਵੀ ਤਾਰੋ ਜੀ!)। ੫੫।

## ਸ੍ਵੈਯਾ।।

## ੧. ਨਹਿਂ ਸੇਵ ਕਰੀ ਸਿਵ ਕੀ ਹਮਹੂੰ, ਅਰੁ ਨਾਹਿ ਗਜਾਨਨ ਆਸ ਹਮਾਰੇ।
## ੨. ਨਹਿਂ ਪੁੰਨ ਕਰੇ ਭਵ ਮੰਡਲ ਮੈਂ, ਅਰੁ ਪਾਪ ਕਰੇ ਜਗ ਮਾਂਹਿ ਕਰਾਰੇ।
## ੩. ਨਹਿ ਹੈ ਤਰਬੋ• ਯਹਿ ਸੰਕ ਮਿਟੀ• ਹਰਿ ਨਾਥ ਬਲੀ• ਜੁ ਅਜਾਮਲ ਤਾਰੇ।
## ੪. ਅਬ ਔਰ ਨ ਓਟ ਨਿਹਾਰਤ ਹੌਂ, ਸਰਣਾਗਤਿ ਹੌਂ ਜਲ ਭੂਧਰ ਤਾਰੇ।। ੫੬।।

**ਪਦ ਅਰਥ :**

ਸੇਵ=ਸੇਵਾ। ਕਰੀ=ਕੀਤੀ। ਸ਼ਿਵ=ਸ਼ਿਵ ਦੀ ਹਿੰਦੂ ਮੱਤ ਦੇ ਮੰਨੇ ਤਿੰਨ ਦੇਵਤਿਆਂ ਵਿਚੋਂ ਸੰਸਾਰ ਰਚਨਾ ਨੂੰ ਖ਼ਤਮ ਕਰਨ ਵਾਲਾ ਸ਼ਿਵ ਜੀ। ਹਮਹੂੰ=ਅਸਾਂ ਨੇ। ਅਰੁ=ਅਤੇ। ਗਜਾਨਨ=ਗਣੇਸ਼ (ਗਜ+ਆਨਨ) ਗਜ=ਹਾਥੀ, ਆਨਨ=ਮੂੰਹ, ਹਾਥੀ ਦੇ ਮੂੰਹ ਵਾਲਾ, ਗਣੇਸ਼। ਭਵ ਮੰਡਲ=ਸੰਸਾਰ ਮੰਡਲ। ਜਗ=ਜਗਤ। ਕਰਾਰੇ=ਤਕੜੇ, ਵੱਡੇ-ਵੱਡੇ। ਹੈ=ਹੋਵੇਗਾ। ਤਰਬੋ=ਤਰਨਾ। ਯਹਿ=ਇਹ। ਸੰਕ=ਸ਼ੰਕਾ, ਸੰਸਾ। ਮਿਟੀ=ਮਿਟ ਗਈ। ਨਾਥ=ਮਾਲਕ। ਬਲੀ=ਬਲ ਵਾਲਾ, ਬਲਵਾਨ। ਅਜਾਮਲ=ਕਨੌਜ ਦੇਸ਼ ਦਾ ਇਕ ਦੁਰਾਚਾਰੀ ਬ੍ਰਾਹਮਣ ਜਿਸ ਨੇ ਇਕ ਵੇਸ਼ਯਾ ਨਾਲ ਵਿਆਹ ਕੀਤਾ ਸੀ, ਜਿਸ ਦੇ ਉਦਰ ਤੋਂ ਦਸ ਪੁੱਤਰ ਹੋਏ। (ਮਹਾਨ ਕੋਸ਼)।

**ਅਰਥ :**

੧. ਨਾ ਅਸੀਂ ਸ਼ਿਵ ਜੀ ਦੀ ਸੇਵਾ ਕੀਤੀ ਤੇ ਨਾ ਹੀ ਆਪਣੇ ਦਿਲ ਵਿਚ ਗਣੇਸ਼ ਦੀ ਆਸ ਰੱਖੀ।

੨. ਨਾ ਸੰਸਾਰ ਮੰਡਲ ਵਿਚ ਕੋਈ ਪੁਨ ਕੀਤੇ ਅਤੇ ਤਕੜੇ-ਤਕੜੇ ਪਾਪ ਹੀ ਜਗਤ ਵਿਚ ਕੀਤੇ।

੩. ਨਹੀਂ ਹੋਵੇਗਾ ਤਰਨਾ ਇਹ ਸੰਕਾ ਮਿਟ ਗਈ, ਕਾਰਨ ? ਹਰੀ ਮਾਲਕ ਬਹੁਤ ਹੀ ਬਲਵਾਨ ਹੈ, ਕਿਉਂ ਜੁ ਅਜਾਮਲ ਵਰਗੇ ਮਾੜੇ ਕੰਮ ਕਰਨ ਵਾਲਿਆਂ ਨੂੰ ਤਾਰ ਸਕਦਾ ਹੈ (ਤੇ ਮੈਨੂੰ ਵੀ ਜ਼ਰੂਰ ਤਾਰੇਗਾ)।

੪. (ਹੇ ਪ੍ਰਭੂ !) ਹੁਣ ਹੋਰ ਕੋਈ ਵੀ ਓਟ ਆਸਰਾ ਮੈਂ ਨਹੀਂ ਤੱਕਦਾ, ਕੇਵਲ ਆਪ ਦੀ ਸ਼ਰਨ ਵਿਚ ਆਇਆ ਹਾਂ, ਆਪ ਨੇ ਹੀ ਪਾਣੀ ਉੱਤੇ ਪੱਥਰ ਤਾਰੇ ਸਨ। ੫੬।

## ਦੋਹਰਾ।।

## ੧. ਰੇ ਮਨ ਪਾਲਨ ਸੀਲ ਕਉ, ਆਪਦ ਅਨਾਪਦ ਮਾਹਿਂ।
## ੨. ਸਦਾ ਕਰੋ• ਸੁਖ ਕੋ ਲਹੋ• ਤਨ ਲੌ ਡਾਰੋ ਨਾਹਿਂ ।। ੫੭।।

**ਪਦ ਅਰਥ :**

ਰੇ=ਹੇ। ਸੀਲ=ਜਤ-ਸਤ, ਸ਼ਾਂਤਿ ਭਾਵ। ਕੋ=ਨੂੰ। ਆਪਦ=ਦੁੱਖ, ਮੁਸੀਬਤ। ਅਨਾਪਦ=ਦੁੱਖ ਤੋਂ ਰਹਿਤ, ਭਾਵ ਸੁਖ। ਮਾਹਿ=ਵਿੱਚ। ਤਨ =ਸਰੀਰ। ਲੌ=ਤੱਕ। ਡਾਰੋ = ਸੁੱਟ, ਸੁੱਟਣਾ।

**ਅਰਥ :**

੧. ਹੇ ਮਨ ਦੁਖ (ਮੁਸੀਬਤ) ਜਾਂ ਸੁਖ ਵਿਚ ਸ਼ੀਲ ਸੁਭਾਅ ਨੂੰ ਪਾਲ ।

੨. ਸਦਾ ਧਾਰ ਕੇ ਰੱਖੋ (ਹਮੇਸ਼ਾਂ ਨਿਭਾਓ) ਆਪਣੇ ਸਰੀਰ ਤੋਂ ਕਦੇ ਵੀ ਸ਼ੀਲ ਸੁਭਾਅ ਨੂੰ ਨਾ ਛੱਡੋ, ਫਿਰ (ਤੁਸੀਂ ਬੇਅੰਤ) ਸੁਖ ਲਵੋਗੇ। ੫੭।

**ਭਾਵ**

ਇਨਸਾਨ ਨੂੰ ਸੁਚੇਤ ਕਰਦੇ ਹਨ ਕਿ ਐ ਇਨਸਾਨ! ਦੁੱਖ ਜਾਂ ਸੁਖ, ਖੁਸ਼ੀ ਜਾਂ ਗਮੀ ਵਿਚ ਆਪਣੇ ਸ਼ੀਲ ਸੁਭਾਅ ਨੂੰ ਤਿਆਗ ਨਾ, ਬੇਸ਼ੱਕ ਆਪਣੀ ਜਾਨ ਦੀ ਬਾਜ਼ੀ ਕਿਉਂ ਨਾ ਲਾਉਣੀ ਪਵੇ, ਫਿਰ ਤੈਨੂੰ ਸੁਖ ਹੀ ਸੁਖ ਹਨ। ੫੭।

ਹੁਣ ਦੋ ਸਵੈਯਾਂ ਵਿਚ ਦਸਦੇ ਹਨ ਕਿ ਸਰੀਰ ਲੈ ਕੇ ਜੋ ਵੀ ਆਇਆ ਹੈ ਉਸਨੇ ਦੁੱਖ ਜ਼ਰੂਰ ਪਾਇਆ–

### ਸ੍ਵੈਯਾ॥

**੧. ਭਵ ਮੰਡਲ ਮਾਂਹਿ ਸੁਸੀਲ ਫਲੇ,ਪੁਨ ਸੀਲ ਪ੍ਰਲੋਕ ਬਿਖੇ ਫਲ ਜਾਏ।**
**੨. ਜਗ ਸੀਲ ਕੁ ਪਾਲਨ ਉਤਮ ਹੈ·ਤਨ ਆਪਦ ਤੇ ਨਹਿ ਸੀਲ ਗਵਾਏ।**
**੩. ਤਨ ਧਾਰਿ ਰਹੇ ਜਗ ਭੀਤਰਿ ਜੋ·ਮਨ·ਕੌਨ ਅਹੇ·ਨਹਿ ਜੋ ਦੁਖ ਪਾਏ।**
**੪. ਨ੍ਰਿਪ ਪਾਂਡਪ ਸੇ ਬਨ ਮਾਹਿ ਬਸੇ·ਜਿਨ ਕੇ ਹਰਿ ਹੋਵਤ ਨੀਤ ਸਹਾਏ॥ ੫੮॥**

**ਪਦ ਅਰਥ :**

ਸੁਸੀਲ=ਚੰਗਾ ਸੁਭਾਅ ਅਥਵਾ ਧੀਰਜ। ਉਤਮ=ਚੰਗਾ। ਆਪਦ=ਦੁੱਖ। ਤੇ=ਤੋਂ। ਗਵਾਏ=ਦੂਰ ਕਰੇ। ਜੋ=ਜਿਹੜਾ। ਤਨ=ਸਰੀਰ। ਆਪਦ=ਵਿਪਤਾ, ਦੁੱਖ, ਤਕਲੀਫ। ਸੀਲ=ਧੀਰਜ, ਹੌਸਲਾ। ਧਾਰਿ=ਧਾਰ ਕੇ। ਭੀਤਰਿ=ਵਿਚ। ਕੌਨ=ਕਿਹੜਾ। ਅਹੇ =ਹੈ। ਪਾਏ=ਪਾਉਂਦਾ। ਨ੍ਰਿਪ=ਰਾਜਾ। ਪਾਂਡਪ=ਪੰਡੂ ਰਾਜੇ ਦੇ ਪੁੱਤਰ, (ਯੁਧਿਸ਼ਟਰ, ਅਰਜਨ, ਭੀਮ ਸੈਨ, ਨਕੁਲ ਤੇ ਸਹਿਦੇਵ)। ਸੇ =ਵਰਗੇ। ਬਨ=ਜੰਗਲ। ਜਿਨ ਕੇ=ਜਿਨ੍ਹਾਂ ਦੇ। ਹਰਿ=ਕ੍ਰਿਸ਼ਨ। ਹੋਵਤ=ਹੁੰਦੇ। ਨੀਤ=ਰੋਜ਼। ਸਹਾਏ=ਸਹਾਇਕ।

**ਅਰਥ :**

੧. ਸੰਸਾਰ ਵਿਚ ਚੰਗਾ ਸੁਭਾਅ ਹੀ ਫਲਦਾ ਹੈ, ਫਿਰ ਸ਼ੀਲ ਸੁਭਾਅ ਦਾ ਫਲ ਹੀ ਪ੍ਰਲੋਕ ਵਿਚ ਨਾਲ ਜਾਂਦਾ ਹੈ।

੨. ਜਗਤ ਵਿਚ ਸ਼ੀਲ ਸੁਭਾਅ ਨੂੰ ਪਾਲਣਾ ਹੀ ਚੰਗਾ ਕੰਮ ਹੈ, ਸਰੀਰ 'ਤੇ ਕੋਈ ਦੁੱਖ ਤਕਲੀਫ ਆਉਣ 'ਤੇ ਵੀ ਸ਼ੀਲ ਸੁਭਾਅ (ਸ੍ਰੇਸ਼ਟਤਾ, ਦੈਵੀ ਗੁਣ) ਨਹੀਂ ਤਿਆਗਣਾ ਚਾਹੀਦਾ।

੩. ਸਰੀਰ ਧਾਰ ਕੇ ਜੋ ਵੀ ਸੰਸਾਰ ਵਿਚ (ਆਇਆ ਹੈ) ਐ ਮਨ ਕਿਹੜਾ ਹੈ ਜਿਸ ਨੇ ਦੁੱਖ ਨਹੀਂ ਪਾਇਆ।

੪. ਪੰਡੂ ਰਾਜੇ ਦੇ ਪੰਜ ਪੁੱਤਰ ਜੰਗਲ ਵਿਚ (ਬਨਵਾਸੀ ਹੋ ਕੇ) ਵਸੇ (ਦੇਖੋ,) ਜਿਨ੍ਹਾਂ ਦੇ ਕ੍ਰਿਸ਼ਨ ਜੀ ਰੋਜ਼ਾਨਾ ਨਾਲ ਰਹਿੰਦੇ ਤੇ ਸਹਾਇਕ ਸਨ।

### ਸ੍ਵੈਯਾ॥

**੧. ਜਿਹ ਨਾਮ ਉਚਾਰਤ ਦੂਖ ਮਿਟੇ·ਵਹਿ ਰਾਮ ਗਏ ਪਦ ਸੋਂ ਬਨ ਮਾਂਹੀ।**
**੨. ਮਥੁਰਾ ਤਜਿ ਕਾਨ੍ਹ ਬਨੀ ਅਪਦਾ·ਮੁਚਕੰਦ ਹਰੀ ਤਿਨ ਕੀ ਗਿਰ ਮਾਂਹੀ।**
**੩. ਬਲ ਬੀਰ ਪਿਤਾ ਰਘੁਬੀਰ ਪਿਤਾ·ਦੁਖ ਲੋਗ ਸਮਾਨ ਲਹੇ ਭਵ ਮਾਂਹੀ।**
**੪. ਕਹੁ ਰੇ ਮਨ ਕੌਨ ਸੁਖੀ ਜਗ ਮੈਂ·ਤਨ ਧਾਰਿ ਕੇ ਜੋ ਦੁਖ ਪਾਵਤ ਨਾਂਹੀ॥ ੫੯॥**

**ਪਦ ਅਰਥ :**

ਜਿਹ=ਜਿਸ।ਉਚਾਰਤ=ਲੈਂਦਿਆਂ,ਉਚਾਰਿਆਂ।ਵਹਿ=ਉਹ।ਪਦ=ਪੈਰ।ਸੋਂ=ਨਾਲ।ਪਦਸੋਂ=ਪੈਰਾਂਨਾਲ ਚਲ ਕੇ।ਬਨ=ਜੰਗਲ। ਅਪਦਾ=ਭੀੜਾ, ਵਿਪਤ ਸਮਾਂ। ਬਨੀ=ਬਣੀ। ਮੁਚਕੰਦ=ਇਕ ਸੂਰਜ ਵੰਸ ਰਾਜਾ, ਜੋ ਮਾਂਧਾਤਾ ਦਾ ਪੁੱਤਰ ਸੀ। ਹਰੀ=ਦੂਰ ਕੀਤੀ। ਤਿਨ ਕੀ=ਉਨ੍ਹਾਂ ਦੀ। ਗਿਰ ਮਾਂਹੀਂ=ਪਹਾੜਾਂ ਵਿਚ। ਬਲ=ਬਲਭੱਦਰ ਦਾ ਬੀਰ (ਭਾਈ) ਸ੍ਰੀ ਕ੍ਰਿਸ਼ਨ ਜੀ (ਮਹਾਨ ਕੋਸ਼)। ਬਲਬੀਰ ਪਿਤਾ =ਬਸੁਦੇਵ ਨੇ। ਰਘੁਬੀਰ=ਸ੍ਰੀ ਰਾਮ ਚੰਦਰ ਜੀ। ਲਹੇ=ਲਏ। ਭਵ=ਸੰਸਾਰ। ਮਾਂਹੀ=ਵਿਚ। ਕਹੁ=ਦੱਸੋ। ਰੇ

Sri Satguru Jagjit Singh Ji eLibrary NamdhariElibrary@gmail.com

ਕੌਨ=ਕਿਹੜਾ। ਤਨ ਧਾਰਿ ਕੇ=ਸਰੀਰ ਲੈ ਕੇ। ਜੋ=ਜਿਹੜਾ। ਪਾਵਤ=ਪਾਉਂਦਾ।

**ਅਰਥ :**

੧. ਜਿਸ (ਰਾਮ ਚੰਦਰ ਜੀ ਦਾ) ਨਾਮ ਉਚਾਰਿਆਂ ਦੁੱਖ ਮਿਟਦੇ ਹਨ ਉਹ ਰਾਮ ਚੰਦਰ ਜੀ ਵੀ (੧੪ ਸਾਲ ਦਾ ਬਨਵਾਸ ਕੱਟਣ ਲਈ) ਪੈਰੀਂ ਚੱਲ ਕੇ ਜੰਗਲ ਵਿਚ ਗਏ।

੨. (ਕਾਲ ਯਵਨ ਨਾਲ ਜੰਗ ਦੇ ਕਾਰਣ) ਜਿਸ ਵੇਲੇ ਸ੍ਰੀ ਕ੍ਰਿਸ਼ਨ ਜੀ 'ਤੇ ਭੀੜ ਬਣੀ ਮਥਰਾ ਨੂੰ ਛੱਡ ਕੇ ਜੰਗਲ ਵਿਚ ਭੱਜੇ ਫਿਰਦੇ ਸਨ ਉਸ ਵੇਲੇ ਪਹਾੜਾਂ ਵਿਚ ਸੁੱਤੇ ਮੁਚਕੰਦ ਰਾਜੇ* ਨੇ ਉਹ ਵਿਪਤਾ ਦੂਰ ਕੀਤੀ (ਕਾਲ ਯਵਨ ਨੂੰ ਮਾਰ ਕੇ)।

੩. ਬਲਭੱਦਰ ਦੇ ਪਿਤਾ (ਬਸੁਦੇਵ) ਸ੍ਰੀ ਰਾਮ ਚੰਦਰ ਜੀ ਦੇ ਪਿਤਾ (ਦਸ਼ਰਥ) ਨੇ ਆਮ ਲੋਕਾਂ ਵਾਂਗ ਸੰਸਾਰ ਵਿਚ ਦੁੱਖ ਪਾਏ।

੪. ਐ ਮਨ! ਦੱਸ ਕਿਹੜਾ ਮਨੁੱਖ ਸੁਖੀ ਹੈ, ਜਿਸ ਮਨੁੱਖ ਨੇ ਦੁਨੀਆਂ ਵਿਚ ਸਰੀਰ ਪਾ ਕੇ ਦੁੱਖ ਨਹੀਂ ਪਾਇਆ। ੫੯।

ਸ੍ਵੈਯਾ।।

**੧. ਤਾਤ ਕੀ ਆਇਸ ਮਾਨਿ ਚਲੇ, ਜਿਨ ਕੇ ਪਦ ਪੰਕਜ ਪੂਜਤ ਲੋਈ।**
**੨. ਰਾਜ ਬਿਭੂਤਿ ਤਜੀ ਛਿਨ ਮੈ, ਬਨ ਕੋ ਨਿਕਸੇ ਜਨਨੀ ਬਹੁ ਰੋਈ।**
**੩. ਤੌਂ ਨ ਫਿਰੇ ਪੁਰ ਕੋ ਹਰਿ ਜੂ, ਜਬ ਭ੍ਰਾਤ ਗਹੇ ਕਰ ਮੈਂ ਪਦ ਦੋਈ।**
**੪. ਧਰਮ ਬਰਾਬਰ ਰਾਜ ਨਹੀਂ, ਇਹ ਸੂਚਕ ਰਾਮ ਸਨਾਤਨ ਜੋਈ।। ੬੦।।**

**ਪਦ ਅਰਥ :**

ਤਾਤ=ਪਿਤਾ। ਆਇਸ=ਆਗਿਆ। ਮਾਨਿ=ਮੰਨ ਕੇ। ਚਲੇ=ਗਏ। ਜਿਨ=ਜਿਨ੍ਹਾਂ। ਪਦ=ਪੈਰ, ਚਰਨ। ਪੰਕਜ=ਕੰਵਲ, ਪਦ ਪੰਕਜ= ਚਰਨ-ਕੰਵਲ। ਪੂਜਤ=ਪੂਜਦੀ, ਮੰਨਤ ਕਰਦੀ। ਲੋਈ=ਸ੍ਰਿਸ਼ਟੀ। ਰਾਜ ਬਿਭੂਤਿ=ਰਾਜ ਸੰਪਦਾ। ਤਜੀ=ਛੱਡੀ। ਛਿਨ ਮੈ=ਥੋੜ੍ਹੇ ਜਿੰਨੇ ਸਮੇਂ ਵਿਚ। ਬਨ=ਜੰਗਲ। ਕੋ=ਨੂੰ। ਨਿਕਸੇ=ਨਿਕਲ ਗਏ, ਚਲੇ ਗਏ। ਜਨਨੀ=ਮਾਤਾ। ਤੌਂ ਨ=ਫੇਰ ਵੀ ਨਾ। ਫਿਰੇ=ਮੁੜੇ। ਪੁਰ ਕੋ=ਪੁਰੀ ਨੂੰ, ਅਯੁਧਿਆ ਪੁਰੀ ਨੂੰ। ਹਰਿ=ਰਾਮ ਚੰਦਰ ਜੀ। ਜਬ=ਜਦੋਂ। ਭ੍ਰਾਤ=ਭਰਾ, ਭਾਈ। ਗਹੇ=ਫੜੇ। ਕਰ=ਹੱਥ। ਗਹੇ ਕਰ=ਭਰਥ ਨੇ ਦੋਨਾਂ ਹੱਥਾਂ ਨਾਲ ਚਰਨ ਫੜ ਲਏ ਕਿ ਮੈਨੂੰ ਰਾਜ ਨਹੀਂ ਚਾਹੀਦਾ ਤੁਸੀਂ ਵਨਵਾਸ ਨਾ ਜਾਵੋ, ਲੇਕਿਨ ਪਿਤਾ ਦਾ ਕਹਿਣਾ ਨਹੀਂ ਮੋੜਿਆ। ਸੂਚਕ=ਜਣਾਇਕ, ਦੱਸਿਆ, ਜਣਾਇਆ। ਸਨਾਤਨ=ਪੁਰਾਣਾ, ਅਨਾਦੀ।

**ਅਰਥ :**

੧. ਪਿਤਾ ਦੀ ਆਗਿਆ ਮੰਨ ਕੇ ਵਨਵਾਸ (ਜੰਗਲ ਵਿਚ ਵਸਣ ਲਈ) ਚਲੇ ਗਏ, ਜਿਨ੍ਹਾਂ ਦੇ ਚਰਨ-ਕਮਲ ਦੁਨੀਆਂ ਪੂਜਦੀ ਹੈ।

੨. ਰਾਜ-ਸੰਪੱਤੀ ਛੱਡਣ ਲੱਗਿਆਂ ਜ਼ਰਾ ਵੀ ਦੇਰ ਨਹੀਂ ਕੀਤੀ ਜੰਗਲ ਨੂੰ ਚਲੇ ਗਏ ਮਾਤਾ (ਕੌਸ਼ਲਿਆ) ਬਹੁਤ

---

* ਪੁਰਾਣ ਕਥਾ ਹੈ ਕਿ ਇਕ ਵਾਰ ਦੇਵਤਿਆਂ ਦੀ ਸਹਾਇਤਾ ਲਈ ਮੁਚਕੰਦ ਰਾਖਸ਼ਾਂ ਨਾਲ ਲੜਿਆ ਅਤੇ ਫਤੇ ਪਾਈ। ....ਦੇਵਤਿਆਂ ਤੋਂ ਵਰ ਲਿਆ ਕਿ ਮੈਂ ਦੇਰ ਤੀਕ ਸੁੱਤਾ ਰਹਾਂ ਅਰ ਜੋ ਮੈਨੂੰ ਜਗਾਵੇ ਉਹ ਮੇਰੇ ਸ਼ਰੀਰ ਤੋਂ ਉਪਜੀ ਅਗਨਿ ਨਾਲ ਭਸਮ ਹੋ ਜਾਵੇ।

ਜਦ ਕਾਲ ਯਵਨ ਨੇ ਕ੍ਰਿਸ਼ਨ ਜੀ ਨੂੰ ਜੰਗ ਵਿਚ ਭਜਾ ਦਿੱਤਾ, ਤਦ ਕ੍ਰਿਸ਼ਨ ਜੀ ਭੱਜਦੇ ਹੋਏ ਉਸ ਨੂੰ ਆਪਣੇ ਪਿੱਛੇ ਲਾ ਕੇ ਉੱਥੇ ਲੈ ਗਏ, ਜਿੱਥੇ ਮੁਚਕੁੰਦ ਸੁੱਤਾ ਪਿਆ ਸੀ। ਮੁਚਕੁੰਦ ਨੂੰ ਠੋਕਰ ਮਾਰ ਕੇ ਆਪ ਉਹਲੇ ਹੋ ਗਏ ਅਰ ਕਾਲ ਯਵਨ ਸਾਮ੍ਹਣੇ ਆਉਂਦਾ ਹੀ ਮੁਚਕੁੰਦ ਦੇ ਸਰੀਰ ਤੋਂ ਪੈਦਾ ਹੋਈ ਅਗਨਿ ਨਾਲ ਭਸਮ ਹੋ ਗਿਆ।

(ਮਹਾਨ ਕੋਸ਼ ਪੰਨਾ ੯੮੪)

ਆਪਨ ਕੋ ਬਚਵਾਇ ਗਯੋ ਕਾਨ੍ਹ ਮੁਚਕੰਦ ਤੇ।। ਤਜੀ ਨੀਂਦ ਤਿਹ ਰਾਇ ਹੇਰਤ ਭਸਮ ਮਲੇਛ ਭੇ।।

(ਦਸਮ ਗ੍ਰੰਥ, ਕ੍ਰਿਸਨਾਵਤਾਰ)

Sri Satguru Jagjit Singh Ji eLibrary NamdhariElibrary@gmail.com

ਹੀ ਪੁੱਤਰ-ਵਿਛੋੜੇ ਕਾਰਨ ਰੋਈ।

੩. (ਮਾਂ ਦਾ ਰੋਣਾ ਤੱਕ ਕੇ ਵੀ) ਫੇਰ ਵੀ ਅਯੁਧਿਆ ਨਹੀਂ ਮੁੜ ਕੇ ਆਏ ਜਦੋਂ (ਉਨ੍ਹਾਂ ਦੇ ਛੋਟੇ) ਭਾਈ (ਭਰਥ) ਨੇ ਦੋਨਾਂ ਹੱਥਾਂ ਨਾਲ ਚਰਨ ਵੀ ਫੜੇ।

੪. (ਸ੍ਰੀ ਰਾਮ ਚੰਦਰ ਜੀ ਨੇ ਇਹ ਜਣਾਇਆ ਜਾਣਕਾਰੀ ਦਿਤੀ) ਕਿ ਧਰਮ (ਪ੍ਰਣ) ਪਾਲਣ ਬਰਾਬਰ ਕੋਈ ਰਾਜ-ਭਾਗ ਨਹੀਂ ਹੈ, ਪੁਰਾਣੀ ਰੀਤੀ ਵੀ ਇਹੋ ਹੀ ਕਹਿੰਦੀ ਹੈ। ੬੦।

## ਸ੍ਵੈਯਾ।।

**੧. ਧਰਿ ਮਾਨਵ ਦੇਹ ਸੁ ਭਾਰਥ ਖੰਡਹਿ, ਕਾ ਹਿਤ ਭੋਗਨ ਮੈਂ ਲਲਚਾਹੀ।**
**੨. ਜਗ ਦੂਰ ਤਜੋ ਗਜ ਬਾਜ ਰਥਾਦਿਕ, ਮਾਹਿ ਵਿਭੂਤਿ ਕਛੂ ਸੁਖ ਨਾਹੀ।**
**੩. ਇਹ ਲੋਕ ਪ੍ਰਲੋਕ ਸੁ ਸੰਗ ਚਲੈ, ਇਕ ਧਰਮ ਕੁ ਸੰਚ ਧਰੋ ਉਰ ਮਾਂਹੀ।**
**੪. ਅਬ ਔਰਨ ਬਾਤ ਕਹਾਂ ਕਹੀਏ, ਰਘੁਬੀਰ ਬਿਭੂਤਿ ਤਜੀ ਛਿਤ ਮਾਂਹੀ।। ੬੧।।**

### ਪਦ ਅਰਥ :

ਧਰਿ=ਧਾਰ ਕੇ। ਭਾਰਥ ਖੰਡਹ=ਭਾਰਤ ਖੰਡ[1], ਨੌ ਖੰਡਾਂ ਵਿਚੋਂ ਇਕ ਖੰਡ (ਟੁਕੜਾ) ਭਾਵ ਹਿੰਦੁਸਤਾਨ ਜਾਂ ਭਾਰਤ ਦੀ ਧਰਤੀ ਨੂੰ ਧਰਮ ਭੂਮੀ ਮੰਨਿਆ ਜਾਂਦਾ ਹੈ। ਕਾ=ਕਿਸ। ਹਿਤ=ਵਾਸਤੇ। ਭੋਗਨ=ਭੋਗਾਂ, ਪਦਾਰਥਾਂ ਜਾਂ ਵਿਸ਼ੇ। ਮੈਂ=ਵਿਚ। ਲਲਚਾਹੀ=ਲਲਚਾਉਂਦਾ, ਤਾਂਘਦਾ। ਤਜੋ=ਤਿਆਗ ਦਿਓ, ਛੱਡ ਦਿਓ। ਗਜ=ਹਾਥੀ। ਬਾਜ=ਘੋੜੇ। ਰਥਾਦਿਕ=ਰੱਥ ਆਦਿ। ਮਾਹਿ=ਵਿਚ। ਵਿਭੂਤਿ=ਸੰਪੱਤੀ, ਮਾਲ-ਧਨ। ਸੰਗ=ਨਾਲ। ਚਲੈ=ਚਲਦਾ। ਕੁ=ਨੂੰ। ਸੰਚ=ਇਕੱਠਾ। ਧਰੋ=ਰੱਖੋ। ਉਰ=ਦਿਲ। ਅਬ=ਹੁਣ। ਔਰਨ=ਹੋਰਾਂ ਦੀ। ਕਹਾ=ਕੀ। ਰਘੁਬੀਰ=ਸ੍ਰੀ ਰਾਮ ਚੰਦਰ। ਬਿਭੂਤਿ=ਰਾਜ ਸੰਪੱਤੀ। ਛਿਤ=ਧਰਤੀ। ਐਸ਼੍ਵਰਯ, ਧਨ।

### ਅਰਥ :

੧. ਭਾਰਤ ਦੇਸ਼ ਦੀ (ਪੁੰਨ ਭੂਮੀ 'ਤੇ) ਮਨੁੱਖਾ ਦੇਹ ਧਾਰ ਕੇ (ਐ ਮਨੁੱਖ! ਤੂੰ) ਪਦਾਰਥਾਂ ਜਾਂ ਵਿਸ਼ੇ ਵਿਕਾਰਾਂ ਵਿਚ ਕਿਸ ਵਾਸਤੇ ਲਲਚਾ ਰਿਹਾ ਹੈਂ।

੨. ਹਾਥੀ, ਘੋੜੇ, ਰਥ ਆਦਿ ਦੀਆਂ ਅਸਵਾਰੀਆਂ ਤੇ ਹੋਰ ਧਨ-ਦੌਲਤ ਨੂੰ ਛੱਡ ਦਿਓ, ਕਿਉਂਕਿ ਇਸ ਸੰਪੱਤੀ ਵਿਚ ਸੁਖ ਨਹੀਂ ਹੈ।

੩. ਧਰਮ ਤੇ ਨੇਕ ਕੰਮ ਹੀ ਇਸ ਲੋਕ ਤੇ ਪ੍ਰਲੋਕ ਵਿਚ ਸਾਥੀ ਬਣ ਕੇ ਨਾਲ ਚਲਦੇ ਹਨ, ਇਸ ਲਈ ਧਾਰਮਿਕ ਵਿਚਾਰ ਤੇ ਨੇਕੀ ਆਦਿ ਇਕੱਠਾ ਕਰੋ।

੪. ਹੁਣ ਹੋਰ ਕਿਸੇ ਦੀ ਕੀ ਗੱਲ ਆਖੀਏ (ਕਿਉਂਕਿ ਮਰਯਾਦਾ ਪੁਰਸ਼ੋਤਮ) ਸ੍ਰੀ ਰਾਮ ਚੰਦਰ ਜੀ ਵੀ ਇਸੇ ਧਰਤੀ 'ਤੇ ਸਾਰੀ ਸੰਪਦਾ ਛੱਡ ਕੇ ਚਲੇ ਗਏ। ੬੧।

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ।। (੧੪੨੯)

## ਸ੍ਵੈਯਾ।।

**੧. ਰਘੁ ਭੂਪ ਦਿਲੀਪ ਤਜੀ ਛਿਤ ਮੈ, ਅਰੁ ਜਾਇ ਬਸੇ ਸੁ ਤਪੋ ਬਨ ਮਾਂਹੀ।**
**੨. ਅਜ ਨਾਭ ਕੁ ਨੰਦਨ ਤਯਾਗ ਬਿਭੂਤਿ, ਗਯੋ ਬਨ ਕੋ ਨ ਰਮੇ ਪੁਰ ਮਾਂਹੀ।**
**੩. ਮਹਿ ਮੰਡਲ ਰਾਜ ਕੁ ਤਜਾਗ ਦਯੋ, ਪੁਰ ਮੰਡਲ ਤਯਾਗਨ ਮੈਂ ਸੂਮ ਨਾਂਹੀ।**
**੪. ਅਬ ਔਰਨ ਬਾਤ ਕਹਾਂ ਕਹੀਏ, ਰਘੁਬੀਰ ਬਿਭੂਤਿ ਤਜੀ ਛਿਤ ਮਾਂਹੀ।। ੬੨।।**

---

੧ ਪ੍ਰਿਥਵੀ ਦੇ ਨੌ ਵਿਭਾਗ: ੧ ਭਾਰਤ, ੨ ਇਲਾ ਵ੍ਰਿਤ, ੩ ਕਿੰਪੁਰਸ, ੪ ਭਦ੍ਰ, ੫ ਕੇਤੁਮਾਲ, ੬ ਹਰਿ, ੭ ਹਿਰਣ੍ਯ, ੮ ਰਮ੍ਯ ਅਤੇ ੯ ਕੁਸ਼। (ਮਹਾਨ ਕੋਸ਼ ਪੰਨਾ ੬੮੬)

**ਪਦ ਅਰਥ :**

ਰਘੁ–ਅਯੋਧਿਆ ਪਤਿ ਸੂਰਜ ਬੰਸੀ ਰਾਜਾ ਰਘੂ ਦਾ ਪੁੱਤ੍ਰ ਜੋ ਇੰਦੂਮਤੀ ਦਾ ਪਤੀ ਅਤੇ ਦਸਰਥ ਦਾ ਪਿਤਾ ਸੀ। ਭੂਪ–ਰਾਜਾ। ਤਜੀ–ਛੱਡੀ। ਛਿਤ–ਧਰਤੀ। ਮੈ–ਵਿਚ, ਤੇ। ਤਪੇ–ਤਪੀਸਿਆ ਕਰਨ ਲਿਤ। ਬਨ–ਜੰਗਲ। ਮਾਂਹੀ–ਵਿਚ। ਅਜ–ਨਾਮ ਹੈ। ਸੁ–ਦਾ। ਨੰਦਨ–ਪੁੱਤਰ। ਤਜਾਕਾ–ਛੱਡ ਕੇ। ਬਿਭੂਤਿ–ਦੌਲਤ, ਰਾਜ ਭਾਗ। ਗਯੋ–ਗਿਆ। ਬਨ–ਜੰਗਲ। ਕੋ–ਨੂੰ। ਨ ਫਿਰ–ਨਹੀਂ ਮੁੜੇ। ਭੂਪ ਨਾਮਕ, ਬਲਿਸ਼ਟ, ਅਖੁਤਿਆ। ਸਬੈ ਮੰਡਲ–ਸਾਰੀ ਧਰਤੀ। ਪੁਰ ਮੰਡਲ–ਛੋਟੀ ਜਿਹੀ ਪੁਰੀ ਦਾ। ਦੁਖ–ਕਸ਼ਟ, ਤਕਲੀਫ, ਦੁੱਖ।

**ਅਰਥ :**

੧. ਰਘਵੰਸ਼ਾਂ ਦਾ ਵੱਡਾ ਰਾਜਾ ਦਲੀਪ ਇਸੇ ਧਰਤੀ 'ਤੇ ਰਾਜ ਭਾਗ ਛੱਡ ਕੇ ਤਪ ਕਰਨ ਲਈ ਜੰਗਲ ਵਿਚ ਚਲਾ ਗਿਆ।

੨. ਨਾਭ ਰਾਜੇ ਦਾ ਪੁੱਤਰ ਜੋ ਅੱਜ ਰਾਜਾ ਸੀ ਉਹ ਭੀ ਬਿਭੂਤੀ ਨੂੰ ਤਿਆਗ ਕੇ ਜੰਗਲ ਵਿਚ ਚਲੋ ਗਿਆ ਤੇ ਸ਼ਹਿਰ ਨੂੰ ਵਾਪਿਸ ਨਹੀਂ ਮੁੜਿਆ।

੩. ਬੜੇ-ਬੜੇ ਮਹਾਨ ਬਲੀ ਰਾਜੇ ਹੋਏ ਹਨ ਜੋ ਸਾਰੀ ਧਰਤੀ ਦਾ ਰਾਜ (ਹਕੂਮਤ) ਛੱਡ ਕੇ ਚਲੇ ਗਏ ਨਿੱਕੇ ਨਿੱਕੇ ਪਿੰਡਾਂ ਦਾ ਰਾਜ ਛੱਡਣ ਵਿਚ ਕਾਹਦਾ ਕਸ਼ਟ ਹੈ,ਕੀ ਤਕਲੀਫ ਹੈ?

੪. ਹੁਣ ਹੋਰਾਂ ਦੀ ਕੀ ਗੱਲ ਆਖੀਏ ਰਾਮ ਚੰਦਰ ਵਰਗੇ ਵੀ ਇਸੇ ਧਰਤੀ 'ਤੇ ਹੋ ਗੁਜ਼ਰੇ, ਉਹ ਭੀ ਸਭ ਕੁਝ ਤਿਆਗ ਗਏ। ੬੨।

**ਸ੍ਵੈਯਾ॥**

**੧. ਬਨਿਤਾ ਸੁਤ ਰਾਜ ਬਿਭੂਤਨ ਮੈਂ, ਨਿਜ ਦੇਸਨ ਮੈ ਸੁਭ ਵੇਸਨ ਮਾਂਹੀ।**
**੨. ਗਜਦੰਤ ਪਲੰਘ ਸੁ ਮੰਦਰ ਮੈਂ, ਬਹੁ ਬਿੰਜਨ ਔਰ ਪਟੰਬਰ ਮਾਂਹੀ।**
**੩. ਸੁਖ ਜੋ ਪਿਖੀਯੇ ਥਿਰ ਨਾਹਿ ਰਹੇ, ਇਹ ਹੇਰ ਤਜੇ ਬੁਧਿ ਯਾ ਜਗ ਮਾਂਹੀ।**
**੪. ਅਬ ਔਰਨ ਬਾਤ ਕਹਾਂ ਕਹੀਏ, ਰਘੁਬੀਰ ਬਿਭੂਤਿ ਤਜੀ ਛਿਤ ਮਾਂਹੀ। ੬੩।**

**ਪਦ ਅਰਥ :**

ਬਨਿਤਾ=ਇਸਤ੍ਰੀ। ਸੁਤ=ਪੁੱਤਰ। ਰਾਜ ਬਿਭੂਤਨ=ਰਾਜ ਸੰਪਦਾ। ਮੈ=ਵਿਚ। ਨਿਜ=ਆਪਣੇ। ਦੇਸਨ ਮੈਂ=ਦੇਸ਼ ਵਿਚ। ਵੇਸਨ=ਲਿਵਾਸ, ਸੋਹਣੀ ਵਰਦੀ। ਗਜਦੰਤ=ਹਾਥੀ ਦੰਦਾਂ ਨਾਲ ਜੜਤ। ਮੰਦਰ=ਮਕਾਨ। ਮੰਦਰ ਮੈਂ=ਮਕਾਨਾਂ, ਮਹਿਲਾਂ ਵਿਚ। ਬਿੰਜਨ=ਖਾਣੇ। ਬਹੁ ਬਿੰਜਨ=ਕਈ ਤਰ੍ਹਾਂ ਦੇ ਖਾਣੇ। ਪਟੰਬਰ=ਰੇਸ਼ਮੀ ਬਸਤਰ। ਜੋ=ਜਿਹੜਾ। ਪਿਖੀਯੇ=ਦੇਖਿਆ ਜਾਂਦਾ ਹੈ। ਥਿਰ=ਟਿਕ ਕੇ, ਟਿਕਾਅ। ਹੇਰ=ਦੇਖਦਿਆਂ ਹੀ। ਤਜੇ=ਛੱਡ ਦੇਣਗੇ। ਬੁਧਿ=ਐ ਬੁਧਵਾਨ, ਹੇ ਸਿਆਣੇ, ਅਕਲਮੰਦ ਆਦਮੀ। ਯਾ=ਇਸ।

**ਅਰਥ :**

੧. ਇਸਤਰੀ, ਪੁੱਤਰ, ਰਾਜ-ਸੰਪਦਾ ਵਿਚ (ਮਸਤ ਹੋ ਕੇ), ਆਪਣੇ ਦੇਸ਼ ਦੇ ਮਾਣ ਵਿਚ, ਸੋਹਣੇ-ਸੋਹਣੇ ਲਿਵਾਸ ਬਨਾਉਣ ਵਿਚ (ਹੀ ਜ਼ਿੰਦਗੀ ਦਾ ਸਮਾਂ ਬਤੀਤ ਕਰ ਦਿੱਤਾ)।

੨. ਅਤੀ ਸੁੰਦਰ ਮਕਾਨਾਂ ਵਿਚ ਤੇ (ਅਰਾਮ ਕਰਨ ਵਾਸਤੇ) ਹਾਥੀ-ਦੰਦ ਨਾਲ ਸੋਹਣੀ ਜੜਤਕਾਰੀ ਕੀਤੇ ਹੋਏ ਪਲੰਘ ਅਤੇ (ਖਾਣ ਵਾਸਤੇ) ਕਈ ਤਰ੍ਹਾਂ ਦੇ ਭੋਜਨ ਅਤੇ ਪਹਿਨਣ ਵਾਸਤੇ ਬੜੇ ਖੂਬਸੂਰਤ ਰੇਸ਼ਮੀ ਕਪੜੇ।

੩. (ਉਪ੍ਰੋਕਤ ਵਰਣਨ ਵਿਚ) ਜੋ ਸੁਖ ਦੇਖਿਆ ਜਾਂਦਾ ਹੈ ਇਹ ਸਦਾ ਟਿਕੇ ਨਹੀਂ ਰਹਿਣਾ ਮੰਨ ਕੇ, ਜੋ ਇਸ ਸੰਸਾਰ ਵਿਚ ਅਕਲ ਵਾਲਾ ਹੈ, ਉਹ ਇਨ੍ਹਾਂ ਦਾ ਤਿਆਗ ਕਰ ਦੇਂਦਾ ਹੈ।

੪. ਹੁਣ ਹੋਰਾਂ ਦੀ ਗੱਲ ਕੀ ਆਖੀਏ ਸ੍ਰੀ ਰਾਮ ਚੰਦ੍ਰ ਨੇ ਵੀ ਸਾਰੀ ਸੰਪਦਾ (ਇਸੇ) ਧਰਤੀ 'ਤੇ ਛੱਡ ਦਿੱਤੀ। ੬੩।

ਸ੍ਵੈਯਾ।।

੧. ਕੰਜ ਪ੍ਰਭਾ ਦ੍ਰਿਗ ਚੰਦ੍ਰ ਮੁਖੀ; ਗਜ ਗਾਮਿਨ ਨਾਰਿ ਤਜੇ ਘਰ ਮਾਂਹੀ।
੨. ਭੌਨ ਰੰਗੀਨ ਸਮੇਤ ਤਜੇ; ਸਭ ਭੋਗ ਬਿਲਾਸ ਹੁਤੇ ਘਰ ਮਾਂਹੀ।
੩. ਧੰਨ ਵਹੀ ਭਵ ਭੀਤਰਿ ਜੋ; ਤਨ ਧਾਰਿ ਮਹਾਂ ਤਪਸਾ ਨਿਰਬਾਹੀਂ।
੪. ਅਬ ਔਰਨ ਬਾਤ ਕਹਾਂ ਕਹੀਏ; ਰਘੁਬੀਰ ਬਿਭੂਤਿ ਤਜੀ ਛਿਤ ਮਾਂਹੀ।। ੬੪।।

**ਪਦ ਅਰਥ :**

ਕੰਜ=ਕਵਲ। ਪ੍ਰਭਾ=ਸੋਭਾ, ਖੂਬਸੂਰਤ। ਦ੍ਰਿਗ=ਨੇਤਰ, ਅੱਖਾਂ। ਮੁਖੀ=ਮੂੰਹ ਵਾਲੀ। ਗਜ=ਹਾਥੀ। ਗਾਮਿਨ=ਚਾਲ, ਤੋਰ। ਨਾਰਿ=ਔਰਤ। ਤਜੇ=ਤਿਆਗ ਕੇ। ਭੌਨ=ਘਰ। ਰੰਗੀਨ=ਰੰਗਦਾਰ, ਕਲੀ ਚੂਨਾ, ਰੰਗ-ਰੋਗਨ ਹੋਏ ਹੋਵਣ। ਭੋਗ=ਪਦਾਰਥ, ਚੀਜ਼ਾਂ। ਬਿਲਾਸ=ਖੁਸ਼ੀਆਂ, ਮਨ-ਭਾਉਂਦੇ। ਹੁਤੇ=ਹੁੰਦਿਆਂ। ਧੰਨ=ਮੁਬਾਰਕ। ਵਹੀ=ਉਹੀ। ਭਵ=ਸੰਸਾਰ। ਭੀਤਰਿ=ਵਿਚ। ਜੋ= ਜੇਹੜੇ। ਧਾਰਿ=ਧਾਰ ਕੇ। ਤਪਸਾ=ਤਪੱਸਿਆ। ਨਿਰਬਾਹੀਂ=ਨਿਭਾਉਂਦੇ ਹਨ। ਕਹਾਂ=ਕੀ। ਕਹੀਏ=ਆਖੀਏ। ਬਿਭੂਤਿ=ਧੰਨ-ਸੰਪਦਾ। ਛਿਤ=ਧਰਤੀ।

**ਅਰਥ :**

੧. (ਰਾਜੇ ਭਰਥਰੀ ਵਰਗੇ ਅਤੇ ਰਾਜੇ ਗੋਪੀ ਚੰਦ ਵਰਗੇ ਤਿਆਗੀ ਰਾਜਿਆਂ ਨੇ) ਚੰਦਰਮਾ ਵਰਗੇ ਸੋਹਣੇ ਮੁਖੜੇ ਵਾਲੀਆਂ, ਜਿਨ੍ਹਾਂ ਦੀਆਂ ਅੱਖਾਂ ਕੰਵਲਾਂ ਵਰਗੀਆਂ, ਹਾਥੀਆਂ ਵਰਗੀ ਸੋਹਣੀ ਚਾਲੇ ਤੁਰਨ ਵਾਲੀਆਂ ਇਸਤਰੀਆਂ ਘਰ ਵਿਚ ਛੱਡ ਕੇ।

੨. ਕਈ ਤਰ੍ਹਾਂ ਰੰਗ-ਰੋਗਨ ਕੀਤੇ ਹੋਏ ਘਰ ਤੇ ਕਈ ਤਰ੍ਹਾਂ ਦੀਆਂ ਚੀਜ਼ਾਂ, ਖੁਸ਼ੀਆਂ ਦਾ ਸਾਜੋ-ਸਮਾਨ ਘਰ ਵਿਚ ਹੈ ਸੀ, ਉਹ ਭੀ ਤਿਆਗ ਦਿੱਤੇ।

੩. ਉਹੀ ਪੁਰਸ਼ ਸੰਸਾਰ ਵਿਚ ਧੰਨਤਾ ਯੋਗ ਹਨ ਜੋ ਸਰੀਰ ਧਾਰ ਕੇ ਤਪੱਸਿਆ ਕਰਦੇ ਹਨ।

੪. ਹੁਣ ਹੋਰਾਂ ਦੀ ਕੀ ਗੱਲ ਆਖੀਏ ਸ੍ਰੀ ਰਾਮ ਚੰਦਰ ਜੀ ਨੇ ਭੀ ਧਨ-ਦੌਲਤ ਏਸੇ ਧਰਤੀ 'ਤੇ ਛੱਡ ਦਿੱਤੀ। ੬੪।

ਸ੍ਵੈਯਾ।।

੧. ਜੋ ਚਤੁਰਾਨਨ ਕੇ ਸੁਤ ਚਾਰ; ਗਹੀ ਨ ਬਿਭੂਤਿ, ਰਮੇ ਹਰਿ ਮਾਂਹੀ।
੨. ਯੱਦਪਿ ਹੈ ਹਰਿ ਪੂਰਨ ਤੇ; ਅਬ ਲੌਂ ਰਤਿ ਹੈ ਸੁਭ ਸੰਤਨ ਮਾਂਹੀ।
੩. ਸੇਸ ਸਮੀਪ ਸੁਨੇ ਹਰਿ ਕੋ ਜਸ; ਸੰਭੁ ਸਮੀਪ ਸਦਾ ਚਲਿ ਜਾਂਹੀ।
੪. ਹੋਵਤ ਹੈ ਗੁਣ ਉੱਤਮ ਨਾਸ; ਕੁਸੰਗਤ ਤੇ ਸਨਕਾਦਿ ਡਰਾਂਹੀ।। ੬੫।।

**ਪਦ ਅਰਥ :**

ਚਤੁਰਾਨਨ+ਚਤੁਰ=ਚਾਰ, ਆਨਨ=ਮੂੰਹ, ਚਾਰ ਮੂੰਹਾਂ ਵਾਲਾ, ਬ੍ਰਹਮਾ। ਸੁਤਚਾਰ=ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ। ਗਹੀ=ਪਕੜੀ, ਫੜੀ। ਰਮੇ=ਗਏ। ਮਾਹੀ=ਵਿਚ। ਯੱਦਪਿ=ਭਾਵੇਂ। ਹਰਿ=ਵਿਸ਼ਨੂੰ। ਅਬ=ਹੁਣ। ਲੌ=ਤੱਕ। ਸੁਭ=ਚੰਗੇ। ਰਤਿ=ਪ੍ਰੀਤੀ। ਸੇਸ=ਸ਼ੇਸ਼ ਨਾਗ। ਸਮੀਪ=ਨੇੜੇ। ਕੋ=ਨੂੰ। ਸੰਭੁ = ਸ਼ਿਵ। ਚਲਿ=ਚਲ ਕੇ। ਹੋਵਤ=ਹੁੰਦੇ। ਹੈਂ-ਹੈਂ=ਹਨ। ਉਤਮ=ਚੰਗੇ। ਕੁਸੰਗਤ=ਮਾੜੀ ਸੋਹਬਤ, ਮਾੜੇ ਬੰਦੇ ਦਾ ਸਾਥ। ਸਨਕਾਦਿ=ਸਨਕ ਆਦਿ ਚਾਰੇ ਭਾਈ। ਡਰਾਹੀ=ਡਰਦੇ ਹਨ।

**ਅਰਥ :**

੧. ਜੇਹੜੇ ਬ੍ਰਹਮਾ ਦੇ ਚਾਰ ਪੁੱਤਰਾਂ (ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ) ਨੇ ਸੰਪਦਾ ਨਾ ਫੜੀ ਹਰੀ (ਦੇ ਭਜਨ ਸਿਮਰਨ) ਵਿਚ ਜੁੜ ਗਏ।

੨. ਭਾਵੇਂ ਵਿਸ਼ਨੂੰ ਸਾਰੇ ਪੱਖਾਂ ਤੋਂ ਸੰਪੂਰਨ ਹੈ (ਫੇਰ ਭੀ ਉਸ ਦੀ ਹੁਣ ਤੱਕ ਭਜਨ-ਬੰਦਗੀ ਵਾਲੇ) ਸੋਹਣੇ ਸਾਧੂ-ਸੰਤਾਂ (ਦੀ ਸੰਗਤ) ਵਿਚ ਪ੍ਰੀਤੀ ਹੈ।

੩. ਸ਼ੇਸ਼ਨਾਗ ਪਾਸੋਂ ਭੀ ਹਰੀ-ਪਰਮਾਤਮਾ ਦੀ ਸਿਫਤ ਸੁਣਦੇ ਹਨ ਫੇਰ ਸ਼ਿਵ ਜੀ ਪਾਸ ਚਲੇ ਜਾਂਦੇ ਹਾਂ (ਤੇ ਉਹ ਵੀ ਪ੍ਰਭੂ ਦੇ ਗੁਣ ਗਾਉਂਦੇ ਹਨ)।

੪. ਚੰਗੇ ਗੁਣ ਭੈੜੇ ਬੰਦਿਆਂ ਦਾ ਸਾਥ ਕੀਤਿਆਂ ਨਾਸ ਹੋ ਜਾਂਦੇ ਹਨ, ਇਸ ਲਈ ਸਨਕ ਆਦਿ ਚਾਰੇ ਭਾਈ ਮਾੜੇ ਮਨੁੱਖਾਂ ਦੀ ਸੰਗਤ ਤੋਂ ਡਰਦੇ ਰਹਿੰਦੇ ਹਨ। ੬੫।

**ਦੋਹਰਾ॥**

**੧. ਆਨ ਜੀਵ ਕੀ ਕਯਾ ਕਥਾ ; ਜੌ ਸਨਕਾਦਿ ਡਰਾਂਹਿ।**
**੨. ਗੁਣ ਉੱਤਮ ਕੋ ਪਾਲੀਏ ; ਸਾਵਧਾਨ ਮਨ ਮਾਂਹਿ ॥ ੬੬॥**

**ਪਦ ਅਰਥ :**

ਆਨ=ਹੋਰ। ਕਯਾ=ਕੀ। ਕਥਾ=ਗੱਲ, ਗਿਣਤੀ, ਕਹਾਣੀ। ਸਨਕਾਦਿ=ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ। ਡਰਾਂਹਿ=ਡਰਦੇ ਹਨ। ਉੱਤਮ=ਚੰਗੇ। ਕੋ=ਨੂੰ। ਸਾਵਧਾਨ=ਹੁਸ਼ਿਆਰ, ਤਿਆਰ-ਬਰ-ਤਿਆਰ। ਜੌ = ਜਦੋਂ

**ਅਰਥ :**

੧. ਹੋਰ ਜੀਵਾਂ ਦੀ ਕਿਆ ਗਿਣਤੀ ਹੈ, (ਬ੍ਰਹਮਾ ਦੇ ਚਾਰ ਪੁੱਤਰ) ਸਨਕ, ਆਦਿ ਵੀ (ਕੁਸੰਗਤ ਤੋਂ) ਡਰਦੇ ਹਨ।
੨. ਤਿਆਰ-ਬਰ-ਤਿਆਰ ਹੋ ਕੇ ਚੰਗੇ ਗੁਣਾਂ ਨੂੰ ਪਾਲਣਾ ਕਰੋ ।੬੬।

**ਸ੍ਵੈਯਾ॥**

**੧. ਉੱਤਮ ਆਗ ਬਿਖੇ ਜਰਨੋ ;ਜਿਮ ਜਾਇ ਮਰੇ ਜਗ ਮਾਂਹਿ ਪਤੰਗਾ।**
**੨. ਉੱਤਮ ਯਾ ਤਨ ਫੋੜਿ ਮਰੇ ;ਗਿਰ ਕੇ ਭਵ ਮੈ ਨਰ ਸੈਲ ਉਤੰਗਾ।**
**੩. ਉੱਤਮ ਹੈ ਭਵ ਮਾਂਹਿ ਮਰੇ ;ਕਰ ਡਾਰ ਮੁਖਾਂਤਰ ਭੀਮ ਭੁਜੰਗਾ।**
**੪. ਜੀਵਤ ਨਾਹਿ ਕਰੇ ਕਬ ਹੀ ;ਗੁਣ ਉਤਮ ਕੇ ਬਨ ਕੋ ਨਰ ਭੰਗਾ॥ ੬੭॥**

**ਪਦ ਅਰਥ :**

ਉਤਮ=ਚੰਗਾ ਹੈ, ਸ਼ੁਭ ਹੈ। ਜਰਨੋ=ਸੜਨਾ। ਜਿਮ=ਜਿਵੇਂ। ਮਰੇ=ਮਰਦਾ। ਮਾਂਹਿ=ਵਿਚ। ਪਤੰਗਾ=ਭੰਵਟ। ਯਾ=ਇਸ। ਤਨ=ਸਰੀਰ। ਫੋੜ=ਤੋੜਿ। ਗਿਰ=ਡਿੱਗ ਕੇ। ਸੈਲ=ਪਹਾੜ, ਪਰਬਤ। ਉਤੰਗਾ=ਉੱਚਾ, ਉੱਚੇ। ਭਵ=ਸੰਸਾਰ। ਕਰ=ਹੱਥ। ਡਾਰਿ=ਡਾਲ ਕੇ, ਪਾ ਕੇ। ਮੁਖਾਂਤਰ, ਮੁਖ+ਅੰਤਰ=ਮੂੰਹ ਵਿਚ। ਭੀਮ=ਡਰਾਉਣੇ, ਭਿਆਨਕ। ਭੁਜੰਗਾ=ਸੱਪ। ਜੀਵਤ=ਜੀਉਂਦਿਆਂ। ਕਬ ਹੀ=ਕਦੇ ਵੀ। ਬਨ=ਬਗੀਚਾ। ਕੋ=ਨੂੰ। ਭੰਗਾ=ਨਾਸ।

**ਅਰਥ :**

੧. ਚੰਗਾ ਹੈ ਅੱਗ ਵਿਚ ਸੜਨਾ (ਸੜ ਕੇ ਮਰਨਾ) ਜਿਵੇਂ ਭੰਵਟ ਅੱਗ (ਰੌਸ਼ਨੀ) 'ਤੇ ਮਰਦਾ ਹੈ।
੨. ਬੜਾ ਅੱਛਾ ਹੈ ਕਿ ਦੁਨੀਆਂ ਵਿਚ ਬੜੇ ਉੱਚੇ ਪਹਾੜ ਤੋਂ ਡਿੱਗ ਕੇ ਇਸ ਸਰੀਰ ਨੂੰ ਤੋੜ ਕੇ ਮਰਨਾ।
੩. ਕਿਹਾ ਸੋਹਣਾ ਹੈ ਜਗਤ ਵਿਚ ਜ਼ਹਿਰੀਲੇ ਸੱਪ ਦੇ ਮੂੰਹ ਵਿਚ ਹੱਥ ਪਾ ਕੇ (ਮਰਨਾ)।
੪. ਪ੍ਰੰਤੂ ਮਨੁੱਖ ਜੀਉਂਦਿਆਂ ਚੰਗੇ ਗੁਣਾਂ ਦੇ ਬਗੀਚੇ ਨੂੰ ਕਦੇ ਵੀ ਨਾਸ ਨਾ ਕਰੇ, ਤਬਾਹ ਨਾ ਕਰੇ। ੬੭।

**ਦੋਹਰਾ॥**

**੧. ਗੁਣ ਮਾਰਗ ਸੂਧੇ ਚਲੋ ; ਖਲ ਨਿੰਦਾ ਡਰ ਡਾਰ।**
**੨. ਬਿਧਿ ਖਲ ਕਛ ਐਸੇ ਰਚੇ ;ਗੁਣ ਕੋ ਦੋਖ ਉਚਾਰ॥ ੬੮॥**

**ਪਦ ਅਰਥ :** ਵਡ੍ਹ ਪਾਠ ੫।

ਮਾਰਗ=ਰਸਤਾ। ਸੂਧੇ=ਸਿੱਧੇ। ਖਲ=ਮੂਰਖ। ਨਿੰਦਾ=ਕੁ ਬਚਨ। ਡਰ=ਭੈ। ਡਾਰ=ਦੂਰ ਕਰਕੇ, ਲਾਹ ਕੇ। ਬਿਧਿ=ਵਿਧਾਤਾ

ਨੇ, ਬ੍ਰਹਮਾ ਨੇ। ਐਸੇ=ਅਜਿਹੇ। ਰਚੇ=ਬਣਾਏ ਹਨ। ਕੇ=ਨੂੰ। ਦੋਖ=ਦੋਸ਼। ਉਚਾਰ=ਕਹਿੰਦੇ ਹਨ।

**ਅਰਥ :**

੧. ਐ ਮਨੁੱਖੋ! ਦੈਵੀ ਗੁਣਾਂ ਦੀ ਪ੍ਰਾਪਤੀ ਦੇ ਰਸਤੇ ਸਿੱਧੇ ਹੋ ਕੇ ਤੁਰੋ ਮੂਰਖਾਂ ਦੀ ਨਿੰਦਿਆ ਦਾ ਡਰ ਦੂਰ ਕਰਕੇ।

੨. ਬ੍ਰਹਮਾ ਨੇ ਕੁਝ ਅਜਿਹੇ ਮੂਰਖ ਵੀ ਪੈਦਾ ਕੀਤੇ ਹਨ, ਜੋ ਚੰਗੇ ਗੁਣਾਂ ਵਿਚ ਵੀ ਦੋਸ਼ ਆਖਦੇ (ਕਢਦੇ) ਹਨ। ੬੮।

## ਸ੍ਵੈਯਾ।।

**੧. ਸੇਵ ਕਰੋਂ ਤੁ ਕਹੇਂ ਕੁਛ ਚਾਹਤ, ਨਾਹਿ ਕਰੋ ਤੁ ਕਹੇਂ ਢਿਠਤਾਈ।**
**੨. ਜੋ ਪਦ ਬੰਦਨ ਜਾਇ ਕਰੋਂ, ਤੁ ਕਹੇਂ ਹਮ ਤੇ ਉਰ ਮਾਂਹਿ ਡਰਾਈ।**
**੩. ਨਾਂਹਿ ਕਰੋਂ ਤੁ ਕਹੇਂ ਯਹਿ ਮੂਰਖ, ਬ੍ਰਿਧ ਅਬ੍ਰਿਧ ਕੀ ਸਾਰ ਨ ਕਾਈ।**
**੪. ਜਾਨਤ ਹੈ ਜਨਕਾਤਮਜਾ ਪਤਿ, ਔਰ ਕਹੋਂ ਅਬ ਕਾਹਿ ਸੁਨਾਈ।। ੬੯।।**

**ਪਦ ਅਰਥ :**

ਕਰੋਂ=ਕਰਾਂ। ਤੁ=ਤਾਂ। ਕਹੇਂ=ਕਹਿੰਦੇ ਹਨ। ਚਾਹਤ=ਚਾਹੁੰਦਾ। ਕਰੋਂ=ਕਰਾਂ। ਢਿਠਤਾਈ=ਮੂਰਖਤਾ। ਜੋ=ਜੇ ਕਰਕੇ। ਪਦ=ਪੈਰ। ਬੰਦਨ=ਨਮਸਕਾਰ, ਮੱਥਾ ਟੇਕਦਾ ਹਾਂ। ਹਮ ਤੇ=ਸਾਡੇ ਤੋਂ, ਸਾਥੋਂ। ਉਰ=ਦਿਲ। ਡਰਾਈ=ਡਰਦਾ ਹੈ। ਯਹਿ=ਏਹ। ਬ੍ਰਿਧ=ਵੱਡਾ, ਬਜ਼ੁਰਗ। ਅਬ੍ਰਿਧ=ਛੋਟਾ। ਸਾਰ=ਸੋਝੀ, ਸਮਝ। ਕਾਈ=ਕੋਈ। ਜਾਨਤ=ਜਾਣਦਾ। ਜਨਕਾਤਮ, ਜਨਕ+ਆਤਮ ਜਾ=ਜਨਕ ਦੀ (ਆਤਮਜਾ) ਪੁੱਤਰੀ ਸੀਤਾ ਪਤੀ (ਰਾਮ)। ਔਰ=ਹੋਰ। ਕਹੋਂ=ਕਹਾਂ। ਅਬ=ਹੁਣ। ਕਾਹਿ=ਕਿਸ ਵਾਸਤੇ। ਸੁਨਾਈ=ਸੁਣਾ ਕੇ।

**ਅਰਥ :**

੧. (ਐ ਮੇਰੇ ਪਰਮਾਤਮਾ! ਜੇ ਕਰ ਮੈਂ) ਸੇਵਾ ਕਰਦਾ ਹਾਂ ਤਾਂ ਕਹਿੰਦੇ ਹਨ ਕਿ ਏਹ (ਜ਼ਰੂਰ) ਕੁਝ ਚਾਹੁੰਦਾ ਹੈ, ਜੇ ਨਹੀਂ (ਸੇਵਾ) ਕਰਦਾ ਤਾਂ ਕਹਿੰਦੇ ਹਨ ਕਿ ਇਹ ਬੜਾ ਢੀਠ ਹੈ, ਬੇ ਸਮਝ ਹੈ।

੨. (ਜੇ ਕਰ ਮੈਂ ਕਿਸੇ ਨੂੰ ਆਦਰ-ਮਾਣ ਦੇਂਦਿਆਂ) ਪੈਰਾਂ 'ਤੇ ਮੱਥਾ ਟੇਕਦਾ ਹਾਂ, ਤਾਂ ਕਹਿੰਦੇ ਹਨ (ਲੋਕੀਂ, ਦੇਖਿਆ ਏਹ) ਸਾਥੋਂ ਦਿਲੋਂ ਡਰਦਾ ਹੈ।

੩. ਜੇਕਰ ਕਿਸੇ ਦਾ ਮਾਣ-ਸਤਕਾਰ ਨਾ ਕਰਾਂ ਤਾਂ ਕਹਿੰਦੇ ਹਨ ਕਿ ਇਹ ਮੂਰਖ ਹੈ (ਇਸ ਨੂੰ) ਛੋਟੇ ਵੱਡੇ ਦੀ ਕਿਸੇ ਤਰ੍ਹਾਂ ਵੀ ਸਮਝ ਨਹੀਂ ਹੈ।

੪. ਪ੍ਰਭੂ ਮੇਰੇ ਮਨ ਦੀ ਅਵਸਥਾ ਜਾਣਦਾ ਹੈ ਰਾਜੇ ਜਨਕ ਦੀ ਲੜਕੀ ਦਾ ਘਰ ਵਾਲਾ (ਸ੍ਰੀ ਰਾਮ ਚੰਦਰ), ਹੋਰ ਕਿਸੇ ਨੂੰ ਕਿਸੇ ਵਾਸਤੇ ਹੁਣ ਸੁਣਾਵਾਂ। ੬੯।

## ਸ੍ਵੈਯਾ।।

**੧. ਜਗ ਲਾਜ ਜਹਾਜ ਕਹੇ ਜੜਤਾ, ਬ੍ਰਤ ਧਾਰਣ ਤੇ ਖਲ ਦੰਭ ਉਚਾਰੇ।**
**੨. ਰਣ ਸੂਰ ਕੋ ਕੂਰ ਕਹੇਂ ਜਗ ਮੈ, ਰਿਜੁਭਾਵਹਿ ਬੁਧਿ ਬਿਹੀਨ ਪੁਕਾਰੇ।**
**੩. ਮਧੁ ਬੈਨਨ ਦੀਨਨ ਕੋ ਨਰ ਜੋ, ਸੁ ਬਖਾਨ ਕਰੈ ਸੁਵਚਾਲ ਬਿਚਾਰੇ।**
**੪. ਗੁਣ ਕੌਨ ਅਹੇ ਗੁਣਵਾਨਨ ਕੋ, ਖਲ ਦੋਖਨ ਤੇ ਜੋਇ ਨਾਹਿ ਲਤਾਰੇ।। ੭੦।।**

**ਪਦ ਅਰਥ :**

ਜਗ=ਜੀਵ, ਮਨੁੱਖ। ਲਾਜ=ਸ਼ਰਮ। ਜਹਾਜ਼=ਬਹੁਤਾ। ਜੜਤਾ=ਮੂਰਖ ਪਨ। ਬ੍ਰਤ=ਵਰਤ, ਨਿਯਮ। ਧਾਰਣ=ਰੱਖਣ। ਤੇ=ਉੱਤੇ। ਖਲ=ਮੂਰਖ, ਬੇ-ਸਮਝ। ਦੰਭ=ਪਖੰਡ। ਉਚਾਰੇ=ਕਹਿੰਦਾ। ਰਣ=ਜੰਗ, ਲੜਾਈ। ਸੂਰ=ਜੋਧਾ, ਸੂਰਬੀਰ, ਬਹਾਦਰ, ਸਿਪਾਹੀ। ਰਣ ਸੂਰ=ਜੰਗ ਦਾ ਸੂਰਮਾ। ਕੂਰ=ਕਠੋਰ-ਦਿਲ, ਕਰੜਾ, ਡਰਾਉਣਾ, ਮਾੜਾ। ਰਿਜੁਭਾਵਹਿ=ਸਿੱਧਾਪਨ, ਨਿਸ਼ਕਪਟਤਾ ਵਾਲਾ, ਬਿਨਾਂ ਵਲ ਛਲ। ਬੁਧਿ=ਅਕਲ। ਬਿਹੀਨ=ਬਿਨਾਂ, ਖਾਲੀ, ਸੱਖਣਾ। ਪੁਕਾਰੇ=ਕਹਿੰਦੇ। ਮਧੁ=ਮਿੱਠੇ। ਬੈਨਨ=ਬਚਨ। ਦੀਨਨ

Sri Satguru Jagjit Singh Ji eLibrary NamdhariElibrary@gmail.com

ਕੋ=ਗਰੀਬਾਂ ਨੂੰ। ਸੁਵਚਾਲ (ਵਾਚਾਲ)=ਬਹੁਤ ਬੋਲਣ ਵਾਲਾ, ਵਿਰਥਾ ਬੋਲਣ ਵਾਲਾ, ਬਕਵਾਦੀ, ਝਗੜਾਲੂ। ਅਹੈ=ਹੈ। ਕੌਨ=ਕਿਹੜਾ। ਗੁਣਵਾਨਨ=ਵਿਦਵਾਨਾਂ, ਸਿਆਣਿਆਂ। ਕੋ=ਨੂੰ। ਦੋਖਨ=ਦੋਸ਼ਾਂ। ਤੇ=ਕਰਕੇ। ਜੋਇ=ਜਿਹੜਾ। ਲਤਾਰੇ=ਲਿਤਾੜਿਆ।

**ਅਰਥ :**

੧. ਜੋ ਸ਼ਰਮ-ਹਯਾ ਵਿਚ ਰਹਿੰਦਾ ਹੈ (ਭਲਮਾਣਸੀ ਵਿਚ ਰਹਿੰਦਾ ਹੈ), ਉਸ ਨੂੰ ਸੰਸਾਰ ਮੂਰਖ ਗਿਣਦਾ ਹੈ, ਜੇ ਕਰ ਕੋਈ (ਧਾਰਮਿਕ ਨਿਯਮ ਨਿਬਾਹੁੰਦਿਆਂ) ਵਰਤ ਆਦਿ ਰੱਖਦਾ ਹੈ ਤਾਂ ਮੂਰਖ-ਬੰਦੇ ਉਸ ਨੂੰ ਆਖਦੇ ਹਨ ਕਿ ਇਹ ਪਖੰਡ ਕਰਦਾ ਹੈ।

੨. ਸੂਰਵੀਰ ਯੋਧੇ ਨੂੰ ਕਰੜੇ ਸੁਭਾਅ ਵਾਲਾ, ਕਠੋਰ-ਦਿਲ ਕਹਿੰਦੇ ਹਨ ਤੇ ਜਿਹੜਾ ਵਲ-ਛਲ ਤੋਂ ਬਿਨਾਂ ਹੈ, ਲੋਕ ਉਸ ਨੂੰ ਮੂਰਖ (ਅਕਲ ਤੋਂ ਸੱਖਣਾ) ਆਖਦੇ ਹਨ।

੩. ਜੋ ਗਰੀਬਾਂ (ਮਜ਼ਲੂਮਾਂ) ਨੂੰ ਪਿਆਰਾ-ਪਿਆਰਾ ਮਿੱਠਾ-ਮਿੱਠਾ ਬੋਲਦਾ ਹੈ, ਉਸ ਨੂੰ ਕਹਿੰਦੇ ਹਨ, ਇਹ ਤਾਂ ਐਵੇਂ ਫਾਲਤੂ ਬੋਲਦਾ ਹੈ, ਗੱਪੀ ਹੈ।

੪. ਗੁਣਵਾਨਾ ਦੇ ਅਜਿਹਾ ਕਿਹੜਾ ਗੁਣ ਹੈ ਜੋ ਮੂਰਖਾਂ ਦੇ ਦੋਸ਼ ਲਾਉਣ ਤੋਂ ਵਾਂਝਾ ਰਹਿ ਗਿਆ ਹੈ, ਜਿਸ ਨੂੰ ਲਤਾੜਿਆ ਨਹੀਂ, ਮਸਲਿਆ ਨਹੀਂ। ੭੦।

**ਦੋਹਰਾ।।**

**੧. ਜਗ ਰਚਨਾ ਅਦਭੁਤ ਰਚੀ, ਬ੍ਰਹਮਾ ਮਾਇਕ ਆਹਿ।**
**੨. ਕਹਿ ਅੰਮ੍ਰਿਤ ਕਹਿ ਬਿਖ ਮਈ, ਨਿਰਨੋ ਹੋਵਤ ਨਾਹਿ ।। ੭੧।।**

**ਪਦ ਅਰਥ :**

ਰਚਨਾ=ਬਣਾਵਟ, ਬਣਤਰ। ਅਦਭੁਤ=ਹੈਰਾਨਕੁਨ, ਅਜੀਬ, ਸੁੰਦਰ। ਰਚੀ=ਬਣਾਈ। ਮਾਇਕ=ਮਾਇਆ, ਛਲੀਆ। ਆਹਿ=ਹੈ। ਕਹਿ=ਕਿਤੇ, ਕਿਸੇ ਜਗ੍ਹਾ। ਅੰਮ੍ਰਿਤ=ਮਿਠਾਸ। ਬਿਖ=ਜ਼ਹਿਰ। ਮਈ=ਰੂਪ। ਨਿਰਨੋ=ਨਿਤਾਰਾ, ਫੈਸਲਾ। ਹੋਵਤ=ਹੁੰਦਾ। ਨਾਹਿ=ਨਹੀਂ

**ਅਰਥ :**

੧. ਸੰਸਾਰ ਦੀ ਬਣਾਵਟ ਉਸ ਬ੍ਰਹਮਾ ਨੇ ਬੜੀ ਅਜੀਬੋ-ਗਰੀਬ (ਹੈਰਾਨਕੁਨ) ਰਚੀ ਹੈ, ਜੋ ਬ੍ਰਹਮਾ ਛਲੀਆ ਹੈ।
੨. ਕਿਤੇ ਮਿਠਾਸ (ਸੁਖਾਂ) ਰੂਪ ਤੇ ਕਿਤੇ ਜ਼ਹਿਰ ਮਈ ਦੁੱਖ ਰੂਪ ਹੈ ਕੋਈ ਫੈਸਲਾ ਕਰਨਾ ਮੁਸ਼ਕਿਲ ਹੈ। ੭੧।

**ਭਾਵ**

ਕਿਤੇ ਖੁਸ਼ੀਆਂ, ਕਿਤੇ ਰੋਣਾ ਪਿੱਟਣਾ ਹੈ, ਕਿਸੇ ਨੂੰ ਮਾਇਆ ਮਿੱਠੀ ਲੱਗ ਰਹੀ ਹੈ, ਕਿਸੇ ਨੂੰ ਜ਼ਹਿਰ ਰੂਪ ਦਿਖਾਈ ਦੇ ਰਹੀ ਹੈ।

ਅੱਗੇ ਉਸਦਾ ਵੇਰਵੇ ਸਹਿਤ ਵਰਣਨ ਕਰਦੇ ਹਨ :-

**ਸ੍ਵੈਯਾ।।**

**੧. ਕਹਿ ਬੀਨਨ ਤਾਲ ਮ੍ਰਿਦੰਗਨ ਕੀ ਧੁਨਿ, ਗਾਵਤ ਹੈਂ ਮਨਿ ਮੋਦ ਬਢਾਈ।**
**੨. ਕਹਿ ਰੋਵਤ ਹੈਂ ਨਰ ਨਾਰਿ ਮਹਾਂ, ਧਰ ਲੇਟਤ ਹੈਂ ਉਰ ਮੈਂ ਦੁਖ ਪਾਈ।**
**੩. ਕਹਿ ਚੰਦਨ ਨੀਰ ਗੁਲਾਬ ਘਸੇ, ਸੁ ਸੰਧੂਰਹਿ ਕੀ ਸਿਰ ਮਾਂਗ ਬਨਾਈ।**
**੪. ਕਹਿ ਹਾਥਨ ਸੇ ਸੁ ਉਪਾਰ ਸਿਰੋਰਹਿ, ਮਾਂਗ ਜਹਾ ਤਹਿ ਭੂਮਿ ਰੁਲਾਈ।। ੭੨।**

**ਪਦ ਅਰਥ :**

ਕਹਿ=ਕਿਤੇ। ਬੀਨਨ=ਬੀਨਾਂ। ਤਾਲ=(ਸੰਗੀਤ ਸ਼ਾਸਤ੍ਰ ਵਿਚ ਲਿਖਿਆ ਹੈ ਕਿ ਸ਼ਿਵ ਦੀ ਤਾਂਡਵ ਨ੍ਰਿਤ ਤੋਂ 'ਤ' ਲੈ ਕੇ ਤਾਲ ਸ਼ਬਦ ਬਣਿਆ ਹੈ। ਸੰਗੀਤ ਸ਼ਾਸਤ੍ਰ ਅਨੁਸਾਰ ਸਮੇਂ ਅਤੇ ਲੈ ਦੀ ਵੰਡ ਕਰਨ ਲਈ ਤਾਲੀ ਦੀ ਧੁਨਿ "ਰੋਟੀਆ ਕਾਰਣਿ ਪੂਰਹਿ ਤਾਲ।।" (ਵਾਰ ਆਸਾ)। ਮ੍ਰਿਦੰਗਨ=ਢੋਲਕੀਆਂ। ਧੁਨਿ=ਆਵਾਜ਼। ਹੈਂ=ਹਨ। ਮੋਦ=ਖੁਸ਼ੀ, ਚਾਅ, ਉਤਸ਼ਾਹ। ਬਢਾਈ=ਵਧਾ ਕੇ।

Sri Satguru Jagjit Singh Ji eLibrary NamdhariElibrary@gmail.com

ਮਹਾਂ=ਬਹੁਤ ਸਾਰੇ। ਧਰ=ਧਰਤੀ। ਉਰ=ਹਿਰਦਾ, ਦਿਲ। ਮੈਂ=ਵਿਚ। ਪਾਈ=ਪਾ ਕੇ। ਘਸੇ=ਘਸਾ ਕੇ, ਰਗੜ ਕੇ। ਮਾਂਗ=ਚੀਰ, ਵਾਲਾਂ ਦੇ ਚੀਰ ਵਿਚ। ਹਾਥਨ=ਹੱਥਾਂ। ਸੇ=ਨਾਲ। ਉਪਾਰ=ਪੁੱਟਦੇ ਹਨ। ਸਿਰੋਰਹਿ=ਜੋ ਸਿਰ ਤੋਂ ਉੱਗਦੇ ਹਨ ਕੇਸ। ਜਹਾ=ਜਿਥੇ। ਤਹਿ=ਉਥੇ। ਭੂਮਿ=ਮਿੱਟੀ। ਰੁਲਾਈ=ਰੁੱਲਦਾ ਹੈ।

**ਅਰਥ :**

੧. ਕਿਤੇ ਤਾਂ (ਮੰਗਣੀ, ਵਿਆਹ ਆਦਿ ਦੀ ਖੁਸ਼ੀ ਵਿਚ) ਬੀਨਾਂ ਵੱਜ ਰਹੀਆਂ ਹਨ ਤੇ ਇਸਤਰੀਆਂ ਖੁਸ਼ੀ ਦੇ ਗੀਤ ਗਾਉਂਦੀਆਂ, ਢੋਲਕੀਆਂ ਦੀ ਆਵਾਜ਼ ਵਿਚ ਨਚਦੀਆਂ ਹੋਈਆਂ ਗਿੱਧਾ ਪਾ ਰਹੀਆਂ ਹਨ ਮਨਾਂ 'ਚ ਖੁਸ਼ ਹੋ ਰਹੀਆਂ ਹਨ।

੨. ਕਿਸੇ ਥਾਂ ਤੇ ਬਹੁਤ ਸਾਰੇ ਇਸਤਰੀਆਂ ਪੁਰਸ਼ ਮਿਲ ਕੇ ਰੋ ਰਹੇ ਹਨ, ਮੌਤ ਦਾ ਇੰਨਾਂ ਗਮ ਹੈ ਕਿ ਧਰਤੀ 'ਤੇ ਲੋਟ-ਲੋਟ ਜਾਂਦੇ ਹਨ।

੩. ਕਿਤੇ ਇਸਤ੍ਰੀਆਂ (ਪੱਥਰ ਉੱਤੇ) ਪਾਣੀ ਨਾਲ ਚੰਦਨ ਰਗੜ ਕੇ ਗੁਲਾਬ ਤੇ ਸੰਧੂਰ ਮਿਲਾ ਕੇ ਸਿਰ ਦੀ ਮਾਂਗ ਸਵਾਰ ਰਹੀਆਂ ਹਨ।

੪. ਕਿਸੇ ਜਗ੍ਹਾ ਹੱਥਾਂ ਨਾਲ ਹੀ ਸਿਰ ਦੇ ਵਾਲ ਪੁੱਟ-ਪੁੱਟ ਕੇ ਜਿਥੇ ਮਾਂਗ ਪਾਈ ਸੀ ਉਥੇ ਹੁਣ ਮਿੱਟੀ ਪਾ ਰਹੀਆਂ ਹਨ। ੭੨।

**ਭਾਵ**

ਮਰ ਗਏ ਪ੍ਰਾਣੀ ਦੇ ਵਿਛੋੜੇ ਕਾਰਨ ਔਰਤਾਂ ਜ਼ਮੀਨ 'ਤੇ ਲੋਟ-ਲੋਟ ਕੇ ਸਿਰ ਮਿੱਟੀ-ਘੱਟੇ ਨਾਲ ਭਰ ਲੈਂਦੀਆਂ ਹਨ।

ਸ੍ਵੈਯਾ।। ਝਗੜਾ-ਲੜਾਈ

**੧. ਕਹਿ ਕੋਵਿਦ ਬੈਠਿ ਬਿਚਾਰ ਕਰੇ, ਕਹਿ ਮੂੜ ਭਯਾਨਕ ਗਾਰ ਮਚਾਈ।**
**੨. ਕਹਿ ਰੋਗ ਮਹਾਂ ਤਨ ਪਾਕ ਬਹੇ, ਕਹਿ ਸੌਰਭ ਸੁੰਦਰ ਦੇਤ ਦਿਖਾਈ।**
**੩. ਬਿਖ ਮੇਲਿ ਸੁਧਾਰਸ ਸੰਗ ਕਿਧੌਂ, ਬਿਧ ਮਾਇਕ ਨੇ ਯਹਿ ਖੇਲ ਰਚਾਈ।**
**੪. ਨਹਿ ਜਾਨ ਪਰੈ ਜਗ ਆਹਿ ਸੁਧਾਰਸ, ਕੈ ਬਿਖ ਕੀ ਬਿਧ ਬੇਲ ਬਨਾਈ।।੭੩।।**

**ਪਦ ਅਰਥ :**

ਕਹਿ=ਕਿਤੇ। ਕੋਵਿਦ=ਪੰਡਿਤ, ਵਿਦਵਾਨ। ਬੈਠਿ=ਬੈਠ ਕੇ। ਮੂੜ=ਮੂਰਖ। ਭਯਾਨਕ=ਖ਼ਤਰਨਾਕ, ਡਰਾਉਣੀ। ਗਾਰ=ਝਗੜਾ, ਲੜਾਈ। ਮਚਾਈ=ਸ਼ੁਰੂ ਕੀਤੀ ਹੋਈ ਹੈ। ਪਾਕ=(ਜ਼ਖ਼ਮ ਪੱਕਣ ਤੋਂ ਵਿਚੋਂ ਨਿਕਲੀ)। ਪੂ, ਪਸ਼। ਬਹੇ=ਵਗ ਰਹੀ ਹੈ। ਸੌਰਭ=ਸੁਗੰਧੀ। ਦੇਤ=ਦੇਂਦੀ। ਬਿਖ=ਜ਼ਹਿਰ। ਮੇਲ=ਮਿਲਾ ਕੇ। ਸੁਧਾਰਸ=ਅੰਮ੍ਰਿਤ। ਸੰਗ=ਨਾਲ। ਕਿਧੌਂ=ਅਥਵਾ, ਜਾਂ। ਬਿਧ=ਵਿਧਾਤਾ, ਬ੍ਰਹਮਾ। ਮਾਇਕ=ਮਾਇਆ, ਛਲੀਆ। ਯਹਿ=ਇਹ। ਖੇਲ=ਖੇਡ, ਤਮਾਸ਼ਾ। ਰਚਾਈ=ਸ਼ੁਰੂ ਕੀਤੀ। ਆਹਿ=ਹੈ। ਪੈਰ=ਪੈਂਦਾ, ਜਾਂਦਾ। ਕੈ=ਜਾਂ। ਬੇਲ=ਬਗੀਚੀ। ਬਨਾਈ=ਲਗਾਈ ਹੈ।

**ਅਰਥ :**

੧. ਕਿਤੇ ਵਿਦਵਾਨ ਬੈਠ ਕੇ (ਸੱਤ-ਅਸੱਤ ਦਾ) ਨਿਰਣਾ ਕਰਦੇ ਹਨ, ਕਿਤੇ ਮੂਰਖ ਇਕੱਠੇ ਹੋ ਕੇ ਬੜੀ ਖ਼ਤਰਨਾਕ ਲੜਾਈ ਮਚਾ ਰਹੇ ਹਨ।

੨. ਕਿਤੇ ਬੜੇ-ਬੜੇ ਰੋਗੀ ਬੀਮਾਰ ਬੈਠੇ ਹਨ ਜਿਨ੍ਹਾਂ ਦੇ ਸਰੀਰ ਕੋਹੜ ਆਦਿ ਬਿਮਾਰੀ ਨਾਲ ਪੱਕੇ ਹੋਏ ਹਨ ਤੇ ਸਰੀਰ ਵਿਚੋਂ ਪਸ ਵਗ ਰਹੀ ਹੈ, ਕਿਤੇ ਸੋਹਣੀਆਂ ਸੁਗੰਧੀਆਂ ਦਿਸ ਰਹੀਆਂ ਹਨ।

੩. ਜ਼ਹਿਰ ਤੇ ਅੰਮ੍ਰਿਤ ਦੋਨਾਂ ਨੂੰ ਮਿਲਾ ਕੇ ਸੰਸਾਰ ਬਣਾਇਆ ਹੈ ਜਾਂ ਵਿਧਾਤਾ ਨੇ ਮਾਇਕ ਖੇਡ ਰਚੀ ਹੈ।

੪. (ਨਿਰਣੇ ਕਰਕੇ) ਕੁਝ ਵੀ ਜਾਣਿਆਂ ਨਹੀਂ ਜਾਂਦਾ ਕਿ ਸੰਸਾਰ ਅੰਮ੍ਰਿਤ ਹੈ ਜਾਂ ਜ਼ਹਿਰੀਲੀ ਬਗੀਚੀ ਬਣਾ ਦਿੱਤੀ ਹੈ। ੭੩।

ਦੋਹਰਾ॥

੧. ਹੈ ਜਗ ਦੁਖ ਕੀ ਖਾਨਹੀ, ਪੁੰਨ ਕਰੈ ਨਰ ਜੋਇ।
੨. ਬ੍ਰਹਮ ਰੂਪ ਸੁਖ ਵਿਖੇ ਮੈਂ, ਹੇਰਤ ਹੈ ਜਨ ਸੋਇ॥ ੭੪॥

**ਪਦ ਅਰਥ :**

ਜਗ=ਸੰਸਾਰ। ਖਾਨਹੀ=ਖਾਣ, ਘਰ। ਪੁੰਨ=ਚੰਗੇ ਕੰਮ, ਧਾਰਮਿਕ ਕੰਮ। ਜੋਇ=ਜੇਹੜਾ। ਵਿਖੇ=ਵਿਚਿਆਂ। ਮੈ=ਵਿਚ ਹੇਰਤ=ਦੇਖਦਾ। ਸੋਇ=ਉਹ।

**ਅਰਥ :**

੧. ਸੰਸਾਰ ਦੁੱਖਾਂ ਦਾ ਘਰ ਹੈ ਪ੍ਰੰਤੂ ਜਿਹੜਾ ਆਦਮੀ ਚੰਗੇ ਕੰਮ ਕਰਦਾ ਹੈ।
੨. (ਉਹ ਪੁਰਸ਼) ਜ਼ਹਿਰ ਰੁਪ ਸੰਸਾਰ ਵਿਚ ਸੁਖ ਸਰੂਪ ਪਰਮਾਤਮਾ ਨੂੰ ਹੀ ਸਾਰੇ ਦੇਖਦੇ ਹਨ। ੭੪।

ਦੋਹਰਾ॥

੧. ਮਾਨਵ ਦੇਹੀ ਪਾਇ ਕਰਿ, ਭਾਰਥ ਖੰਡ ਸੁ ਜੋਇ।
੨. ਪੁੰਨ ਕਰੈ ਨਹਿ ਜਗਤ ਮੈ, ਪਸੂ ਨ ਤਾ ਸਮ ਕੋਇ॥ ੭੫॥

**ਪਦ ਅਰਥ :**

ਮਾਨਵ=ਮਨੁੱਖਾ=ਦੇਹ। ਕਰਿ=ਕਰਕੇ। ਭਾਰਥ ਖੰਡ=ਭਾਰਤ ਖੰਡ, ਹਿੰਦੁਸਤਾਨ ਦੀ ਧਰਤੀ। ਜੋਇ=ਜਿਹੜਾ। ਪੁੰਨ=ਚੰਗੇ ਕੰਮ। ਕਰੈ=ਕਰਦਾ। ਮੈਂ=ਵਿਚ। ਤਾ=ਉਸ। ਸਮ=ਬਰਾਬਰ। ਕੋਇ=ਕੋਈ ਵੀ।

**ਅਰਥ :**

੧. ਭਾਰਤ ਖੰਡ ਦੀ ਧਰਮ ਭੂਮੀ ਵਿਚ ਜਿਹੜਾ ਮਨੁੱਖ-ਦੇਹ ਪਾ ਕਰਕੇ।
੨. ਚੰਗਾ ਕਰਮ ਨਹੀਂ ਕਰਦਾ ਜਗਤ ਵਿਚ ਉਹਦੇ ਵਰਗਾ ਹੋਰ ਕੋਈ ਨੀਚ ਪਸ਼ੂ ਨਹੀਂ ਹੈ। ੭੫।

ਇਨ੍ਹਾਂ ਅਗਲੇ ਦੋ ਸਵੱਈਆ ਵਿਚ ਮੂਰਖ ਮਨੁੱਖ ਦਾ ਹਾਲ ਦੱਸਦੇ ਹਨ :

ਸ੍ਵੈਯਾ॥

੧. ਸੁ ਵਿਡੂਰਯ ਕੀ ਪਿਠਰੀ ਖਲ ਕੋ, ਗਹਿ ਚੰਦਨ ਈਂਧਨ ਸਾਥ ਪਕਾਵੈ।
੨. ਸੁਭ ਹਾਟਕ ਲਾਂਗਲ ਅੱਗ੍ਰ ਧਰੇ, ਜੜ ਭੂਮਿ ਖਨੇ ਦ੍ਰੂਮ ਆਕ ਜਮਾਵੈ।
੩. ਖਲ ਛੇਦ ਕਪੂਰਨ ਖੰਡ ਕਰੇ, ਪੁਨਿ ਵਾਯਸ ਕੇ ਕੁਲ ਪੂਜ ਜਿਵਾਵੈ।
੪. ਤਿਮ ਹੀ ਯਹਿ ਭਾਰਥ ਖੰਡ ਲਹੇ, ਨਿਰਬੁਧਿ ਕਹਾਂ ਨਰ ਪੁੰਨ ਕਮਾਵੈ॥ ੭੬॥

**ਪਦ ਅਰਥ :**

ਵਿਡੂਰਯ=(ਬਿੱਲੀ ਦੀ ਅੱਖ ਜੇਹੀ ਮਣੀ), ਮਣੀਆਂ। ਪਿਠਰੀ=ਤੌੜੀ, ਦੇਗਚੀ। ਖਲ=ਮੂਰਖ। ਕੋ=ਨੂੰ। ਗਹਿ=ਪਕੜ। ਈਂਧਨ=ਲੱਕੜਾਂ। ਸਾਥ=ਨਾਲ। ਪਕਾਵੈ=ਪਕਾਉਂਦਾ। ਹਾਟਕ=ਸੋਨਾ। ਲਾਂਗਲ=ਫਾਲਾ (ਹਲ ਦੇ ਅੱਗੇ ਲੱਗਾ ਫਾਲਾ)। ਅੱਗ੍ਰ=ਅੱਗੇ। ਜੜ=ਮੂਰਖ, ਬੇ-ਅਕਲ। ਖਨਿ=ਪੁੱਟ ਕੇ। ਦ੍ਰੂਮ=ਦਰੱਖਤ, ਫਲਦਾਰ ਬੂਟੇ। ਆਕ=ਅੱਕ। ਜਮਾਵੈ=ਜਮਾਉਂਦਾ, ਬੀਜਦਾ ਹੈ। ਛੇਦ=ਕੱਟ ਕੇ, ਟੁਕੜੇ ਕਰਨਾ। ਖੰਡ ਕਰੇ=ਟੋਟੇ-ਟੋਟੇ ਕਰਕੇ। ਵਾਯਸ=ਕਾਂ। ਜਿਵਾਵੈ=ਖੁਆਉਂਦਾ ਹੈ। ਤਿਮ ਹੀ=ਤਿਵੇਂ ਹੀ। ਯਹਿ=ਏਹ।

**ਅਰਥ :**

੧. ਕਿਸੇ ਮੂਰਖ ਨੂੰ ਜ਼ਮੀਨ ਪੁੱਟਦਿਆਂ-ਪੁੱਟਦਿਆਂ ਮਣੀਆਂ ਦੀ ਦੇਗਚੀ ਲੱਭ ਗਈ ਤੇ ਉਹ ਚੰਦਨ ਦੀਆਂ ਲੱਕੜਾਂ

Sri Satguru Jagjit Singh Ji eLibrary NamdhariElibrary@gmail.com

ਲੈ ਕੇ ਉਨ੍ਹਾਂ ਨਾਲ ਮਣੀਆਂ-ਜੜਤ ਦੇਗਚੀ ਵਿਚ ਖਲ ਨੂੰ ਪਕਾਉਂਦਾ ਹੈ।

੨. ਬੜਾ ਸੋਹਣਾ ਸੋਨੇ ਦਾ ਫਾਲਾ ਹਲ ਦੇ ਅੱਗੇ ਲਾ ਕੇ ਜ਼ਮੀਨ ਪੁੱਟ ਕੇ (ਵਾਹ ਕੇ ਉਸ ਵਿਚੋਂ ਫਲਾਂ ਵਾਲੇ ਬੂਟੇ ਪੁੱਟਦਾ ਹੈ ਤੇ) ਵਾਹ ਕੇ ਅੱਕ ਬੀਜਦਾ ਹੈ।

੩. (ਫੇਰ) ਮੂਰਖ ਕਪੂਰਾਂ ਨੂੰ ਕੱਟ-ਕੱਟ ਕੇ ਕਾਵਾਂ ਦੀਆਂ ਕੁਲਾਂ ਨੂੰ ਪੂਜ-ਪੂਜ ਉਨ੍ਹਾਂ ਕਾਵਾਂ ਨੂੰ ਖੁਆਉਂਦਾ ਹੈ।

੪. ਏਸੇ ਤਰ੍ਹਾਂ ਇਸ ਭਾਰਤ ਖੰਡ ਦੀ ਪੁੰਨ ਧਰਤੀ 'ਤੇ ਜਨਮ ਲੈ ਕੇ ਬੁੱਧੀ ਹੀਣ ਮੂਰਖ ਮਨੁੱਖ ਕਿਸ ਤਰ੍ਹਾਂ ਪੁੰਨ ਕਰੇ। ਭਾਵ ਚੰਗੇ ਕੰਮ ਕਿਵੇਂ ਕਰ ਸਕਦਾ ਹੈ। ੭੬।

ਵਿਡੂਰਯ ਦੇ ਸਮ ਦੇਹ ਖਲ, ਰਾਖਸ ਸਮ ਤਾ ਕੇ ਗੁਨ ਜਾਨੋ।
ਦੁਰਕਾਮ ਕਰੇ ਯਹਿ ਭੂਮਿ ਖਨੇ, ਦ੍ਰੁਮ ਆਕ ਬਿਕਾਰ ਰਿਦ ਮਹਿ ਆਨੋ।
ਸੁਭ ਕਰਮ ਸ਼ਕਾਮ ਕਪੂਰ ਕਟੇ; ਪੁਨ ਕਾਕ ਸਮਾਨ ਕੁਪਾਤ੍ਰ ਭਾਨੋ।
ਸੁਰ ਸੰਪਤ ਚੰਦਨ ਈਂਧਨ ਹੈ, ਸੁਭ ਹਾਟ ਕਲਾ ਉਦਮ ਮਾਨੋ।

**ਸ੍ਵੈਯਾ।।**

**੧. ਊਖਰ ਦੇਸ ਕੁਨੀਰ ਪਿਵੈ, ਪੁਨ ਮੂੜ ਸੁਧਾਰਸ ਸੋਂ ਪਗ ਧੋਵੈ।**
**੨. ਕੋਦਹਿ ਕਾਗ ਉਡਾਵਨ ਕੇ ਹਿਤ, ਡਾਰ ਮਹਾਂ ਮਣਿ ਮੂੜ ਵਿਗੋਵੈ।**
**੩. ਕਾਟ ਕੇ ਚੰਦਨ ਕੇ ਬਿਰਵਾ, ਦ੍ਰਿੜ ਬਾੜ ਬੰਬੂਲ ਕਰੇ ਜੜ ਸੋਵੈ।**
**੪. ਮੂਰਖ ਯਾ ਤਨ ਪਾਲਨ ਕੇ ਹਿਤ, ਧਰਮ ਤਥਾ ਜਗ ਭੀਤਰਿ ਖੋਵੈ।। ੭੭।।**

**ਪਦ ਅਰਥ :**

ਊਖਰ=ਕੱਲਰੀ ਧਰਤੀ। ਕੁਨੀਰ=ਭੈੜਾ ਪਾਣੀ। ਪਿਵੈ=ਪੀਂਦਾ। ਪੁਨ=ਫੇਰ। ਮੂੜ=ਮੂਰਖ। ਸੁਧਾਰਸ=ਅੰਮ੍ਰਿਤ। ਸੋਂ=ਨਾਲ। ਪਗ=ਪੈਰ। ਧੋਵੈ=ਧੋਂਦਾ। ਕੋਦਹਿ=ਬਾਥੂ ਜੇਹਾ ਇਕ ਘਾਹ, ਜਿਹਦਾ ਦਾਣਾ ਗਰੀਬ ਲੋਕ ਰਿੰਨ੍ਹ ਕੇ ਅਥਵਾ ਪੀਹ ਕੇ ਆਟੇ ਦੀ ਰੋਟੀ ਪਕਾ ਕੇ ਖਾਂਦੇ ਹਨ। ਹਿਤ=ਵਾਸਤੇ। ਡਾਰ=ਸੁੱਟ ਕੇ। ਮੂੜ=ਮੂਰਖ। ਵਿਗੋਵੈ=ਖਰਾਬ ਕਰਦਾ ਹੈ। ਕਾਟ ਕੇ=ਕੱਟ ਕੇ। ਬਿਰਵਾ=ਬ੍ਰਿਛ। ਬਾੜ=ਕੰਡੇਦਾਰ ਝਾੜੀ ਦੀ ਖੇਤ ਆਦ ਦੇ ਚਾਰੇ ਪਾਸੇ ਕੀਤੀ ਰੱਖਿਆ। ਬੰਬੂਲ=ਕਿੱਕਰ। ਸੋਵੈ=ਸੌਂਦਾ। ਯਾ=ਇਸ। ਹਿਤ=ਵਾਸਤੇ। ਧਰਮ=ਨਿਯਮ। ਭੀਤਰਿ=ਵਿਚ। ਤਥਾ=ਤ੍ਰਿਵੇਂ। ਖੋਵੈ=ਖੁਹਾਉਂਦਾ ਹੈ।

**ਅਰਥ :**

੧. ਮੂਰਖ ਕੱਲਰੀ ਧਰਤੀ ਦਾ ਭੈੜਾ ਪਾਣੀ ਪੀਂਦਾ ਹੈ ਤੇ ਫੇਰ ਅੰਮ੍ਰਿਤ ਨਾਲ ਪੈਰ ਧੋਂਦਾ ਹੈ।

੨. ਕੋਧਰੇ ਦੇ ਖੇਤ ਤੋਂ ਕਾਂ ਉਡਾਉਣ ਵਾਸਤੇ ਮਣੀਆਂ ਸੁੱਟ-ਸੁੱਟ ਕੇ ਖਰਾਬ ਕਰ ਰਿਹਾ ਹੈ।

੩. ਫੇਰ ਦੇਖੋ ਮੂਰਖ ਚੰਨਣ ਦੇ ਬ੍ਰਿਛ ਬੂਟੇ ਕੱਟ ਕੇ ਕਿੱਕਰਾਂ ਦੇ ਖੇਤਾਂ ਨੂੰ ਚੰਦਨ ਦੀਆਂ ਟਾਹਣੀਆਂ ਦੀ ਵਾੜ ਕਰਕੇ ਸੌਂਦਾ ਹੈ।

੪. ਤੈਸੇ ਹੀ ਮੂਰਖ ਨੇ ਇਸ ਸਰੀਰ ਨੂੰ ਪਾਲਣ-ਪੋਸਣ ਵਾਸਤੇ ਆਪਣਾ ਨਿਯਮ ਸੰਸਾਰ ਦੇ ਕਿਨਾਰੇ 'ਤੇ ਹੀ ਗਵਾ ਦਿੱਤਾ ਹੈ।

**ਅਰਥਾਤ**

ਮਨੁੱਖਾ ਦੇਹ ਧਾਰਨ ਦਾ ਭਾਵ ਤਾਂ ਏਹ ਸੀ ਕਿ ਚੰਗੇ ਕਰਮ ਕਰਦਿਆਂ ਦੈਵੀ ਗੁਣਾਂ ਨੂੰ ਦਿਲ ਵਿਚ ਵਸਾਉਂਦਾ ਤੇ ਵਾਹਿਗੁਰੂ ਦਾ ਨਾਮ ਜਪ ਕੇ ਇਸ ਸਰੀਰ ਨੂੰ ਸਫਲ ਕਰਦਾ ਲੇਕਿਨ ਨਹੀਂ ਕੀਤਾ। ਇਸ ਤੋਂ ਸਾਰਾ ਕੁਝ ਉਲਟ ਹੀ, ਕੱਲਰੀ ਧਰਤੀ ਦੇ ਪਾਣੀ ਤੋਂ ਭਾਵ ਸ਼ਰਾਬ ਆਦਿ ਨਸ਼ੇ ਵਰਤਦਾ ਰਿਹਾ, ਅੰਮ੍ਰਿਤ ਨਾਲ ਪੈਰ ਧੋਂਦਾ ਕੀ, ਖਾਣ ਪੀਣ ਯੋਗ ਪਦਾਰਥ ਖਾਧੇ ਨਾ, ਮਣੀਆਂ ਵਰਗੇ ਕੀਮਤੀ ਸਵਾਸ ਇਸ ਨੇ ਵਿਸ਼ਿਆਂ ਰੂਪ ਕਾਵਾਂ ਵਾਸਤੇ ਖਰਾਬ ਕਰ ਦਿੱਤੇ। ਭਗਤੀ ਰੂਪ ਚੰਦਨ ਦੀ ਲੱਕੜ ਨਾਲ ਕਿੱਕਰਾਂ, ਭੂਤਾਂ ਪ੍ਰੇਤਾਂ ਦੀ ਸੇਵਾ ਕਰਨੀ, ਆਪਣਾ ਸਾਰਾ ਸਮਾਂ ਏਸੇ ਤਰ੍ਹਾਂ ਖਰਾਬ ਕਰ ਰਿਹਾ ਹੈ। ੭੭।

Sri Satguru Jagjit Singh Ji eLibrary NamdhariElibrary@gmail.com

ਉਖਰੇ ਦੇਸ਼ ਕੋ ਨੀਰ ਵਿਖੇ ਰਸ ਬ੍ਰਹਮਾਨੰਦ ਸੁਧਾ ਰਸ ਗਾਏ।
ਕੋਦਹ ਖੇਤ ਖਿਕਾਰ ਅਹੋ ਖ਼ਿਘਨਾ ਪੁਨ ਦਾਨ ਸਮਾਨਹ ਗਾਏ।
ਤਿਨ ਰਖਨੇ ਹਿਤ ਇਹ ਕਰੇ ਮਣੀਆ ਸਮ ਸਾਸ ਅਮੋਲ ਚਲਾਏ।
ਚੰਦਨ ਕਾ ਖਿਰਵਾ ਭਗਤੀ ਖਿਬੁਲੋ ਭੂਤਨ ਸੇਵ ਕਮਾਏ।

**ਸ੍ਵੈਯਾ॥**

**੧. ਵਿਪਨੇ ਸੁ ਰਣੈ ਭਵ ਸਤ੍ਰੂ ਜਿਨੇ ਜਲ ਔ ਪੁਨ ਮੰਦਰ ਆਗ ਲਗਾਏ।**
**੨. ਬਡ ਸਾਗਰ ਭੂਧਰ ਕੇ ਸਿਖਰੇ ਸੁ ਭਯਾਨਕ ਸਿੰਘ ਕੈ ਸਾਮੁਹਿ ਆਏ।**
**੩. ਪਦ ਭੂਲਿ ਭੁਜੰਗਮ ਦੇਹ ਛੁਏ ਜਨਨੀ ਜਠਰੰਤਰ ਆਇ ਸਮਾਏ।**
**੪. ਨਰ ਔਰ ਨ ਰੱਖਕ ਹੋਇ ਜਹਾਂ ਤਹ ਰੱਖਕ ਪੂਰਬ ਪੁੰਨ ਕਮਾਏ॥ ੭੮॥**

**ਪਦ ਅਰਥ :**

ਵਿਪਨੇ=ਜੰਗਲ, ਬੀਆਬਾਨ ਵਿਚ। ਰਣੈ=ਜੰਗ ਵਿਚ। ਭਵ=ਸੰਸਾਰ। ਜਿਨੇ=ਜਿੱਤਣ ਵਿਚ। ਜਲ=ਪਾਣੀ। ਪੁਨ=ਫੇਰ। ਮੰਦਰ=ਮਕਾਨ। ਲਗਾਏ=ਲੱਗ ਜਾਵੇ। ਬਡ ਸਾਗਰ=ਵਿਸ਼ਾਲ ਸਮੁੰਦਰ ਵਿਚ। ਭੂਧਰ=ਪਰਬਤ, ਪਹਾੜ। ਸਿਖਰੇ=ਸਿਰੇ 'ਤੇ, ਚੋਟੀ 'ਤੇ। ਭਯਾਨਕ=ਡਰਾਉਣੇ। ਸਿੰਘ=ਸ਼ੇਰ। ਕੈ=ਦੇ। ਸਾਮੁਹਿ=ਸਾਹਮਣੇ। ਪਦ=ਪੈਰ। ਭੂਲਿ=ਭੁੱਲ ਕੇ, ਅਚਾਨਕ। ਭੁਜੰਗਮ=ਸੱਪ। ਦੇਹ=ਸਰੀਰ। ਛੁਏ=ਛੂਹ ਜਾਵੇ। ਜਨਨੀ=ਮਾਤਾ। ਜਠਰੰਤਰ=ਜਠਰ ਪੇਟ, ਢਿੱਡ, ਬੱਚੇ ਦਾਨੀ, ਗਰਭਾਸ਼ਯ। ਜਠਰੰਤਰ=ਪੇਟ ਵਿਚ। ਜਹ=ਜਿਥੇ। ਪੂਰਬ=ਪਿਛਲੇ ਜਨਮ ਦੇ।

**ਅਰਥ :**

੧. ਜੰਗਲ, ਰਣ ਭੂਮੀ (ਜੰਗੇ-ਮੈਦਾਨ) ਵਿਚ ਦੁਸ਼ਮਣ 'ਤੇ ਫਤਹਿ ਪਾਉਣ ਸਮੇਂ ਅਤੇ ਪਾਣੀ ਵਿਚ ਡਿਗ ਪਵੇ ਫੇਰ ਮਕਾਨ ਨੂੰ ਅੱਗ ਲੱਗ ਜਾਣ 'ਤੇ।

੨. ਵਿਸ਼ਾਲ ਪਾਣੀ ਦੇ ਗਹਿਰੇ ਸਮੁੰਦਰ ਵਿਚ ਅਤੇ ਪਹਾੜ ਦੀ ਚੋਟੀ 'ਤੇ ਅਤੇ ਸ਼ੇਰ ਦੇ ਸਾਹਮਣਾ ਆ ਜਾਣ 'ਤੇ।

੩. ਅਚਾਨਕ ਸੱਪ ਪੈਰ ਨੂੰ ਛੂਹ ਜਾਵੇ (ਭਾਵ ਡੰਗ ਮਾਰ ਦੇਵੇ) ਅਤੇ ਮਾਂ ਦੇ ਗਰਭ ਵਿਚ ਆ ਕੇ ਸਮਾ ਜਾਵੇ (ਅਰਥਾਤ ਮਾਂ ਦੇ ਪੇਟ 'ਚ ਆਉਣ 'ਤੇ)।

੪. (ਉਪਰੋਕਤ ਕਥਨ ਅਨੁਸਾਰ) ਜਿਥੇ ਮਨੁੱਖ ਦਾ ਹੋਰ ਕੋਈ ਰਖਵਾਲਾ ਨਹੀਂ ਹੁੰਦਾ ਉਸ ਜਗ੍ਹਾ ਆਦਮੀ ਦੇ ਕੀਤੇ ਚੰਗੇ ਕੰਮ ਹੀ ਸਹਾਇਤਾ ਕਰਦੇ ਹਨ। ਭਾਵ ਨਾਮ ਸਿਮਰਨ, ਸੇਵਾ ਆਦਿ ਸ਼ੁਭ ਕਰਮ ਹੀ ਕੰਮ ਆਉਂਦੇ ਹਨ। ੭੮।

**ਸ੍ਵੈਯਾ॥**

**੧. ਆਪਦ ਧੈਰਯ ਕੋ ਪਕਰੇ ਅਰੁ ਸੰਪਦ ਮੈਂ ਸੁ ਖਿਮਾ ਉਰ ਮਾਹੀ।**
**੨. ਪੁੰਨ ਨਿਸੰਗ ਕਰੇ ਨ ਡਰੇ ਪੁਨ ਪਾਪਨ ਤੇ ਸੁ ਡਰੇ ਮਨ ਮਾਹੀ।**
**੩. ਸੰਘਰ ਮਾਹਿ ਕਰੇ ਭੁਜ ਕੋ ਬਲ ਪ੍ਰਾਣ ਤਜੇ ਰੁਚਿ ਹੈ ਜਸ ਮਾਹੀ।**
**੪. ਮਾਨਵ ਮਾਹਿ ਮਹਾਤਮ ਕੇ ਬ੍ਰਤ ਧੰਨ ਵਹੀ ਜਿ ਧਰੇ ਜਗ ਮਾਹੀ॥ ੭੯॥**

**ਪਦ ਅਰਥ :**

ਆਪਦ=ਵਿਪਤਾ, ਮੁਸੀਬਤ, ਮੁਸ਼ਕਿਲ ਸਮੇਂ ਵਿਚ। ਧੈਰਯ=ਧੀਰਜ, ਹੌਸਲਾ। ਕੋ=ਨੂੰ। ਪਕਰੇ=ਫੜੇ। ਅਰੁ=ਅਤੇ। ਸੰਪਦ=ਧਨ-ਦੌਲਤ। ਮੈ=ਵਿਚ। ਖਿਮਾ=ਨਿਮਰਤਾ। ਉਰ=ਦਿਲ। ਮਾਹੀ=ਵਿਚ। ਪੁੰਨ=ਚੰਗੇ ਕੰਮ। ਨਿਸੰਗ=ਨਿਰਸੰਕੋਚ, ਬਿਨਾਂ ਡਰ। ਪੁਨ=ਫੇਰ। ਨ ਡਰੇ=ਡਰੇ ਨਾ। ਕਰੇ=ਕਰਦਿਆਂ। ਡਰੈ=ਡਰਦਾ। ਸੰਘਰ=ਜੰਗ, ਲੜਾਈ। ਕਰੇ=ਕਰਦਾ। ਭੁਜ=ਬਾਹਵਾਂ। ਬਲ=ਤਾਕਤ। ਤਜੈ=ਛੱਡ ਦੇਵੇ, ਛੱਡਣ ਵਿਚ। ਰੁਚਿ=ਰੁਚੀ, ਇੱਛਾ, ਤਮੰਨਾ। ਬ੍ਰਤ=ਨਿਯਮ, ਧਰਮ। ਮਹਾਤਮ=ਫਲ। ਧੰਨ=ਧੰਨਤਾਯੋਗ। ਵਹੀ=ਉਹੀ। ਧਰੈ=ਧਾਰਦਾ ਹੈ। ਜਿ=ਜਿਹੜਾ।

Sri Satguru Jagjit Singh Ji eLibrary NamdhariElibrary@gmail.com

**ਅਰਥ :**

੧. ਮੁਸ਼ਕਿਲ (ਮੁਸੀਬਤ) ਵਿਚ ਧੀਰਜ ਨੂੰ ਫੜੇ ਅਤੇ ਧਨ ਸੰਪਦਾ ਵਿਚ ਖਿਮਾ ਗੁਣ ਦਿਲ ਵਿਚ ਰੱਖੇ।

੨. ਚੰਗੇ ਕੰਮ (ਨੇਕੀ, ਉਪਕਾਰ) ਬਿਨਾਂ ਸੰਕੋਚ ਕਰੇ ਡਰੇ ਨਾ, ਫੇਰ ਪਾਪਾਂ (ਮਾੜੇ ਕੰਮਾਂ) ਤੋਂ ਜੋ ਦਿਲ ਵਿਚ ਡਰਦਾ ਹੈ।

੩. ਲੜਾਈ ਵਿਚ ਬਾਹਵਾਂ ਦਾ ਜ਼ੋਰ ਲਗਾਵੇ, ਜੰਗ ਵਿਚ ਹੀ ਪ੍ਰਾਣ ਛੱਡੇ (ਸ਼ਹੀਦੀ ਪਾਵੇ), ਜੇਕਰ ਆਪਣੀ ਕੀਰਤੀ ਦੀ ਇੱਛਾ ਹੋਵੇ।

੪. ਮਨੁੱਖਾਂ ਵਿਚੋਂ ਸੰਤਾਂ ਮਹਾਤਮਾਂ ਵਾਲੇ ਨਿਯਮ (ਧਰਮ) ਧਾਰਨਾ ਕਰੇ, ਉਹੀ ਮਨੁੱਖ ਧੰਨਤਾਯੋਗ ਹਨ, ਜੋ ਇਸ ਤਰ੍ਹਾਂ ਦੇ ਨੇਮ-ਧਾਰਨਾ ਕਰਦੇ ਹਨ। ੭੯।

### ਸ੍ਵੈਯਾ।।

**੧. ਪ੍ਰੀਤਿ ਕਰੇ ਹਰਿ ਕੇ ਯਸ ਸੌਂ ਗੁਨ ਗੋਬਿੰਦ ਕੇ ਸੁ ਭਨੇ ਮੁਖ ਮਾਂਹੀ।**
**੨. ਹਾਥਨ ਤੇ ਪੁੰਨ ਦਾਨ ਕਰੇ ਪੁਨ ਸੀਸ ਧਰੇ ਗੁਰ ਕੇ ਪਦ ਮਾਂਹੀ।**
**੩. ਦੇਹ ਸਨੇਹ ਨ ਭੂਲਿ ਕਰੇ ਅਰੁ ਸਾਧ ਸਨੇਹ ਸਦਾ ਨਿਰਬਾਹੀਂ।**
**੪. ਮਾਨਵ ਮਾਹਿ ਮਹਾਤਮ ਕੇ ਬ੍ਰਤ ਧੰਨ ਵਹੀ ਜਿ ਧਰੇ ਜਗ ਮਾਂਹੀ।। ੮੦।।**

**ਪਦ ਅਰਥ :**

ਯਸ=ਕੀਰਤੀ, ਮਹਿਮਾ। ਸੌਂ=ਨਾਲ। ਭਨੇ=ਆਖੇ, ਉਚਾਰੇ, ਕਹੇ। ਹਾਥਨ=ਹੱਥਾਂ। ਤੇ=ਨਾਲ। ਪੁਨ=ਫੇਰ। ਪਦ=ਚਰਨ, ਪੈਰ। ਮਾਹੀਂ=ਵਿਚ। ਸਨੇਹ=ਪਿਆਰ। ਭੂਲਿ=ਭੁੱਲ ਕੇ ਵੀ। ਅਰੁ=ਅਤੇ। ਮਾਨਵ ਮਾਹਿ=ਮਨੁੱਖਾ ਦੇਹ ਦੇ ਵਿਚ ਹੀ। ਬ੍ਰਤ=ਨਿਯਮ। ਵਹੀ=ਉਹੀ। ਜਿ=ਜਿਹੜਾ। ਧਰੇ=ਧਰਦਾ ਹੈ, ਧਾਰਨ ਕਰਦਾ ਹੈ।

**ਅਰਥ :**

੧. ਪ੍ਰੀਤੀ ਕਰੇ ਪਰਮਾਤਮਾ ਦੇ ਜਸ ਨਾਲ ਤੇ ਪਰਮੇਸ਼ਰ ਦੇ ਗੁਣਾਂ ਨੂੰ ਮੁਖੋਂ ਉਚਾਰੇ।

੨. ਹੱਥਾਂ ਨਾਲ (ਆਪਣੀ ਕਿਰਤ ਵਿਚੋਂ) ਦਾਨ ਪੁੰਨ ਕਰੇ ਫੇਰ ਗੁਰੂ ਦੇ ਚਰਨਾਂ ਵਿਚ ਸਿਰ ਰੱਖੇ।

੩. ਸਰੀਰ ਨਾਲ ਪਿਆਰ ਭੁੱਲ ਕੇ ਵੀ ਨਾ ਕਰੇ (ਕਿਉਂਕਿ ਸਰੀਰ ਸਦਾ ਰਹਿਣ ਵਾਲਾ ਨਹੀਂ) (ਇਸ ਲਈ ਭਜਨ-ਬੰਦਗੀ ਵਾਲੇ) ਸਾਧੂਆਂ ਨਾਲ ਪ੍ਰੇਮ ਕਰੇ।

੪. ਮਨੁੱਖਾ ਦੇਹ ਦੇ ਵਿਚ (ਅਜਿਹੇ ਉਪ੍ਰੋਕਤ ਲਿਖੇ) ਨਿਯਮ ਜਿਹੜਾ ਰੱਖੇਗਾ ਓਹੀ (ਮਨੁੱਖ) ਧੰਨਤਾ ਯੋਗ ਹੈ, ਜੋ ਸੰਸਾਰ ਵਿਚ ਧਾਰਦਾ ਹੈ। ੮੦।

### ਸ੍ਵੈਯਾ।।

**੧. ਸੇਸ ਧਰੇ ਧਰਣੀ ਸਿਰ ਮੇਂ ਅਰੁ ਸੂਰ ਫਿਰੇ ਸੁ ਸਦਾ ਨਭ ਮਾਹੀ।**
**੨. ਧਾਰਿ ਗਦਾ ਅਬ ਲੌਂ ਹਰਿ ਜੀ ਬਲਿ ਦ੍ਵਾਰ ਰਹੇ ਸੁ ਪਤਾਲ ਕਿ ਮਾਹੀ।**
**੩. ਘੋਰ ਹਲਾਹਲ ਲੋਕ ਜਰੇ ਦਿਵ ਸ਼ੰਕਰ ਨੀਤ ਧਰੇ ਗਰ ਮਾਹੀ।**
**੪. ਪ੍ਰਾਣ ਸਮਾਨ ਧਰੇ ਬ੍ਰਤ ਕੋ ਦੁਖ ਭੂਰ ਭਏ ਬ੍ਰਤ ਡਾਰਤ ਨਾਹੀ।। ੮੧।।**

**ਪਦ ਅਰਥ:**

ਸੇਸ=ਨਾਗ, ਸੱਪ। ਧਰਣੀ=ਧਰਤੀ। ਮੇਂ=ਵਿਚੋਂ, 'ਤੇ। ਸੂਰ=ਸੂਰਜ। ਅਰੁ=ਅਤੇ। ਫਿਰੇ=ਫਿਰਦਾ। ਨਭ=ਆਕਾਸ਼। ਮਾਹੀ=ਵਿਚ। ਧਾਰਿ=ਧਾਰ ਕੇ। ਗਦਾ=ਮੂਸਲ, ਮੁਦਗਰ। ਅਬ=ਹੁਣ। ਲੌਂ=ਤੱਕ, ਤਾਈਂ। ਹਰਿ ਜੀ=ਵਿਸ਼ਨੂੰ। ਬਲਿ=ਰਾਜਾ

ਬਲਿ'। ਦੁਆਰ=ਦਹਿਲੀਜ 'ਤੇ ਦਰਵਾਜ਼ੇ 'ਤੇ। ਘੋਰ=ਭਿਆਨਕ। ਹਲਾਹਲ=ਜ਼ਹਿਰ। ਜਰੇ=ਸੜਦੇ ਸਨ, ਦੁਖੀ ਸਨ। ਦ੍ਰਿੜ=ਪੱਕੀ। ਧਰੇ=ਧਾਰਨ ਕੀਤੀ। ਸ਼ੰਕਰ=ਸ਼ਿਵ ਜੀ। ਨੀਤ=ਰੋਜ਼, ਹਮੇਸ਼ਾਂ। ਗਰ=ਗਲ। ਭੂਰ=ਬਹੁਤੇ। ਬ੍ਰਤ=ਨਿਯਮ। ਡਾਰਤ ਨਾਹੀ=ਸੁੱਟਦੇ ਨਹੀਂ, ਛੱਡਦੇ ਨਹੀਂ।

**ਅਰਥ:**

੧. ਸ਼ੇਸ਼ਨਾਗ[2] ਨੇ ਧਰਤੀ ਸਿਰ 'ਤੇ (ਰੱਖੀ ਹੋਈ ਹੈ) ਅਤੇ ਸੂਰਜ ਹਮੇਸ਼ਾਂ ਅਕਾਸ਼ ਵਿਚ ਫਿਰਦਾ ਹੈ।

੨. ਵਿਸ਼ਨੂੰ (ਮੋਢੇ 'ਤੇ) ਗਦਾ ਰੱਖ ਕੇ ਹੁਣ ਤੱਕ ਬਲਿ ਰਾਜੇ ਦੇ ਦਰਵਾਜ਼ੇ ਦੁਆਰਪਾਲ ਦੀ ਤਰ੍ਹਾਂ ਪਤਾਲ ਵਿਚ ਖਲੋਤਾ ਹੈ।

੩. ਜਿਸ ਭਿਆਨਕ ਜ਼ਹਿਰ ਤੋਂ ਲੋਕ ਦੁਖੀ ਸਨ, ਉਸੇ ਜ਼ਹਿਰ ਨੂੰ ਸ਼ਿਵ ਜੀ ਨੇ ਹਮੇਸ਼ਾਂ ਲਈ ਗਲ ਵਿਚ ਰੱਖ ਲਿਆ।

੪. ਪ੍ਰਾਣਾਂ ਵਰਗਾ ਨਿੱਯਮ ਰੱਖਿਆ ਹੋਇਆ ਦੁੱਖ ਹੋਣ ਦੇ ਬਾਵਜੂਦ ਉਸ ਨਿਯਮ ਨੂੰ ਛੱਡਦੇ ਨਹੀਂ।

ਭਾਵ ਮਨੁੱਖ ਅਜਿਹਾ ਹੈ ਥੋੜ੍ਹੇ ਜਿਹੇ ਦੁਖ ਆਉਣ 'ਤੇ ਹੀ ਸਾਰੇ ਨਿਯਮ ਤੋੜ ਦੇਂਦਾ ਹੈ ਪਰ ਸ਼ੇਸ਼ਨਾਗ, ਵਿਸ਼ਨੂੰ ਜੀ, ਸ਼ਿਵ ਜੀ ਨੇ ਅਜੇ ਤੱਕ ਉਹ ਨਿਯਮ ਨਹੀਂ ਤੋੜਿਆ ਭਾਵੇਂ ਕਿੰਨੀਆਂ ਮੁਸ਼ਕਿਲਾਂ ਵਿਚੋਂ ਲੰਘਣਾ ਪਿਆ।

ਸ੍ਵੈਯਾ।।

**੧. ਬਿਨ ਨਾਮ ਗਏ ਯਮ ਕੇ ਪੁਰ ਕੋ, ਜਗ ਭੋਗਨ ਕੀ ਜਿਨ ਗੈਲ ਲਈ।**
**੨. ਹਰਿ ਕੇ ਪੁਨ ਪੰਥ ਚਲੇ ਨਰ ਜੇ, ਉਰ ਭੋਗਨ ਕੋ ਦ੍ਰਿੜ ਪੀਠ ਦਈ।**
**੩. ਤਿਨ ਕੇ ਯਸ ਸੋਂ ਸਭ ਭੂਮਿ ਭਰੀ, ਅਬ ਲੌ ਤਿਹ ਨਾਮ ਕਥਾ ਸੁਨਈ।**
**੪. ਮਨ ਰੇ ਹਰਿ ਕੇ ਅਬ ਪੰਥ ਚਲੋ, ਜਗ ਪਾਛਲ ਆਵ ਗਈ ਸੁ ਗਈ।। ੮੨।।**

**ਪਦ ਅਰਥ:**

ਨਾਮ=ਪਰਮਾਤਮਾ ਦਾ ਨਾਂ ਸਿਮਰਨ। ਜਗ=ਸੰਸਾਰ ਵਿਚ। ਭੋਗਨ=ਖਾਣ ਪੀਣ, ਐਸ਼ ਪ੍ਰਸਤੀ ਵਿਚ ਜ਼ਿੰਦਗੀ ਗੁਜ਼ਾਰਨੀ। ਗੈਲ=ਪਗਡੰਡੀ, ਰਸਤਾ। ਪੁਨ=ਫੇਰ। ਪੰਥ=ਰਸਤਾ। ਚਲੇ=ਤੁਰੇ। ਉਰ=ਹਿਰਦਾ, ਦਿਲ। ਭੋਗਨ=ਪਦਾਰਥ। ਕੋ=ਨੂੰ। ਦ੍ਰਿੜ=ਚੰਗੀ ਤਰ੍ਹਾਂ, ਪੱਕੀ। ਪੀਠ=ਕੰਡ, ਮੂੰਹ ਮੋੜ ਲੈਣਾ। ਤਿਨ ਕੇ=ਉਨ੍ਹਾਂ ਦੇ। ਭੂਮਿ=ਧਰਤੀ। ਅਬ=ਹੁਣ। ਲੌ=ਤੱਕ। ਪਾਛਲ=ਪਿਛਲੀ, ਪਹਿਲੀ। ਸੁਨਈ=ਸੁਣਦਾ ਹਾਂ। ਆਵ=ਉਮਰ, ਆਯੂ। ਗਈ ਸੁ ਗਈ=ਜੋ ਬੀਤ ਗਈ, ਸੋ ਬੀਤ ਗਈ।

---

੧ ਪ੍ਰਹਲਾਦ ਦਾ ਪੋਤਾ ਵਿਰੋਚਨ ਦਾ ਪੁਤ੍ਰ, ਜੋ ਵਿਧੰਜਾਵਲੀ ਦੇ ਉਦਰ ਤੋਂ ਪੈਦਾ ਹੋਇਆ। ਇਹ ਐਸਾ ਪ੍ਰਤਾਪੀ ਸੀ ਕਿ ਇੰਦ੍ਰ ਨੂੰ ਜਿੱਤ ਕੇ ਤਿੰਨ ਲੋਕਾਂ ਵਿਚ ਇਸ ਨੇ ਆਪਣਾ ਰਾਜ ਥਾਪਿਆ। ਦੇਵਤਿਆਂ ਦੇ ਆਖੇ ਵਿਸ਼ਨੂੰ ਨੇ ਬਲਿ ਨੂੰ ਛਲਣ ਲਈ ਵਾਮਨ ਅਵਤਾਰ ਧਾਰਿਆ ਅਰ ਬਲਿ ਤੋਂ ਢਾਈ ਅਥਵਾ ਤਿੰਨ ਕਦਮ ਜ਼ਮੀਨ ਮੰਗੀ। ਬਲਿ ਨੇ ਦੈਂਤ ਗੁਰੂ ਸ਼ੁੱਕਰ ਦੇ ਵਰਜਣ ਪੁਰ ਭੀ ਜ਼ਮੀਨ ਦਾ ਸੰਕਲਪ ਵਾਮਨ ਨੂੰ ਦੇ ਦਿੱਤਾ। ਵਾਮਨ ਨੇ ਆਪਣਾ ਸਰੀਰ ਵਧਾ ਕੇ ਦੋ ਕਦਮ ਨਾਲ ਪ੍ਰਿਥਵੀ ਅਤੇ ਅਕਾਸ਼ ਮਿਣ ਲਏ ਤੀਜੇ ਕਦਮ ਵਿਚ ਬਲਿ ਦਾ ਸਰੀਰ ਲੈ ਗਿਆ। ਵਿਸ਼ਨੂੰ ਨੇ ਇਸ ਦੀ ਭਗਤੀ ਦੇਖ ਕੇ ਬਲਿ ਨੂੰ ਪਾਤਾਲ ਦਾ ਰਾਜਾ ਥਾਪਿਆ ਅਤੇ ਉਸ ਦੀ ਬੇਨਤੀ ਅਨੁਸਾਰ ਉਸ ਦਾ ਦੁਆਰ ਪਾਲ ਹੋ ਕੇ ਰਹਿਣਾ ਅੰਗੀਕਾਰ ਕੀਤਾ। ਨਾਮਾ ਕਹੈ ਭਗਤਿ ਵਸਿ ਕੇਸਵ ਅਜਹੂੰ ਬਲਿ ਦੁਆਰ ਖਰੋ। (ਮਾਰੂ) (ਦੇਖੋ, ਮਹਾਨ ਕੋਸ਼ ਪੰਨਾ ੮੪੪)

੨. ਨਾਗ ਵੰਸ਼ ਅਤੇ ਪਾਤਾਲ ਦਾ ਰਾਜਾ। ਪੁਰਾਣਾਂ ਵਿਚ ਕਥਾ ਹੈ ਕਿ ਇਸ ਦੇ ੧੦੦੦ (ਇਕ ਹਜ਼ਾਰ) ਸਿਰ ਹਨ, ਜੋ ਵਿਸ਼ਨੂੰ ਭਗਵਾਨ ਉੱਤੇ ਛਾਇਆ ਕਰਦੇ ਹਨ। ਕਈ ਕਹਿੰਦੇ ਹਨ ਕਿ ਸੱਤ ਪਾਤਾਲ ਇਸ ਦੇ ਸਿਰ 'ਤੇ ਹਨ। ਵਿਸ਼ਨੂੰ ਪੁਰਾਣ ਲਿਖਦਾ ਹੈ ਕਿ ਜਦ ਕਦੀ ਏਹ ਉਬਾਸੀ ਲੈਂਦਾ ਹੈ ਤਾਂ ਭੁਚਾਲ ਆ ਜਾਂਦਾ ਹੈ। ਹਰ ਇਕ ਕਲਪ (ਅਥਵਾ ੪੩੨੦੦੦੦੦੦੦ ਵਰ੍ਹਿਆਂ) ਦੇ ਅੰਤ ਵਿਚ ਇਹ ਮੂੰਹ ਵਿਚੋਂ ਅਗਨਿ ਕਢਦਾ ਹੈ, ਜਿਸ ਨਾਲ ਸਾਰੇ ਲੋਕ ਭਸਮ ਹੋ ਜਾਂਦੇ ਹਨ। ਇਸ ਦਾ ਰੂਪ ਇਉਂ ਦੱਸਿਆ ਹੈ-"ਊਦਾ ਰੰਗ, ਗਲ ਵਿਚ ਚਿੱਟੀ ਮਾਲਾ, ਇਕ ਹੱਥ ਵਿਚ ਹਲ ਤੇ ਦੂਸਰੇ ਵਿਚ ਚੱਟੂ।"

ਇਸ ਨੂੰ ਅਨੰਤ ਭੀ ਆਖਦੇ ਹਨ। ਇਸ ਦੀ ਇਸਤ੍ਰੀ ਦਾ ਨਾਉਂ ਅਨੰਦ ਸੀਰਸ਼ਾ ਹੈ। ਕਈ ਇਸ ਨੂੰ ਵਾਸ਼ਕਿ ਹੀ ਮੰਨਦੇ ਹਨ, ਪਰ ਕਈ ਇਸ ਤੋਂ ਵੱਖਰਾ ਸਮਝਦੇ ਹਨ। ਪੁਰਾਣਾਂ ਵਿਚ ਇਸ ਨੂੰ ਕਸ਼ਯਪ ਅਤੇ ਕਦਰੂ ਦਾ ਪੁੱਤਰ ਕਰਕੇ ਮੰਨਿਆ ਹੈ ਅਤੇ ਬਲਰਾਮ ਨੂੰ ਇਸ ਦਾ ਅਵਤਾਰ ਦੱਸਿਆ ਹੈ।(ਦੇਖੋ ਮਹਾਨ ਕੋਸ਼ ੨੨੯)

Sri Satguru Jagjit Singh Ji eLibrary NamdhariElibrary@gmail.com

**ਅਰਥ :**

੧. (ਪਰਮਾਤਮਾ ਦੇ) ਨਾਮ ਲਏ ਬਿਨਾਂ ਤੋਂ (ਉਹ ਲੋਕ) ਜਮਪੁਰੀ (ਧਰਮ ਰਾਜ ਦੀ ਕਚਹਿਰੀ) ਵਿਚ ਚਲੇ ਗਏ, ਜਿਨ੍ਹਾਂ ਜਗਤ ਵਿਚ ਭੋਗਾਂ ਦਾ ਰਸਤਾ ਫੜਿਆ ਹੈ।

੨. ਜੋ ਪੁਰਸ਼ ਹਰੀ ਦੇ ਰਸਤੇ ਤੁਰੇ ਹਨ (ਭਾਉ-ਭਗਤੀ ਵਿਚ ਜੁੜੇ ਹਨ) ਅਤੇ ਪਦਾਰਥਾਂ ਨੂੰ ਜਾਂ ਵਿਸ਼ੇ-ਵਿਕਾਰਾਂ ਨੂੰ ਪੱਕੀ ਕੰਡ ਦੇ ਦਿੱਤੀ ਹੈ, ਭਾਵ ਜਿਨ੍ਹਾਂ ਵਿਸ਼ੇ ਵਿਕਾਰਾਂ ਤੇ ਪਦਾਰਥਾਂ ਦੇ ਸੁਆਦਾਂ ਵਲੋਂ ਮੂੰਹ ਮੋੜ ਲਿਆ ਹੈ।

੩. ਉਨ੍ਹਾਂ ਦੇ ਜਸੁ ਨਾਲ ਸਾਰੀ ਧਰਤੀ ਭਰੀ ਹੋਈ ਹੈ, ਹੁਣ ਤੱਕ ਉਨ੍ਹਾਂ ਦੇ ਨਾਂ ਦੀਆਂ (ਲੋਕ) ਕਹਾਣੀਆਂ ਸੁਣਾਂਦੇ ਹਨ।

੪. ਐ ਮਨ! ਹੁਣ ਵੀ ਹਰੀ (ਪ੍ਰਭੂ) ਦੇ ਰਸਤੇ ਪਉ; ਪਹਿਲੀ ਉਮਰ ਜੋ ਬੀਤ ਗਈ ਸੋ ਬੀਤ ਗਈ। ੬੨।

**ਸ੍ਵੈਯਾ।।**

**੧. ਰਿਖਿ ਨਾਰਿ ਤਰੀ ਕਪਿ ਰੀਛ ਤਰੇ ਸੁ ਲੰਗੂਰ ਤਰੇ ਜਿਹਿ ਨਾਮ ਉਚਾਰੇ।**
**੨. ਬਨ ਭੀਲ ਸੁਤਾ ਜਿਹਿ ਨਾਮ ਤਰੀ ਸੁ ਜਟਾਯੁ ਵਿਹੰਗਮ ਜਾਹਿ ਉਧਾਰੇ।**
**੩. ਅਬ ਚੈਤਨ ਬਾਤ ਕਹਾਂ ਕਹੀਏ ਜੜ ਭੂਧਰ ਨਾਮ ਤਰੇ ਨਿਧਿ ਖਾਰੇ।**
**੪. ਅਬ ਔਸਰ ਰਾਮ ਭਜੋ ਮਨ ਰੇ ਦੁਖ ਮੇਟਿ ਤਰੋ ਭਵ ਸਾਗਰ ਪਾਰੇ।। ੬੩।।**

**ਪਦ ਅਰਥ :**

ਰਿਖਿ ਨਾਰਿ=ਗੌਤਮ ਰਿਖੀ ਦੀ ਇਸਤਰੀ (ਅਹੱਲਿਆ)[1]। ਤਰੀ=ਤਰ ਗਈ। ਕਪਿ=ਕਪੀ, ਬਾਂਦਰ, ਹਨੂੰਮਾਨ। ਰੀਛ=ਸੁਗ੍ਰੀਵ, ਅੰਗਦ, ਜਾਮਾਵੰਤ। ਜਿਹ=ਜਿਸ ਦਾ। ਉਚਾਰੇ=ਆਖ ਕੇ, ਕਹਿ ਕੇ। ਬਨ=ਜੰਗਲ, ਜਾਂਗਲੀ, ਭੀਲਾਂ ਦੀ। ਸੁਤਾ=ਲੜਕੀ, ਕੁੜੀ। ਜਿਹਿ=ਜਿਸ ਦਾ। ਜਟਾਯੁ=ਪੁਰਾਣਾਂ ਅਨੁਸਾਰ ਸ਼ਯੇਨੀ ਦੇ ਉਦਰ ਤੋਂ ਸੂਰਜ ਦੇ ਰਥਵਾਹੀ ਅਰੁਣ ਦਾ ਪੁੱਤਰ, ਜੋ ਸੰਪਾੱਤੀ ਦਾ ਭਾਈ ਅਤੇ ਗਿਰਝਾ ਦਾ ਰਾਜਾ ਸੀ, ਇਸ ਨੇ ਸੀਤਾ ਹਰਣ ਸਮੇਂ ਰਾਵਣ ਨਾਲ ਘੋਰ ਯੁੱਧ ਕੀਤਾ ਸੀ। ਰਾਵਣ ਦੇ ਖੜਗ ਨਾਲ ਜ਼ਖ਼ਮੀ ਹੋ ਕੇ ਜ਼ਮੀਨ 'ਪੁਰ ਡਿੱਗਾ। ਵਿਹੰਗਮ=ਪੰਛੀ। ਅਬ=ਹੁਣ। ਚੈਤਨ=ਤੁਰਨ-ਫਿਰਨ ਵਾਲੇ। ਬਾਤ=ਗੱਲ। ਕਹਾਂ=ਕੀ। ਕਹੀਏ=ਆਖੀਏ। ਜੜ=ਇਕ ਜਗ੍ਹਾ ਰਹਿਣ ਵਾਲੇ। ਭੂਧਰ=ਪਹਾੜ, ਪੱਥਰ। ਨਿਧਿ=ਸਮੁੰਦਰ। ਅਬ=ਹੁਣ। ਔਸਰ=ਸਮਾਂ, ਵਕਤ, ਵੇਲਾ। ਭਜੋ=ਚੇਤੇ ਕਰੋ। ਭਵ=ਸੰਸਾਰ। ਸਾਗਰ=ਸਮੁੰਦਰ।

**ਅਰਥ :**

੧. ਗੌਤਮ ਰਿਸ਼ੀ ਦੀ ਇਸਤ੍ਰੀ[1] (ਜੋ ਪੱਥਰ ਬਣੀ ਹੋਈ ਸੀ ਸ੍ਰੀ ਰਾਮ ਚੰਦਰ ਜੀ ਦੇ ਚਰਨਾਂ ਨੂੰ ਲੱਗਣ ਕਰਕੇ) ਤਰ ਗਈ, ਬਾਦਰਾਂ ਵਿਚੋਂ ਹਨੂਮਾਨ, ਰਿੱਛਾਂ 'ਚੋਂ ਜਾਮਾਵਤ, ਲੰਗੂਰਾਂ ਵਿਚੋਂ ਸੁਗ੍ਰੀਵ ਆਦਿ ਸਭ ਤਰ ਗਏ, ਜਿਹੜੇ ਸ੍ਰੀ ਰਾਮ ਚੰਦਰ ਜੀ ਦੇ ਨਾਮ ਨੂੰ ਜਪ ਕੇ।

੨. ਜਾਂਗਲੀ ਭੀਲਾਂ ਦੀ ਲੜਕੀ (ਸ਼ਵਰੀ[2]), ਪੰਛੀਆਂ ਵਿਚ ਜਟਾਯੂ ਜਿਸ ਨਾਮ ਨੇ ਤਾਰਨਾ ਕੀਤੇ ਹਨ।

੩. ਹੁਣ ਤੁਰਨ-ਫਿਰਨ ਵਾਲੇ ਮਨੁੱਖਾਂ ਦੀ ਕੀ ਗੱਲ ਆਖੀਏ (ਕਿਉਂਕਿ ਮਨੁੱਖ ਨੂੰ ਤਾਂ ਸਾਰੀ ਸਮਝ ਹੈ, ਚੰਗੇ-ਮਾੜੇ,

---

੧. ਪੁਰਾਣਾਂ ਵਿਚ ਲਿਖਿਆ ਹੈ ਕਿ ਗੋਤਮ ਰਿਖੀ ਦੀ ਇਸਤ੍ਰੀ ਅਹੱਲਿਆ ਮਹਾਂ ਸੁੰਦਰੀ ਸੀ ਜਿਸ ਪੁਰ ਇੰਦ੍ਰ ਮੋਹਿਤ ਹੋਇਆ ਇਕ ਦਿਨ ਚੰਦ੍ਰਮਾ ਨੂੰ ਮੁਰਗਾ ਬਣਾ ਕੇ ਵੇਲੇ ਤੋਂ ਪਹਿਲਾ ਬਾਂਗ ਦਿਵਾਈ, ਜਿਸ ਤੋਂ ਗੌਤਮ ਅਗੇਤਾ ਹੀ ਨਦੀ ਪੁਰ ਨ੍ਹਾਉਣ ਚਲਾ ਗਿਆ। ਇੰਦ੍ਰ ਨੇ ਅਹੱਲਿਆ ਨਾਲ ਕੁਕਰਮ ਕੀਤਾ, ਜਦ ਗੌਤਮ ਨੂੰ ਪਤਾ ਲੱਗਾ ਤਾਂ ਉਸ ਨੇ ਇਸਤ੍ਰੀ ਨੂੰ ਸ਼ਿਲਾ ਰੂਪ ਕਰ ਦਿੱਤਾ। ਇੰਦ੍ਰ ਦੇ ਸ਼ਰੀਰ ਪੁਰ ਹਜ਼ਾਰ ਭਗ ਦਾ ਚਿੰਨ੍ਹ ਹੋਣ ਦਾ ਸ੍ਰਾਪ ਦਿੱਤਾ ("ਸਹਸ ਭਗ ਹੋਵਹਿ ਤਨ ਤੇਰੇ" ਨਾਨਕ ਪ੍ਰਕਾਸ਼) ਅਤੇ ਚੰਦ੍ਰਮਾ ਨੂੰ ਖਈ ਰੋਗ ਲਾ ਦਿੱਤਾ। (ਮਹਾਨ ਕੋਸ਼ ਪੰਨਾ ੪੨੮)

੨. ਸ਼ਵਰਗੋਤ੍ਰ ਦੀ ਇਕ ਇਸਤਰੀ, ਜੋ ਪੰਪਾ ਸਰ ਦੇ ਕਿਨਾਰੇ ਰਹਿੰਦੀ ਸੀ। ਇਹ ਮੰਤਗ ਰਿਖੀ ਦੀ ਚੇਲੀ ਸੀ। ਰਾਮ ਚੰਦ੍ਰ ਜੀ ਵਣਵਾਸ ਸਮੇਂ ਇਸ ਦੇ ਆਸ੍ਰਮ ਪੁਰ ਠਹਿਰੇ ਅਤੇ ਬੇਰ ਆਦਿਕ ਫਲ ਖਾ ਕੇ ਬਹੁਤ ਪ੍ਰਸੰਨ ਹੋਏ। ਸ਼ਵਰੀ ਰਾਮਚੰਦ੍ਰ ਜੀ ਦੇ ਦੇਖਦੇ ਹੀ ਚਿਤਾ ਬਣਾ ਕੇ ਭਸਮ ਹੋ ਗਈ। ਇਸੇ ਦਾ ਨਾਉਂ ਭੀਲਨੀ ਪ੍ਰਸਿੱਧ ਹੈ ਜਿਸ ਦੇ ਜੂਠੇ ਬੇਰ ਖਾਣ ਦੀ ਕਈ ਕਵੀ ਜ਼ਿਕਰ ਕਰਦੇ ਹਨ। (ਮਹਾਨ ਕੋਸ਼ ਪੰਨਾ ੧੫੬)

Sri Satguru Jagjit Singh Ji eLibrary NamdhariElibrary@gmail.com

ਪਾਪ ਪੁੰਨ, ਆਪਣੇ ਬਿਗਾਨੇ ਦੀ) ਇਕ ਜਗ੍ਹਾ ਰਹਿਣ ਵਾਲੇ ਪੱਥਰ ਵੀ ਦੁਖਦਾਈ ਸੰਸਾਰ ਤੋਂ ਤਰ ਗਏ।

੪. ਹੁਣ ਵਕਤ ਹੈ ਰਾਮ ਨੂੰ ਚੇਤੇ ਕਰੋ ਹੇ ਮਨ! ਦੁੱਖਾਂ ਨੂੰ ਦੂਰ ਕਰਕੇ ਸੰਸਾਰ-ਸਮੁੰਦਰ ਤੋਂ ਪਾਰ ਹੋ ਜਾਹ। ੮੩।

**ਸ੍ਵੈਯਾ॥**

**੧. ਭਵ ਹਾਰਕ ਕੇਚਿਤ ਨੇਮ ਕਹੇਂ, ਯਮ ਹੀ ਭਵ ਹਾਰਕ ਔਰ ਬਖਾਨੇ।**
**੨. ਇਕ ਤਿਆਗ ਕਹੇਂ ਇਕ ਦਾਨ ਕਹੇਂ, ਇਕ ਯੋਗ ਸੁ ਸਾਧਨ ਕੋ ਉਰਿ ਠਾਨੇ।**
**੩. ਜਗ ਏਕ ਕਹੇਂ ਤਪਸਾ ਵਰ ਸਾਧਨ, ਤੀਰਥ ਵਾਸ ਸੁ ਏਕ ਪ੍ਰਮਾਨੇ।**
**੪. ਭਵ ਹਾਰਕ ਬ੍ਰਤ ਸੁ ਏਕ ਭਨੇ, ਹਮ ਤੋ ਇਕ ਰਾਮਹਿ ਨਾਮ ਪਛਾਨੇ॥ ੮੪॥**

**ਪਦ ਅਰਥ :**

ਭਵ ਹਾਰਕ=ਸੰਸਾਰ ਤੋਂ ਮੁਕਤੀ ਦਾ। ਕੇਚਿਤ=ਕਈ-ਕੁ। ਨੇਮ=ਯੋਗ ਦਾ ਇਕ ਅੰਗ (ਤਪ, ਸੰਤੋਖ, ਪਵਿੱਤਰਤਾ, ਵਿਦ੍ਯਾ ਅਭਿਆਸ, ਦਾਨ) ਆਦਿ। ਅਰਥਾਤ ਸੋਚ (ਪਵਿੱਤ੍ਰਤਾ), ਸੰਤੋਖ (ਸਬਰ), ਤਪ (ਸੁਖ ਦੁੱਖ ਆਦਿ) ਦ੍ਵੰਦ ਦਾ ਸਮ ਭਾਵ ਨਾਲ ਸਹਿਣਾ, ਸ੍ਵਾਧ੍ਯਾਯ (ਮੁਕਤੀ ਦਾਇਕ ਗ੍ਰੰਥਾਂ ਦਾ ਪੜ੍ਹਨਾ ਅਥਵਾ ਓਅੰਕਾਰ ਦਾ ਜਾਪ, ਈਸ਼੍ਵਰ ਪ੍ਰਣਿਧਾਨ (ਹੌਮੈ ਤ੍ਯਾਗ ਕੇ ਕਰਮਾਂ ਨੂੰ ਈਸ਼੍ਵਰ ਅਰਪਣ ਕਰਨਾ)। ਯਮ=ਇੰਦ੍ਰੀਆਂ ਦੇ ਰੋਕਣ ਦਾ ਵਰਤ। ਅਹਿੰਸਾ=(ਜੀਵਾਂ ਨੂੰ ਮਾਰਨ ਅਤੇ ਦੁਖਾਉਣ ਦਾ ਤ੍ਯਾਗ, ਸਤ੍ਯ (ਸੱਚ, ਝੂਠ ਦੇ ਤ੍ਯਾਗ ਦਾ ਵਰਤ), ਅਸ੍ਤੇਯ (ਚੋਰੀ ਦਾ ਤ੍ਯਾਗ), ਬ੍ਰਹਮਚਰਯ (ਯਤ ਰੱਖ ਕੇ ਵਿਦਯਾ ਦਾ ਅਭ੍ਯਾਸ), ਅਪਰਿ ਗ੍ਰਹ (ਧਨ ਆਦਿ ਜੋੜਨ ਦਾ ਤ੍ਯਾਗ। ਠਾਨੇ=ਧਾਰਨ ਨੂੰ ਕਹਿੰਦੇ ਹਨ। ਉਰ=ਦਿਲ, ਹਿਰਦਾ। ਕਹੇ=ਕਹਿੰਦਾ। ਤਪਸਾ=ਤਪ ਕਰਨਾ। ਵਰ=ਉੱਤਮ, ਸ੍ਰੇਸ਼ਟ। ਸਾਧਨ=ਤਰੀਕਾ, ਯੁਕਤੀ, ਢੰਗ। ਵਾਸ=ਵਸਣਾ। ਬ੍ਰਤ=ਵਰਤ ਰੱਖਣਾ (ਪੂਰਨਮਾਸ਼ੀ, ਚੌਦਸ ਆਦਿ ਦਿਨਾਂ ਵਿਚ)। ਭਨੇ=ਕਹਿੰਦੇ ਹਨ। ਹਮ=ਅਸੀਂ। ਤੋ=ਤਾਂ। ਰਾਮਹਿ=ਰਾਮ ਦਾ। ਪਛਾਨੇ=ਪਹਿਚਾਣਿਆਂ।

**ਅਰਥ :**

੧. ਕੋਈ ਸੰਸਾਰ ਤੋਂ ਮੁਕਤੀ ਦਾ ਸਾਧਨ ਨਿਯਮ ਰੱਖਣ ਲਈ ਕਹਿੰਦੇ ਤੇ ਕਈ ਯਮ ਆਦਿ ਦੀ ਧਾਰਨਾ ਹੀ ਸੰਸਾਰ ਤੋਂ ਛੁਟਕਾਰੇ ਦਾ ਢੰਗ ਦਸਦਾ ਹੈ।

੨. ਇਕ ਸੰਸਾਰ ਤੋਂ ਖਲਾਸੀ ਦਾ ਤਰੀਕਾ ਤਿਆਗ ਦਸਦਾ ਹੈ, ਤੇ ਕੋਈ ਦਾਨ ਕਰਨਾ ਤੇ ਕੋਈ ਜੋਗ ਦੇ ਸਾਧਨ ਦਿਲ ਵਿਚ ਧਾਰਨ ਵਾਸਤੇ ਆਖਦਾ ਹੈ।

੩. ਕੋਈ ਯੱਗ ਆਦਿ ਕਰਨ ਵਿਚ ਤੇ ਕੋਈ ਜੰਗਲ ਵਿਚ ਜਾ ਕੇ ਤਪੱਸਿਆ ਕਰਨੀ ਅਤੇ ਤੀਰਥਾਂ 'ਤੇ ਵਾਸਾ ਭਲੀ ਪ੍ਰਕਾਰ ਮੰਨਦਾ ਹੈ।

੪. ਕੋਈ ਵਰਤ ਆਦਿ ਰੱਖਣ ਨੂੰ ਸੰਸਾਰ ਤੋਂ ਨਵਿਰਤੀ ਦਾ ਸਾਧਨ ਮੰਨਦਾ ਹੈ ਪਰ ਅਸੀਂ ਕੇਵਲ ਪਰਮੇਸ਼ਰ ਦਾ ਨਾਮ ਹੀ ਮੁਕਤੀ ਦੇਣ ਵਾਲਾ ਪਛਾਣਿਆ ਹੈ। ੮੪।

**ਦੋਹਰਾ॥**

**੧. ਬਾਨਰ ਸੈਲ ਸੁ ਤਾਰਿਓ, ਰਘੁਵਰ ਸਾਗਰ ਧਾਰ।**
**੨. ਤਜੋਂ ਹਮ ਕੋ ਨਹਿੰ ਤਾਰ ਹੋ, ਮਨ ਮੈ ਕੌਨ ਵਿਚਾਰ॥ ੮੫॥**

**ਪਦ ਅਰਥ :**

ਬਾਨਰ=ਬਾਂਦਰ। ਸੈਲ=ਪੱਥਰ। ਤਾਰਿਓ=ਤਾਰਨਾ ਕੀਤਾ। ਰਘੁਵਰ=ਰਾਮ ਚੰਦਰ ਜੀ। ਸਾਗਰ=ਸਮੁੰਦਰ। ਧਾਰ=ਧਾਰਾ। ਤਜੋਂ=ਤਿਵੇਂ। ਹਮ ਕੋ=ਸਾਨੂੰ। ਨਹਿੰ=ਨਹੀਂ। ਤਾਰ ਹੋ=ਤਾਰੋਗੇ। ਮੈ=ਵਿਚ। ਕੌਨ=ਕਿਹੜੀ, ਕੀ। ਵਿਚਾਰ=ਖਿਆਲ।

**ਅਰਥ :**

੧. ਸੰਸਾਰ-ਸਮੁੰਦਰ ਦੀ ਧਾਰਾ ਵਿਚੋਂ ਬਾਂਦਰਾਂ ਤੇ ਪੱਥਰਾਂ ਨੂੰ ਐ ਸ੍ਰੀ ਰਾਮ ਚੰਦਰ ਜੀ! ਤੁਸੀਂ ਤਾਰਿਆ ਹੈ।
੨. ਐ ਸ੍ਰੀ ਰਾਮ ਜੀ! ਤੁਹਾਡੇ ਦਿਲ ਵਿਚ ਕੀ ਖਿਆਲ ਹੈ ਤਿਵੇਂ ਸਾਨੂੰ ਨਹੀਂ ਤਾਰੋਗੇ ?। ੮੫।

ਸ੍ਵੈਯਾ।।

੧. ਸੈਲ ਕਪੀਸਰ ਪਾਰ ਪਰੇ ਇਹ ਭਾਂਤਿ ਸੁਨਜੋ ਹਰਿ ਜੀ ਬਲ ਤੋਰਾ।
੨. ਹੈ ਮਨ ਚੰਚਲ ਬਾਨਰ ਸੋਂ ਅਰੁ ਸੈਲ ਸਮਾਨ ਸੁ ਚੀਤ ਕਠੋਰਾ।
੩. ਨਾਹਿ ਕਰੀ ਤਪਸਾ ਤੁਮਰੇ ਬਲ ਔਸਰ ਬੈਨ ਸੁਨੋ ਪ੍ਰਭ ਮੋਰਾ।
੪. ਨਾਥ ਭਲੇ ਬਲਵਾਨ ਹੁਤੇ ਮਮ ਦਾਸ ਕੀ ਬੇਰ ਭਯੋ ਬਲ ਥੋਰਾ।। ੮੬।।

**ਪਦ ਅਰਥ :**

ਸੈਲ=ਪੱਥਰ। ਕਪੀਸਰ=ਬਾਂਦਰਾਂ ਦੇ ਵੱਡੇ ਹਨੂਮਾਨ ਜੀ ਆਦਿ ਬਾਂਦਰ ਸੈਨਾ। ਪਾਰ=ਸਮੁੰਦਰ ਤੋਂ ਪਾਰ। ਪਰੇ=ਪਏ, ਹੋ ਗਏ। ਚੰਚਲ=ਸ਼ੈਤਾਨ, ਚਲਾਕ। ਸੋਂ=ਵਰਗਾ। ਬਲ=ਤਾਕਤ, ਜ਼ੋਰ, ਪ੍ਰਤਾਪ। ਤੋਰਾ=ਤੇਰਾ। ਸੈਲ=ਪੱਥਰ। ਸਮਾਨ= ਵਰਗਾ। ਕਠੋਰਾ=ਸਖਤ, ਕਰੜਾ। ਕਰੀ=ਕੀਤੀ। ਔਸਰ=ਵੇਲਾ, ਵਕਤ। ਬੈਨ=ਬਚਨ, ਬੋਲ। ਮੋਰਾ=ਮੇਰਾ। ਮਮ=ਮੈਂ। ਬੇਰ=ਵਾਰੀ, ਵੇਲੇ। ਥੋਰਾ=ਘਟ ਗਿਆ, ਬਲ ਥੋਰਾ=ਤਾਕਤ ਘੱਟ ਗਈ ਹੈ? ਕਮਜ਼ੋਰ ਹੋ ਗਏ ਹੋ?

**ਅਰਥ :**

੧. ਪੱਥਰ, ਬਾਂਦਰਾਂ ਦੇ ਵੱਡੇ ਹਨੂਮਾਨ ਜੀ (ਬਾਂਦਰ ਸੈਨਾ ਸਮੇਤ) ਸਮੁੰਦਰ ਤੋਂ ਪਾਰ ਹੋ ਗਏ (ਸੰਸਾਰ-ਸਮੁੰਦਰ ਤੋਂ ਪਾਰ ਹੋ ਗਏ), ਇਸ ਤਰ੍ਹਾਂ ਹੇ ਹਰੀ! ਤੁਹਾਡਾ ਪ੍ਰਤਾਪ ਸੁਣਿਆ ਹੈ।

੨. (ਇਹ ਠੀਕ ਹੈ ਕਿ) ਮਨ ਬਾਂਦਰ ਨਾਲੋਂ ਵੀ ਜ਼ਿਆਦਾ ਸ਼ੈਤਾਨ ਹੈ ਅਤੇ ਪੱਥਰ ਨਾਲੋਂ ਕਰੜਾ ਹੈ ਮੇਰਾ ਮਨ।

੩. ਨਾ ਮੈਂ ਤਪ ਕੀਤਾ ਹੈ ਤੁਹਾਡੇ ਆਸਰੇ, ਹਾਂ, ਹੁਣ ਤੁਸੀਂ? ਵੇਲੇ ਨਾਲ ਮੇਰੀ ਅਰਜ਼ ਸੁਣ ਲਵੋ ਕਿ ਅਥਵਾ ਨਾ ਹੀ ਹੁਣ ਤਪ ਕਰਨ ਦਾ ਸਮਾਂ ਹੈ ਤੇ ਨਾ ਸਰੀਰ ਵਿਚ ਪਹਿਲੇ ਜੁਗਾਂ ਵਾਲੀ ਤਾਕਤ ਹੈ ਤੇ ਨਾ ਕਲਜੁਗ ਵਿਚ ਕਿਸੇ ਪਾਸ ਏਨਾ ਵਕਤ ਹੀ ਹੈ ਕਿ ਢੇਰ ਸਮਾਂ ਸਾਧਨ ਕਰਦਾ ਰਹੇ। ਇਸ ਲਈ ਮੇਰੀ ਗੁਜ਼ਾਰਸ਼ ਹੈ ਕਿ–

੪. ਐ ਨਾਥ! (ਮਾਲਕ! ਪਹਿਲਾਂ ਤਾਂ ਤੁਸੀਂ ਬੜੇ) ਤਾਕਤਵਰ ਹੁੰਦੇ ਸੀ (ਕੀ ਗੱਲ) ਮੇਰੀ ਵਾਰੀ ਤੁਹਾਡਾ ਬਲ ਘਟ ਗਿਆ ਹੈ। ਭਾਵ ਕੀ ਤੁਸੀਂ ਮੇਰੀ ਵਾਰੀ ਆਉਣ 'ਤੇ ਕਮਜ਼ੋਰ ਹੋ ਗਏ ਹੋ?। ੮੬।

ਇਸ ਸਵੱਈਏ ਪੰਡਿਤ ਗੁਲਾਬ ਸਿੰਘ ਜੀ ਰੱਬ ਨਾਲ ਗਿਲਾ-ਸ਼ਿਕਵਾ ਕਰਦੇ ਹੋਏ ਕਹਿੰਦੇ ਹਨ ਕਿ ਇੰਜ ਲੱਗਦਾ ਹੈ ਜਿਵੇਂ ਤੁਸੀਂ ਵੱਢੀ ਲੈ ਕੇ ਹੀ ਕੰਮ ਕਰਦੇ ਹੋ—

ਸ੍ਵੈਯਾ।।

੧. ਗਹਿ ਤੰਦੁਲ ਬਾਮਨ ਕੇ ਕਰ ਮੇਂ ਤਬ ਆਪਦ ਤਾਹਿ ਕੀ ਦੂਰਿ ਨਿਵਾਰੀ।
੨. ਗਜ ਕੰਜ ਦਏ ਤਬ ਗ੍ਰਾਹਿ ਕਟੇ ਫਲ ਖਾਇ ਕਿ ਭੀਲਸੁਤਾ ਸੁ ਉਧਾਰੀ।
੩. ਗਲਿ ਫੂਲਨ ਮਾਲ ਗਹੀ ਕੁਬਜਾਂ ਤਬ ਕੂਬਰ ਕੀ ਕਟ ਨਾਥ ਸਵਾਰੀ।
੪. ਬਿਨ ਮੋਲ ਨ ਕਾਮ ਕਰੋ ਹਰਿ ਜੀ ਜਗ ਲੋਗਨ ਕੀ ਗਤਿ ਤੈਂ ਉਰਿ ਧਾਰੀ।। ੮੭।।

**ਪਦ ਅਰਥ :**

ਗਹਿ=ਫੜ ਕੇ। ਤੰਦੁਲ=ਚਾਵਲ। ਬਾਮਨ=ਬ੍ਰਾਹਮਣ, ਸੁਦਾਮਾ। ਕੇ=ਦੇ। ਕਰ=ਹੱਥ। ਮੇਂ=ਵਿਚੋਂ। ਤਵ=ਤੁਸੀਂ। ਤਾਹਿ ਕੀ=ਉਸ ਦੀ। ਨਿਵਾਰੀ=ਨਵਿਰਤ ਕਰ ਦਿੱਤੀ, ਨਾਸ ਕਰ ਦਿੱਤੀ। ਆਪਦ=ਦੁੱਖ, ਗਰੀਬੀ। ਗਜ=ਹਾਥੀ। ਕੰਜ=ਕੰਵਲ ਫੁੱਲ। ਦਏ=ਦਿੱਤਾ। ਗ੍ਰਾਹਿ=ਤੰਦੂਆ। ਕਟੇ=ਕੱਟ ਦਿੱਤੇ। ਫਲ=ਬੇਰ। ਭੀਲ ਸੁਤਾ=ਭੀਲਾਂ ਦੀ ਲੜਕੀ, ਭੀਲਨੀ (ਸ਼ਵਰੀ)। ਉਧਾਰੀ=ਤਾਰ ਦਿੱਤੀ। ਗਲਿ=ਗਲ ਪਵਾ ਕੇ। ਫੂਲਨ=ਫੁੱਲਾਂ ਦੀ। ਮਾਲ=ਮਾਲਾ। ਗਹੀ=ਪਕੜੀ, ਫੜੀ। ਕੁਬਜਾਂ=ਕੰਸ ਦੀ ਨੌਕਰਾਣੀ।[1] ਕੂਬਰ=ਕੁੱਬੀ। ਕਟ=ਲੱਕ, ਕਮਰ। ਮੋਲ=ਮੁੱਲ। ਗਤਿ=ਰੀਤੀ, ਚਾਲ, ਤਰੀਕਾ। ਤੈਂ=ਤੂੰ, ਤੁਸੀਂ। ਉਰਿ=ਦਿਲ ਵਿਚ। ਧਾਰੀ=ਧਾਰ ਲਈ।

---

੧. ਕੰਸ ਦੀ ਦਾਸੀ, ਜੋ ਬਟਣਾ ਬਣਾਉਣ ਵਿਚ ਅਤੇ ਮਲਣ ਵਿਚ ਵੱਡੀ ਨਿਪੁੰਨ ਸੀ, ਜਦ ਕ੍ਰਿਸ਼ਨ ਜੀ ਮਥੁਰਾ ਗਏ, ਤਦ ਉਨ੍ਹਾਂ ਨੇ ਇਸ ਤੋਂ ਸੁਗੰਧ ਵਾਲਾ ਲੇਪ ਮੰਗਿਆ, ਇਸ ਨੇ ਕੰਸ ਦਾ ਬਟਣਾ ਕ੍ਰਿਸ਼ਨ ਜੀ ਦੇ ਪ੍ਰੇਮ ਨਾਲ ਮਲਿਆ, ਕ੍ਰਿਸ਼ਨ ਜੀ ਨੇ ਰੀਝ ਕੇ ਇਸ ਦੇ ਪੈਰ ਪੁਰ ਆਪਣਾ ਅੰਗੂਠਾ ਰੱਖ ਅਰ ਠੋਡੀ ਹੇਠ ਹੱਥ ਦੇ ਕੇ ਜੋ ਝਟਕਾ ਦਿੱਤਾ ਤਾਂ ਕੁਬੜਾਪਨ ਦੂਰ ਹੋ ਗਿਆ। (ਮਹਾਨ ਕੋਸ਼)

Sri Satguru Jagjit Singh Ji eLibrary NamdhariElibrary@gmail.com

**ਅਰਥ :**

੧. ਬ੍ਰਾਹਮਣ (ਸੁਦਾਮੇ) ਦੇ ਹੱਥੋਂ ਚਾਵਲਾਂ ਦੀ ਮੁੱਠੀ ਫੜ ਕੇ ਤੁਸੀਂ ਉਸ ਦੀ ਗਰੀਬੀ ਦਾ ਦੁੱਖ ਦੂਰ ਕਰ ਕੇ ਨਵਿਰਤ ਕਰ ਦਿੱਤਾ।

੨. ਹਾਥੀ ਨੇ (ਕੰਵਲ) ਫੁੱਲ ਦਿੱਤਾ ਉਸ ਦੇ (ਜਕੜ) ਕੱਟ ਦਿੱਤੇ। (ਤੰਦੂਏ ਦੀਆਂ ਤਾਰਾਂ), ਭੀਲਾਂ ਦੀ ਲੜਕੀ ਭੀਲਨੀ ਦੇ (ਬੇਰਾਂ ਦੇ) ਫਲ ਖਾ ਕੇ ਉਸ ਨੂੰ ਤਾਰ ਦਿੱਤਾ।

੩. ਕੁਬਿਜਾਂ ਤੋਂ ਫੁੱਲਾਂ ਦੀ ਮਾਲਾ ਲਈ ਤੇ ਉਸ ਕੁੱਬੀ ਦੀ ਕਮਰ ਐ ਮਾਲਕ ! ਤੁਸਾਂ ਸਵਾਰ ਦਿੱਤੀ। ਭਾਵ ਸਿੱਧੀ ਕਰ ਦਿੱਤੀ।

੪. ਹੇ ਭਗਵਾਨ ਜੀ! ਤੁਸੀਂ ਬਿਨਾਂ ਮੁੱਲ ਤੋਂ ਕਿਸੇ ਦਾ ਕੰਮ ਨਹੀਂ ਕਰਦੇ, ਦੁਨੀਆਂ ਵਾਲੀ ਰੀਤ (ਚਾਲ) ਦਿਲ ਵਿਚ ਧਾਰ ਲਈ ਹੈ। ੮੭। ਏਸੇ ਲਈ ਧੰਨਾ ਭਗਤ ਜੀ ਕਹਿੰਦੇ ਹਨ :

ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ।। (ਪੰਨਾ ੬੯੫)

### ਸ੍ਵੈਯਾ।।

**੧. ਜਗ ਆਹਿ ਅਨਾਦਿ ਸਮੇ ਕੁ ਸੁਨੋ, ਹਮ ਦੂਖ ਸਹੇ ਤਿਹ ਮਾਹਿ ਕਰਾਰੇ।**
**੨. ਵਹਿ ਕੇਤਕ ਥੇ ਨਹਿ ਜਾਨ ਪਰੇ, ਅਬ ਔਰਨ ਕੋ ਡਰ ਨਾਹਿ ਹਮਾਰੇ।**
**੩. ਜਗ ਦੂਖ ਹਰੇ ਹਰਿ ਨਾਮ ਬਲੀ, ਯਹ ਭਾਂਤਿ ਮਹਾਤਮ ਬੇਦ ਉਚਾਰੇ।**
**੪. ਜਗ ਕੇ ਸਭ ਦੂਖਨ ਮੋਹਿ ਹਰੋ, ਮੁਹਿ ਹਾਨਿ ਨਹੀਂ ਹਰਿ ਲਾਜ ਤੁਮਾਰੇ।। ੮੮।।**

**ਪਦ ਅਰਥ :**

ਜਗ=ਜਗਤ, ਸੰਸਾਰ। ਆਹਿ=ਹੈ। ਅਨਾਦਿ=ਅਨਾਦੀ ਕਾਲ, ਅਨਾਦੀ ਸਮੇਂ। ਕੁ=ਦਾ। ਹਮ=ਸਮੂਹ। ਤਿ=ਉਸ (ਸੰਸਾਰ)। ਮਾਹਿ=ਵਿਚ। ਕਰਾਰੇ=ਤਕੜੇ, ਵੱਡੇ-ਵੱਡੇ। ਵਹਿ=ਉਹ। ਕੇਤਕ=ਕਿੰਨੇ ਕੁ। ਥੇ=ਸੀ। ਨਹਿ ਜਾਨ ਪਰੇ=ਨਹੀਂ ਜਾਣੇ ਜਾਂਦੇ। ਅਬ=ਹੁਣ। ਔਰਨ=ਹੋਰਾਂ। ਹਮਾਰੇ=ਸਾਡੇ (ਦਿਲ) ਵਿਚ। ਹਰੇ=ਦੂਰ ਕੀਤੇ। ਯਹ=ਇਸ। ਭਾਂਤਿ=ਤਰ੍ਹਾਂ। ਯਹ=ਇਵੇਂ। ਮਹਾਤਮ=ਫਲ। ਉਚਾਰੇ=ਕਹਿੰਦੇ। ਮੋਹ=ਮਮਤਾ ਆਦਿ ਪੰਜੇ ਵਿਕਾਰ। ਹਰੋ=ਨਾਸ। ਮੁਹਿ=ਮੇਰੀ। ਹਾਨਿ=ਹਾਨੀ, ਬੇ-ਇਜ਼ਤੀ। ਲਾਜ=ਸ਼ਰਮ, ਇੱਜ਼ਤ। ਤੁਮਾਰੇ=ਆਪ ਨੂੰ, ਤੁਹਾਨੂੰ।

**ਅਰਥ :**

੧. ਜਗਤ ਬੜੇ ਪੁਰਾਣੇ ਸਮੇਂ ਦਾ ਸੁਣੀਦਾ ਹੈ, ਹੇ ਮੇਰੇ ਮਾਲਕ ! ਇਸ ਸੰਸਾਰ ਵਿਚ ਅਸੀਂ ਬੜੇ ਦੁੱਖ ਸਹਾਰੇ ਹਨ।

੨. ਉਹ ਦੁੱਖ ਕਿੰਨੇ ਕੁ ਸਨ ਕੁਝ ਵੀ ਜਾਣਿਆ ਨਹੀਂ ਜਾਂਦਾ ਹੁਣ ਹੋਰ ਦੁੱਖਾਂ ਦਾ ਡਰ ਸਾਡੇ ਦਿਲ ਵਿਚ ਨਹੀਂ ਹੈ (ਕਿਉਂਕਿ ਵੱਡੇ-ਵੱਡੇ ਦੁੱਖ ਤਾਂ ਬਰਦਾਸ਼ਤ ਕਰ ਲਏ ਹਨ ਹੁਣ ਛੋਟੇ ਦੁੱਖਾਂ ਦਾ ਕੀ ਡਰ ਹੈ)।

੩. ਜਗਤ ਵਿਚ ਹਰੀ ਨਾਮ ਹੀ ਬਲਵਾਨ ਹੈ, ਇਸ ਤਰ੍ਹਾਂ ਦਾ ਫਲ ਵੇਦ ਕਹਿੰਦੇ ਹਨ।

੪. ਸੰਸਾਰ ਦੇ ਮੇਰੇ ਸਾਰੇ ਦੁੱਖਾਂ ਨੂੰ ਦੂਰ ਕਰ ਦਿਓ। ਹੇ ਮੇਰੇ ਵਾਹਿਗੁਰੂ! ਇਹ ਤੁਹਾਡੇ ਨਾਮ ਨੂੰ ਲਾਜ ਹੈ ਮੇਰੀ ਇਸ ਵਿਚ ਕੋਈ ਹਾਨੀ ਨਹੀਂ। ਲੋਕ ਮੈਨੂੰ ਤੇਰਾ ਸਿੱਖ, ਭਗਤ ਕਹਿੰਦੇ ਹਨ, ਇਸ ਕਰਕੇ ਭਾਵੇਂ ਚੰਗਾ ਵੀ ਤੁਹਾਡਾ ਹਾਂ ਤੇ ਮਾੜਾ ਵੀ ਤੁਹਾਡਾ ਹੀ ਕਹਿਣਾ ਹੈ, ਇਸ ਵਿਚ ਮੈਨੂੰ ਕੋਈ ਘਾਟਾ ਨਹੀਂ। ੮੮।

---

*੧. ਹਰੀ ਹਰਿ ਛੇਤ੍ਰ: ਇਹ ਉਹ ਅਸਥਾਨ ਦੱਸਿਆ ਜਾਂਦਾ ਹੈ ਜਿਥੇ ਤੰਦੂਏ ਦੇ ਗ੍ਰਸੇ ਹੋਏ ਹਾਥੀ ਨੂੰ ਭਗਵਾਨ ਨੇ ਛੁਡਾਇਆ ਸੀ, ਇਹ ਪਟਨੇ ਤੋਂ ਤਿੰਨ ਕੋਹ ਪਰੇ ਗੰਗਾ ਪੁਰ ਹੈ। ਇਥੇ ਕੱਤਕ ਦੀ ਪੂਰਨਮਾਸ਼ੀ ਨੂੰ ਵੱਡਾ ਭਾਰੀ ਮੇਲਾ ਲੱਗਦਾ ਹੈ ਅਤੇ ਬਹੁਤ ਹਾਥੀ ਵਿਕਣ ਨੂੰ ਆਉਂਦੇ ਹਨ। (ਮਹਾਨ ਕੋਸ਼ ਪੰਨਾ ੨੬੫)*

*ਇਕ ਗੰਧਰਵ, ਜੋ ਦੇਵਲ ਰਿਖੀ ਦੇ ਸਰਾਪ ਨਾਲ ਹਾਥੀ ਬਣ ਗਿਆ। ਇਸ ਨੂੰ ਵਰੁਣ ਦੇ ਤਲਾਉ ਵਿਚ ਤੰਦੂਏ ਨੇ ਗ੍ਰਸ ਲੀਤਾ ਜਦ ਨਿਰਬਲ ਹੋ ਕੇ ਡੁੱਬਣ ਲੱਗਾ ਤਦ ਕਰਤਾਰ ਅੱਗੇ ਅਰਦਾਸ ਕੀਤੀ ਜਿਸ ਪੁਰ ਗਜ ਦੇ ਬੰਧਨ ਕੱਟੇ ਗਏ।*

*ਦੇਖੋ ਭਾਗਤਵ ੮ਅਧਿ.੨.੧ (ਮਹਾਨ ਕੋਸ਼ ੩੯੧)*

ਮਦਰਾ ਛੰਦ।[੨]

**੧. ਜਾਤਿ ਬਿਹੀਨ ਸੁ ਭੀਲ ਤਰੀ ਅਰੁ ਸੀਲ ਬਿਹੀਨ ਤਰੀ ਗਨਕਾ[੧]।**
**੨. ਰੂਪ ਬਿਹੀਨ ਤਰੀ ਕੁਬਜਾਂ ਹਰਿਣਾਛਲ ਰੂਪ ਤਰੇ ਬਨ ਕਾ।**
**੩. ਪਾਪਿ ਅਜਾਮਲ[੩] ਪਾਰ ਪਰੇ ਰਘੁਨਾਯਕ ਬੈਨ ਸੁਨੋ ਜਨ ਕਾ।**
**੪. ਵੈ ਗੁਣ ਨੇਮ ਤਜੇ ਹਮ ਨਾਥ ਕਿ ਆਪ ਤਜਾਗ ਕਰਜੋ ਪ੍ਰਨ ਕਾ।। ੮੯।।**

**ਪਦ ਅਰਥ :**

ਜਾਤਿ ਬਿਹੀਨ=ਉੱਚੀ ਜਾਤੀ ਤੋਂ ਬਿਨਾਂ, ਨੀਵੀਂ ਜਾਤਿ ਦੀ। ਤਰੀ=ਤਰ ਗਈ, ਉਧਰ ਗਈ। ਸੀਲ=ਸਤ ਪਤਿਵ੍ਰਤ ਧਰਮ। ਬਿਹੀਨ=ਬਿਨਾਂ। ਗਨਕਾ=ਵੇਸ਼ਿਆ, ਵਿਭਚਾਰਨ, ਬਦਚਲਨ ਇਸਤ੍ਰੀ। ਰੂਪ ਬਿਹੀਨ=ਸੁੰਦਰਤਾ ਬਿਨਾਂ। ਹਰਿਣਾਛਲ=ਛਲ ਰੂਪ ਹਿਰਨ ਜੋ ਰਾਵਣ ਦਾ ਭੇਜਿਆ ਹੋਇਆ ਆਇਆ ਸੀ। ਇਹ ਤਾਰਕਾ ਰਾਖਸ਼ਣੀ ਦਾ ਪੁੱਤਰ ਸੀ, ਜੋ ਰਾਵਣ ਦਾ ਫੌਜੀ ਸਰਦਾਰ ਸੀ, ਇਹ ਸੀਤਾ ਦੇ ਚੁਰਾਉਣ ਸਮੇਂ ਸੋਨੇ ਦਾ ਹਿਰਨ ਬਣਿਆ ਸੀ। (ਮਹਾਨ ਕੋਸ਼) ਪਾਪਿ=ਪਾਪੀ। ਰਘੁ=ਰਾਘਵ ਕੁਲ। ਨਾਯਕ=ਮਾਲਕ, ਸਿਰਮੌਰ। ਬੈਨ=ਬਚਨ, ਬੇਨਤੀ। ਵੈ=ਉਹ। ਪ੍ਰਨ=ਨਿਯਮ ਪ੍ਰਤੱਗਜਾ। ਤਜਾਗ=ਛੱਡ ਦਿੱਤੀ। ਕਰਜੋ=ਕੀਤਾ। ਅਜਾਮਲ=ਕਨੌਜ ਦੇਸ਼ ਦਾ ਇਕ ਦੁਰਾਚਾਰੀ ਬ੍ਰਾਹਮਣ। ਕਿ=ਜਾਂ, ਅਥਵਾ।

**ਅਰਥ :**

੧. ਉੱਚੀ ਜਾਤੀ ਤੋਂ ਬਿਨਾਂ (ਭੀਲਾਂ ਦੀ ਲੜਕੀ) ਭੀਲਨੀ ਤਰ ਗਈ ਅਤੇ ਪਤਿਵ੍ਰਤ ਧਰਮ ਤੋਂ ਰਹਿਤ ਗਨਕਾ (ਵੇਸ਼ਜਾ) ਤਰ ਗਈ (ਮਨ ਦੇ ਪਿਛਾਂਹ ਮੁੜਨ ਕਰਕੇ)।

੨. ਸੁੰਦਰਤਾ ਤੋਂ ਰਹਿਤ ਕੁੱਬੀ ਤਰ ਗਈ, ਛਲ ਵਾਲਾ ਹਿਰਨ ਦਾ ਰੂਪ ਬਣਾ ਕੇ ਜੰਗਲ ਵਿਚ ਫਿਰਨ ਵਾਲਾ (ਤਾਰਕਾ ਰਾਖਸ਼ਣੀ ਦਾ ਪੁੱਤਰ) ਵੀ ਤਰ ਗਿਆ।

੩. ਪਾਪਾਤਮਾ ਅਜਾਮਲ (ਵਰਗੇ ਅਖੀਰ ਤੇ ਨਾਂ ਜਪ ਕੇ ਸੰਸਾਰ-ਸਮੁੰਦਰ ਤੋਂ) ਪਾਰ ਹੋ ਗਏ, ਹੇ ਰਘੂ ਕੁਲ ਦੇ ਮਾਲਕ! (ਸ੍ਰੀ ਰਾਮ ਚੰਦਰ ਜੀ ! ਗਰੀਬ) ਸੇਵਕ ਦਾ ਬਚਨ ਸੁਣੋ।

੪. ਉਹ (ਸੰਸਾਰ ਤੋਂ ਪਾਰ ਹੋ ਜਾਣ ਵਾਲੇ ਚੰਗੇ) ਗੁਣ ਸਾਡੇ ਵਿਚ ਨਹੀਂ ਹਨ ਤੇ (ਧਾਰਮਿਕ) ਨਿਯਮ ਅਸਾਂ ਛੱਡ ਦਿੱਤੇ ਹਨ, ਜਾਂ ਹੇ ਮੇਰੇ ਮਾਲਕ! ਤੁਸਾਂ ਪਤਿਤ ਪਾਵਨ ਬਿਰਦ, ਗਰੀਬ ਨਿਵਾਜ਼ ਪ੍ਰਣ ਛੱਡ ਦਿੱਤਾ ਹੈ? (ਕੁਝ ਸਮਝ ਵਿਚ ਨਹੀਂ ਆਉਂਦਾ)। ੮੯।

---

*੧. ਗਨਿਕਾ ਵੇਸ਼ਜਾ, ਕੰਜਰੀ। ਗੁਰਬਾਣੀ ਵਿਚ ਦੋ ਗਨਿਕਾ ਦਾ ਪ੍ਰਸੰਗ ਆਉਂਦਾ ਹੈ। ਇਕ ਪਿੰਗਲਾ, ਜੋ ਰਾਜਾ ਜਨਕ ਦੀ ਪੁਰੀ ਵਿਚ ਰਹਿੰਦੀ ਸੀ, ਇਕ ਰਾਤ ਨੂੰ ਕੋਈ ਪੁਰਸ਼ ਨਾ ਮਿਲਿਆ। ਅੱਧੀ ਰਾਤ ਬੀਤਣ ਪੁਰ ਮਨ ਨੂੰ ਪਛਤਾਵਾ ਹੋਇਆ ਅਤੇ ਖਿਆਲ ਉਪਜਿਆ ਕਿ ਜੇ ਇਤਨਾ ਧਿਆਨ ਅਤੇ ਪਿਆਰ ਕਰਤਾਰ ਵੱਲ ਜੋੜਦੀ, ਤਦ ਉੱਤਮ ਫਲ ਹੁੰਦਾ। ਉਸ ਵੇਲੇ ਕੁਕਰਮ ਛੱਡ ਕੇ ਕਰਤਾਰ ਪਰਾਇਣ ਹੋਈ ਅਤੇ ਪਵਿਤ੍ਰ ਜੀਵਨ ਬਿਤਾਇਆ। ਇਸੇ ਗਨਿਕਾ ਨੂੰ ਦੱਤਾ ਤ੍ਰੇਯ ਜੀ ਨੇ ਗੁਰੂ ਕਲਪਿਆ ਸੀ।*

*"ਅਜਾਮਲੁ ਪਿੰਗੁਲਾ ਲੁਭਤ ਕੁੰਚਰੁ ਗਏ ਹਰਿ ਕੇ ਪਾਸਿ" (ਕੇਦਾਰਾ ਰਵਿਦਾਸ, ਪੰਨਾ ੧੧੨੮)*

*ਦੂਜੀ ਗਨਿਕਾ ਉਹ ਸੀ ਜਿਸ ਨੂੰ ਕਿਸੇ ਸਾਧੂ ਨੇ ਤੋਤਾ ਦੇ ਕੇ ਹਰਿਨਾਮ ਸਿਖਾਉਣ ਦਾ ਉਪਦੇਸ਼ ਦਿੱਤਾ ਅਤੇ ਉਹ ਨਾਮ ਅਭਜਾਸ ਵਿਚ ਲੱਗ ਕੇ ਪਵਿਤ੍ਰਾਤਮਾ ਹੋ ਗਈ।*

*"ਗਨਿਕਾ ਉਧਰੀ ਹਰਿ ਕਹੈ ਤੋਤ।।" (ਬਸੰਤੁ ਮਹਲਾ ੫, ਪੰਨਾ ੧੧੯੬)*
*ਜਿਹ ਸਿਮਰਤ ਗਨਕਾ ਸੀ ਉਧਰੀ...।। (ਸੋਰਠਿ ਮਹਲਾ ੯, ਪੰਨਾ ੬੩੪)*

*੨. ਸਵੈਯਾ ਦਾ ਨੌਵਾਂ ਰੂਪ ਹੈ "ਮਦਿਰਾ"।*

*ਲੱਛਣ-ਚਾਰ ਚਰਣ। ਪ੍ਰਤਿ ਚਰਣ ਸੱਤ ਤਗਣ ਅੰਤ ਇਕ ਗੁਰ।*
*ਉਦਾਹਰਣ-ਸੰਤਤ ਹੀ ਸਤਸੰਗਤਿ ਸੰਗ, ਸੁ ਰੰਗ ਰਤੇ ਜਸੁ ਗਾਵਤ ਹੈ।।*

*੩. ਕਨੌਜ ਦੇਸ਼ ਦਾ ਇਕ ਦੁਰਾਚਾਰੀ ਬ੍ਰਾਹਮਣ, ਜਿਸ ਨੇ ਇਕ ਵੇਸ਼ਜਾ ਨਾਲ ਵਿਆਹ ਕੀਤਾ ਸੀ। ਜਿਸ ਦੇ ਉਦਰ ਤੋਂ ਦਸ ਪੁੱਤਰ ਪੈਦਾ ਹੋਏ। ਭਗਤ ਮਾਲ ਅਤੇ ਭਾਗਵਤ ਵਿਚ ਕਥਾ ਹੈ ਕਿ ਛੋਟੇ ਪੁੱਤਰ ਦਾ ਨਾਉਂ ਨਾਰਾਯਣ ਹੋਣ ਕਰਕੇ ਅਜਾਮਿਲ ਮੁਕਤਿ ਦਾ ਅਧਿਕਾਰੀ ਬਣਿਆ। (ਮਹਾਨ ਕੋਸ਼)*

*"ਬਿਆਧਿ ਅਜਾਮਲ ਤਾਰੀਅਲੇ।।" (ਗਉੜੀ ਨਾਮਦੇਵ ਜੀ)*

Sri Satguru Jagjit Singh Ji eLibrary NamdhariElibrary@gmail.com

### ਸ੍ਵੈਯਾ।।

**੧. ਗੁਣ ਥੋੜਹਿ ਤੇ ਪ੍ਰਭ ਰੀਝ ਰਹੋ, ਵਹਿ ਭੂਲ ਗਈ ਅਬ ਬਾਨ ਤੁਮਾਰੀ।**
**੨. ਫਲ ਫੂਲਨ ਤੇ ਬਨ ਭੀਲਸੁਤਾ, ਮਥੁਰਾ ਪੁਰ ਮੈਂ ਹਰਿ ਕੂਬਰਿ ਤਾਰੀ।**
**੩. ਗਨਕਾ ਗਜਰਾਜ ਉਧਾਰ ਕਰੇ, ਤਬ ਦਜਾਲੁ ਹੁਤੇ ਸੁ ਮੁਕੰਦ ਮੁਰਾਰੀ।**
**੪. ਅਬ ਕੈ ਕਰੁਣਾ ਹਰਿ ਪੀਠ ਦਈ, ਅਰੁ ਕੈ ਫਰਯੋ ਕਰਿ ਕਾਗਦ ਕਾਰੀ।। ੯੦।।**

**ਪਦ ਅਰਥ :**

ਤੇ=ਉੱਤੇ। ਰੀਝ=ਖੁਸ਼, ਪ੍ਰਸੰਨ। ਰਹੋ=ਰਹਿੰਦੇ, ਹੁੰਦੇ। ਵਹਿ=ਉਹ। ਅਬ=ਹੁਣ। ਬਾਨ=ਆਦਤ, ਸੁਭਾਅ। ਭੀਲ ਸੁਤਾ=ਜਾਂਗਲੀ ਭੀਲਾਂ ਦੀ ਕੁੜੀ। ਬਨ=ਜੰਗਲ। ਮੈਂ=ਵਿਚ। ਤੇ ਕਰਕੇ, ਨਾਲ। ਹਰਿ=ਕ੍ਰਿਸ਼ਨ। ਕੂਬਰਿ=ਕੁਬਜਾਂ, ਕੁੱਬੀ। ਗਜਰਾਜ=ਵੱਡਾ ਹਾਥੀ+ਐਰਾਪਤਿ ਹਾਥੀ। ਉਬਾਰ=ਨਿਸਤਾਰਾ, ਮੁਕਤ। ਕਰੇ=ਕੀਤੇ। ਤਬ=ਤਦੋਂ, ਉਦੋਂ। ਹੁਤੇ=ਹੁੰਦੇ ਸੀ। ਮੁਕੰਦ=ਮੁਕਤੀ ਦਾਤਾ। ਕੈ=ਜਾਂ। ਅਬ=ਹੁਣ। ਅਰੁ=ਅਤੇ। ਕੈ=ਜਾਂ। ਫਰਯੋ=ਫੜਿਆ। ਕਾਗਦ=ਕਾਗਜ਼, ਚਿੱਠਾ ਕਰਮਾਂ ਦਾ। ਕਾਰੀ=ਕਾਲੇ।

**ਅਰਥ :**

੧. (ਪਹਿਲਾਂ ਤੁਸੀਂ ਥੋੜ੍ਹੇ ਕੁ ਚੰਗੇ ਗੁਣਾਂ 'ਤੇ ਖੁਸ਼ ਹੋ ਜਾਂਦੇ ਸੀ ਕੀ ਉਹ ਤੁਹਾਡੀ ਆਦਤ ਭੁੱਲ ਗਈ ਹੈ, ਭਾਵ ਬਦਲ ਗਈ ਹੈ?

੨. ਫਲਾਂ ਫੁੱਲਾਂ 'ਤੇ (ਖੁਸ਼ ਹੋ ਕੇ) ਭੀਲਾਂ ਦੀ ਲੜਕੀ (ਭੀਲਨੀ ਤਾਰ ਦਿੱਤੀ), ਮਥਰਾਪੁਰੀ ਵਿਚ ਹੇ ਹਰੀ! ਤੁਸਾਂ ਕੁੱਬੀ ਦਾ ਕੁੱਬ ਦੂਰ ਕਰ ਕਰਕੇ ਉਸ ਨੂੰ ਮੁਕਤ ਵੀ ਕਰ ਦਿੱਤਾ।

੩. (ਜਦੋਂ) ਗਨਿਕਾ (ਵੇਸਵਾ) ਤੇ ਹਾਥੀ ਦਾ ਪਾਰ ਉਤਾਰਾ ਕੀਤਾ, ਉਦੋਂ ਤੁਸੀਂ ਮੁਕਤੀ ਦਾਤੇ ਮੁਰਾਰੀ ਦਇਆਲੂ ਕਿਰਪਾਲੂ ਸੀ?

੪. ਜਾਂ ਹੁਣ ਤੁਸੀਂ ਹੇ ਹਰੀ! ਦਇਆ ਨੂੰ ਪਿੱਠ ਦੇ ਦਿੱਤੀ ਹੈ ਅਤੇ ਜਾਂ ਹੁਣ ਤੁਸਾਂ ਸਾਡੇ ਕਾਲੇ ਕੰਮਾਂ ਦਾ ਚਿੱਠਾ ਫੜ ਲਿਆ ਹਿਸਾਬੀ-ਕਿਤਾਬੀ ਬਣ ਗਏ ਹੋ?। ੯੦।

### ਦੋਹਰਾ।।

**੧. ਕਾਗਦ ਲੇਖਾ ਜੌਂ ਕਰੋ, ਕਹਾਂ ਪੁਜਾਵੌਂ ਨਾਥ।**
**੨. ਔਗੁਨ ਮੇਰੇ ਬਖਸ਼ੀਏ, ਮਾਥੇ ਧਰੀਏ ਹਾਥ ।। ੯੧।।**

**ਪਦ ਅਰਥ :**

ਕਾਗਦ=ਕਾਗਜ਼ ਲੈ ਕੇ, ਚਿੱਠਾ ਲੈ ਕੇ। ਲੇਖਾ=ਹਿਸਾਬ, ਗਿਣਤੀ-ਮਿਣਤੀ। ਜੌਂ=ਜੇ। ਕਰੋ=ਕਰੋਗੇ। ਕਹਾਂ=ਕਿਥੇ, ਕਿਵੇਂ। ਪੁਜਾਵੌਂ=ਪੁੱਜਾਂਗਾ, ਪੂਰਾ ਉਤਰਾਂਗਾ। ਨਾਥ=ਮਾਲਕ। ਔਗੁਨ=ਗੁਨਾਹ, ਭੁੱਲਾਂ। ਮਾਥੇ=ਮੱਥੇ ਤੇ। ਧਰੀਏ=ਧਰੋ। ਬਖਸ਼ੀਏ=ਬਖਸ਼ ਦਿਓ, ਮੁਆਫ ਕਰ ਦਿਓ।

**ਅਰਥ :**

੧. ਐ ਮੇਰੇ ਮਾਲਕ! ਕਾਗਜ਼ ਲੈ ਕੇ ਜੇ ਕਰ (ਮੇਰੇ ਕਰਮਾਂ ਦਾ) ਲੇਖਾ-ਜੋਖਾ (ਹਿਸਾਬ) ਕਰੋਗੇ ਤਾਂ ਮੈਂ ਕਿਵੇਂ ਬਰਾਬਰ ਪੁੱਜ ਸਕਦਾ ਹਾਂ। ੨. ਮੇਰੇ ਗੁਨਾਹ ਮੁਆਫ ਕਰ ਕੇ ਮੇਰੇ ਮੱਥੇ 'ਤੇ (ਕਿਰਪਾ-ਦਯਾ ਦਾ) ਹੱਥ ਰੱਖੋ। ੯੧।

ਇਸ ਸਵੱਯੇ ਵਿਚ ਕਵੀ ਗੁਲਾਬ ਸਿੰਘ ਜੀ ਭਗਵਾਨ ਦੇ ਸਰਗੁਣ ਸਰੂਪ ਦਾ ਬਿਆਨ ਕਰਦੇ ਹਨ:

### ਸ੍ਵੈਯਾ।।

**੧. ਅਭਿਬੰਦਨ ਤੇ ਹਰਿ ਪਾਦਨ ਕੋ, ਜਗ ਮਾਹਿ ਪਿਖੇ ਸੁ ਉਦਾਰ ਉਦਾਰੀ।**
**੨. ਸਸਿ ਮੰਡਲ ਮੈਂ ਬਹੁ ਕ੍ਰਾਂਤਿ ਹੁਤੀ, ਪਿਖ ਆਨਨ ਤੇ ਸੁ ਲਗੇ ਅਬ ਖਾਰੀ।**

**੩. ਦ੍ਰਿਗ ਕੰਜਨ ਤੇ ਸੁ ਉਦਾਰ ਖਿਰੇ, ਲਟਕੀ ਅਲਕੈਂ ਸ੍ਰਤਿ ਊਪਰਿ ਕਾਰੀ।**
**੪. ਸੁਭ ਕੁੰਡਲ ਛਾਇ ਕਪੋਲ ਰਹੇ, ਕਰ ਮਾਂਹਿ ਕਟੇ ਉਰਿ ਹਾਰ ਅਪਾਰੀ।। ੯੨।।**

**ਪਦ ਅਰਥ :**

ਅਭਿਬੰਦਨ=ਸਾਹਮਣੇ ਹੋ ਕੇ ਟੇਕਿਆ ਮੱਥਾ, ਦਿਲੋਂ ਹੋ ਕੇ ਮੱਥਾ ਟੇਕਣਾ। ਤੇ=ਤੇਰੇ। ਪਾਦਨ=ਪੈਰ, ਚਰਨ। ਕੋ=ਨੂੰ। ਉਦਾਰ=ਦਾਨੀ, ਸ੍ਰੇਸ਼ਟ, ਉਤਮ। ਉਦਾਰ ਉਦਾਰੀ=ਉੱਤਮ ਤੋਂ ਉੱਤਮ, ਸੋਹਣੇ ਤੋਂ ਸੋਹਣੇ। ਸਸਿ ਮੰਡਲ=ਗੋਲ ਚੰਦਰਮਾ। ਮੈਂ=ਵਿਚ। ਕ੍ਰਾਂਤਿ=ਸੋਭਾ। ਹੁਤੀ=ਹੁੰਦੀ। ਪਿਖ=ਦੇਖ ਕੇ। ਆਨਨ=ਮੁੱਖ। ਤੇ=ਕਰਕੇ। ਅਬ=ਹੁਣ। ਖਾਰੀ=ਭੈੜੇ, ਬਦਸ਼ਕਲ। ਦ੍ਰਿਗ=ਨੇਤਰ, ਅੱਖਾਂ। ਕੰਜਨ=ਕੰਵਲ ਫੁੱਲ। ਉਦਾਰ=ਬਹੁਤ। ਖਿਰੇ=ਖਿੜੇ। ਲਟਕੀ=ਲਟਕੀਆਂ ਹੋਈਆਂ। ਅਲਕੈਂ=ਜ਼ੁਲਫਾਂ, ਘੁੰਘਰਾਲੇ ਵਾਲ। ਸ੍ਰਤਿ=ਕੰਨ। ਊਪਰਿ=ਉੱਤੇ। ਕਾਰੀ=ਕਾਲੇ। ਸੁਭ=ਸੋਹਣੇ। ਕੁੰਡਲ=ਵਾਲੇ, ਕੰਨਾਂ ਵਿਚ ਪਾਉਣ ਵਾਲਾ ਗੋਲਾਕਾਰ ਗਹਿਣਾ, ਵਾਲਾ। ਛਾਇ=ਫੈਲ ਕੇ, ਢਕ ਕੇ। ਕਪੋਲ=ਗੱਲ੍ਹਾਂ। ਕਰ=ਹੱਥ। ਕਟੇ=ਕੜੇ। ਉਰਿ=ਗਲ ਵਿਚ। ਅਪਾਰੀ=ਵੱਡਾ ਸਾਰਾ।

**ਅਰਥ :**

੧. ਹੇ ਮੇਰੇ ਵਾਹਿਗੁਰੂ! ਮੈਂ ਤੁਹਾਡੇ ਚਰਨ-ਕੰਵਲ ਹੀ ਸਭ ਤੋਂ ਚੰਗੇ ਜਾਣੇ ਹਨ (ਸ੍ਰੇਸ਼ਟ ਤੋਂ ਸ੍ਰੇਸ਼ਟ,) ਇਸ ਕਰਕੇ ਮੈਂ ਤੁਹਾਡੇ ਚਰਨਾਂ 'ਤੇ ਦਿਲੋਂ ਮੱਥਾ ਟੇਕਦਾ ਹਾਂ।

੨. ਗੋਲ ਚੰਦਰਮਾ ਵਿਚ ਬੜੀ ਸੋਭਾ ਪ੍ਰਤੀਤ ਹੁੰਦੀ ਸੀ, ਲੇਕਿਨ ਤੇਰਾ ਮੁਖੜਾ ਦੇਖਣ ਤੋਂ ਬਾਅਦ ਹੁਣ ਉਹ ਵੀ ਫਿੱਕੀ ਲੱਗਦੀ ਹੈ।

੩. ਤੇਰੇ ਨੇਤ੍ਰ ਕੰਵਲ-ਫੁੱਲ ਵਾਂਗ ਬੜੇ ਖਿੜੇ (ਹੋਏ) ਹਨ, ਤੁਹਾਡੇ ਮੁੱਖ ਦੀਆਂ ਗੱਲ੍ਹਾਂ 'ਤੇ ਕਾਲੀਆਂ-ਕਾਲੀਆਂ ਜ਼ੁਲਫਾਂ ਲਟਕ ਰਹੀਆਂ ਹਨ।

੪. ਬਹੁਤ ਸੋਹਣੇ ਵਾਲੇ ਪਾਏ ਗਲ੍ਹਾਂ 'ਤੇ ਛਾਂ ਕਰ ਰਹੇ ਹਨ ਤੇ ਹੱਥਾਂ ਵਿਚ ਕੜੇ ਪਾਏ ਹੋਏ ਹਨ ਗਲੇ ਵਿਚ ਸੋਹਣਾ ਹਾਰ ਪਾਇਆ ਹੋਇਆ ਹੈ। ੯੨।

**ਦੋਹਰਾ।।**

**੧. ਖਿਮਾ ਉਲਾਹਨੇ ਕੋ ਕਰੋ, ਤੁਮ ਨਿਰਪੇਖ ਉਦਾਰ।**
**੨. ਪ੍ਰੇਮ ਪੇਖਿ ਹਰਿ ਰੀਝ ਹੋ, ਭਵਨਿਧਿ ਭਗਤ ਉਧਾਰ ।। ੯੩।।**

**ਪਦ ਅਰਥ :**

ਖਿਮਾ=ਮੁਆਫ, ਸਜ਼ਾ ਦੇਣ ਦੀ ਤਾਕਤ ਹੁੰਦਿਆਂ ਸਜ਼ਾ ਨਾ ਦੇਣੀ। ਉਲਾਹਨੇ=ਉਲਾਂਭੇ। ਕੋ=ਨੂੰ। ਨਿਰਪੇਖ=ਅਪੇਕਸ਼ਾ ਬਿਨਾਂ ਇੱਛਾ ਤੋਂ ਰਹਿਤ ਅਲੋਗ, ਅਸੰਗ, ਲਗਾਓ ਬਿਨਾਂ। ਉਦਾਰ=ਬਹੁਤੇ, ਸਖੀ, ਦਾਨੀ। ਪ੍ਰੇਮ=ਮੈਂ ਤੋਂ ਪਰੇ ਹੋਣਾ, ਆਪਾ ਤਿਆਗ ਕੇ ਸਿਮਰਨ ਕਰਨਾ। ਰੀਝ ਹੋ=ਖੁਸ਼ ਹੁੰਦੇ ਹੋ। ਪੇਖਿ=ਦੇਖ ਕੇ। ਭਵਨਿਧਿ=ਸੰਸਾਰ-ਸਮੁੰਦਰ। ਉਧਾਰ=ਪਾਰ ਉਤਾਰਾ।

**ਅਰਥ :**

੧. ਹੇ ਮੇਰੇ ਪਰਮੇਸ਼ਰ! ਮੇਰੇ ਉਲਾਭਿਆਂ (ਰੂਪ ਸ਼ਬਦਾਂ ਨੂੰ, ਤਾਨੇ ਮੇਹਣੇ ਜੋ ਪਹਿਲਾਂ ਦੇ ਚੁੱਕਾ ਹਾਂ) ਨੂੰ ਮੁਆਫ ਕਰ ਦਿਓ, ਤੁਸੀਂ ਤਾਂ ਨਿਰਲੇਪ ਹੋ, ਅਸੰਗ ਹੋ (ਤੁਹਾਨੂੰ ਕਾਹਦਾ ਗੁੱਸਾ)?

੨. (ਭਗਤਾਂ ਦਾ ਦਿਲ) ਪ੍ਰੇਮ ਦੇਖ ਕੇ ਹੀ ਖੁਸ਼ ਹੋ ਜਾਂਦੇ ਹੋ ਤੇ ਉਹਨਾਂ ਨੂੰ ਸੰਸਾਰ-ਸਮੁੰਦਰ ਤੋਂ ਪਾਰ ਕਰ ਦੇਂਦੇ ਹੋ। ੯੩।

**ਸ੍ਵੈਯਾ।।**

**੧. ਨਭ ਮੈਂ ਸੁਰ ਲੋਕ ਰਚੇ ਹਰਿ ਜੀ, ਅਰੁ ਭੂਮਿ ਬਿਖੈ ਨਿਧਿ ਖੀਰ ਬਨਾਏ।**
**੨. ਮਣਿ ਹੀਰਨ ਕੇ ਗਿਰ ਕੋਟ ਰਚੇ, ਫਲ ਫੂਲਨ ਕੋ ਬਨ ਕੋਟ ਉਪਾਏ।**
**੩. ਸਭ ਲੋਗਨ ਕੋ ਪ੍ਰਭ ਪੋਖਤ ਹੋ, ਸਭ ਭੂਖ ਮਿਟੇ ਤੁਮ ਮੈਂ ਮਨ ਲਾਏ।**

**੪. ਬਿਨ ਪ੍ਰੇਮ ਕਹਾਂ ਫਲ ਫੂਲ ਦਏ, ਪ੍ਰਭ ਤੇ ਪਦ ਪੰਕਜ ਕੀ ਰਜ ਪਾਏ।। ੯੪।।**

**ਪਦ ਅਰਥ :**

ਨਭ=ਅਕਾਸ਼। ਮੈਂ=ਵਿਚ। ਸੁਰ ਲੋਕ=ਦੇਵ ਲੋਕ। ਰਚੇ=ਬਣਾਏ। ਅਰੁ=ਅਤੇ। ਭੂਮਿ=ਧਰਤੀ। ਬਿਖੈ=ਵਿਚ। ਨਿਧਿ=ਖੀਰ ਸਮੁੰਦਰ। ਮਨਿ=ਮਣੀਆਂ। ਹੀਰਨ=ਹੀਰੇ। ਕੇ=ਦੇ। ਗਿਰ=ਪਹਾੜ। ਕੋਟ=ਕਰੋੜਾਂ, ਬੇਸ਼ੁਮਾਰ। ਰਚੇ=ਬਣਾਏ। ਬਨ=ਜੰਗਲ, ਬਾਗ-ਬਗੀਚੇ। ਉਪਾਏ=ਪੈਦਾ ਕੀਤੇ। ਲੋਗਨ=ਲੋਕਾਂ। ਕੋ=ਨੂੰ। ਪੋਖਤ ਹੋ=ਪਾਲਦੇ ਹੋ। ਤੁਮ ਮੈਂ=ਤੁਹਾਡੇ ਵਿਚ, ਤੇਰੇ ਚਰਨਾਂ ਵਿਚ। ਲਾਏ=ਲਾਇਆਂ, ਜੋੜਿਆਂ। ਤੇ=ਤੇਰੇ। ਪਦ ਪੰਕਜ=ਚਰਨ-ਕੰਵਲ। ਕੀ=ਦੀ। ਰਜ=ਧੂੜੀ।

**ਅਰਥ :**

੧. ਹੇ ਹਰੀ! ਆਪ ਜੀ ਨੇ ਅਕਾਸ਼ ਵਿਚ ਦੇਵ ਲੋਕ (ਸਵਰਗ) ਬਣਾਏ ਹਨ ਅਤੇ ਧਰਤੀ ਵਿਚ ਸਮੁੰਦਰ ਬਣਾਉਣਾ ਕੀਤੇ ਹਨ।

੨. ਹੀਰੇ ਮਣੀਆਂ ਦੇ ਬੇਅੰਤ ਹੀ ਪਹਾੜ ਬਣਾ ਦਿੱਤੇ, ਫਲਾਂ ਫੁੱਲਾਂ ਦੇ ਕਰੋੜਾਂ ਬਾਗ ਬਗੀਚੇ ਲਾ ਦਿੱਤੇ।

੩. ਸਾਰੇ ਲੋਕਾਂ ਨੂੰ ਪਾਲਦੇ ਪੋਸਦੇ ਹੋ! ਤੁਹਾਡੇ ਵਿਚ ਧਿਆਨ ਜੋੜਿਆਂ ਹਰ ਤਰ੍ਹਾਂ ਦੀ ਭੁੱਖ ਦੂਰ ਹੋ ਜਾਂਦੀ ਹੈ।

੪. ਪਿਆਰ ਤੋਂ ਬਿਨਾਂ ਕਿਸੇ ਨੂੰ ਵੀ ਕੋਈ ਫਲ-ਫੁੱਲ ਨਹੀਂ ਮਿਲਿਆ ਹੇ ਮੇਰੇ ਪਰਮਾਤਮਾ! ਤੇਰੇ ਚਰਨਾਂ ਦੀ ਧੂੜ ਪ੍ਰਾਪਤ ਕਰਨ ਨਾਲ ਹੀ ਸਭ ਕੁਝ ਮਿਲਿਆ ਹੈ। ੯੪।

**ਸ੍ਵੈਯਾ।।**

**੧. ਵਰ ਕੌਨ ਮੰਗੋਂ ਤੁਮ ਤੇ ਹਰਿ ਜੀ, ਥਿਰ ਨਾਂਹਿ ਰਹੇ ਜਗ ਭੀਤਰਿ ਕੋਈ।**

**੨. ਨਹਿ ਰਾਜ ਰਹੇ, ਗਜ ਬਾਜ ਰਹੇ, ਤਨ ਲੌਂ ਮਿਟ ਜਾਇ, ਪਿਖੋਂ ਜਗ ਜੋਈ।**

**੩. ਬਿਨ ਤੇ ਪਦ ਕੰਜ ਲਹੇ ਨ ਕਹੂੰ ਸੁਖ, ਜੌਂ ਨਰ ਦੌਰ ਫਿਰੇ ਤਿਹੁੰ ਲੋਈ।**

**੪. ਪਦ ਮੰਜੁਲ ਜੋ ਸਨਕਾਦਿ ਭਜੇ, ਤਿਨ ਕੀ ਪ੍ਰਭ ਸੇਵ ਦਿਜੇ ਮਮ ਸੋਈ।। ੯੫।।**

**ਪਦ ਅਰਥ :**

ਵਰ=ਯਾਚਨਾ, ਮੰਗ। ਕੌਨ=ਕੇਹੜਾ। ਮੰਗੋਂ=ਮੰਗਾਂ। ਥਿਰ=ਇਸਥਿਤ। ਭੀਤਰਿ=ਵਿਚ। ਗਜ=ਹਾਥੀ। ਬਾਜ=ਘੋੜੇ। ਲੌਂ=ਤੱਕ। ਜਾਇ=ਜਾਣਗੇ। ਪਿਖੋਂ=ਦੇਖਦਾ ਹਾਂ, ਦੇਖ ਰਹੇ ਹੋ। ਜੋਈ=ਜੇਹੜਾ। ਤੇ=ਤੇਰੇ। ਪਦ=ਪੈਰ, ਚਰਨ। ਕੰਜ=(ਕੰ-ਚਿੱਕੜ, ਜ=ਪੈਦਾ ਹੋਇਆ, ਜੰਮਿਆ, ਚਿੱਕੜ ਤੋਂ ਪੈਦਾ ਹੋਇਆ , ਕਵਲ ਫੁੱਲ। ਲਹੇ=ਲਿਆ। ਜੌਂ=ਜੇਕਰ। ਦੌਰ=ਦੌੜਦਾ। ਤਿਹੁੰ=ਤਿੰਨ। ਲੋਈ=ਲੋਕ, ਬ੍ਰਹਮਪੁਰੀ, ਸ਼ਿਵਪੁਰੀ, ਵਿਸ਼ਨਪੁਰੀ। ਮੰਜੁਲ=ਉੱਜਲ, ਸਾਫ, ਪਵਿੱਤਰ, ਸੁੰਦਰ। ਦਿਜੇ=ਦਿਓ। ਮਮ=ਮੈਨੂੰ। ਸੋਈ=ਉਹੀ।

**ਅਰਥ :**

੧. ਐ ਮੇਰੇ ਪ੍ਰਭੂ! ਮੈਂ ਤੁਹਾਡੇ ਕੋਲੋਂ ਕੇਹੜੀ ਚੀਜ਼ ਦੀ ਮੰਗ ਕਰਾਂ (ਕਿਉਂਕਿ) ਸੰਸਾਰ ਵਿਚ ਕੋਈ ਵੀ ਸਦਾ ਨਹੀਂ ਰਹਿਣੀ।

ੳ) ਕਿਆ ਮਾਗਉ ਕਿਛੁ ਥਿਰੁ ਨ ਰਹਾਈ।। ਦੇਖਤ ਨੈਨ ਚਲਿਓ ਜਗੁ ਜਾਈ।। (ਪੰਨਾ ੪੮੧)

ਅ) ਕਿਆ ਮਾਗਉ ਕਿਛੁ ਥਿਰੁ ਨਾਹੀ।। (ਪੰਨਾ ੬੯੨)

੨. ਨਾ ਰਾਜ-ਭਾਗ ਰਹਿਣਾ ਹੈ ਨਾ ਹਾਥੀ, ਨਾ ਘੋੜੇ ਰਹਿਣੇ ਹਨ (ਬਲਕਿ) ਸਰੀਰ ਤੱਕ ਜੋ ਵੀ (ਅਸੀਂ ਅੱਖਾਂ ਨਾਲ ਦੇਖਦੇ ਹਾਂ, ਇਹਨਾਂ 'ਚੋਂ ਕੋਈ ਵੀ ਨਹੀਂ ਰਹਿਣਾ।

੩. (ਹੇ ਮੇਰੇ ਵਾਹਿਗੁਰੂ)! ਤੇਰੇ ਚਰਨ-ਕੰਵਲਾਂ ਤੋਂ ਬਿਨਾਂ (ਹੋਰ ਕਿਸੇ ਜਗ੍ਹਾ ਵੀ) ਇਹ ਮਨੁੱਖ (ਆਤਮਕ) ਸੁਖ ਨਹੀਂ ਲੈ ਸਕਦਾ ਭਾਵੇਂ ਤਿੰਨਾਂ ਲੋਕਾਂ ਵਿਚ ਵੀ ਕਿਉਂ ਨਾ ਫਿਰਦਾ ਰਹੇ।

੪. ਜਿਹੜੇ ਪਵਿੱਤਰ ਚਰਨ-ਕਮਲਾਂ ਦਾ ਧਿਆਨ ਸਨਕ ਆਦਿ (ਸਨੰਦਨ, ਸਨਾਤਨ, ਸਨਤ ਕੁਮਾਰ) ਕਰਦੇ ਹਨ, ਉਹਨਾਂ ਸੋਹਣੇ ਚਰਨਾਂ ਦਾ ਧਿਆਨ ਹੇ ਮੇਰੇ ਪਰਮਾਤਮਾ! ਮੈਨੂੰ ਦੇਣਾ ਕਰੋ। ੯੫।

Sri Satguru Jagjit Singh Ji eLibrary NamdhariElibrary@gmail.com

ਸ੍ਵੈਯਾ ॥

**੧. ਕਬ ਆਵਹਿਗੇ ਮਮ ਊਪਰਿ ਤੇ ਦਿਨ, ਦੇਹ ਰਟੈ ਮਮ ਗੰਗ ਕਿਨਾਰੇ।**
**੨. ਸਭ ਹੀ ਜਗ ਤੇ ਮਨ ਸਾਂਤਿ ਲਹੇ, ਮੁਖ ਨਾਮ ਸੁ ਸੀਸ ਗੰਗੋਦਕ ਧਾਰੇ।**
**੩. ਪੁਨ ਬੈਠਿ ਸ਼ਿਲਾ ਤਟ ਪੈ ਹਰਿ ਕੀ ਪਦਵੀ ਦ੍ਰਿਗ ਮੇਲ ਕੈ ਨੀਤ ਚਿਤਾਰੇ।**
**੪. ਹਰਿ ਧਯਾਨ ਸਮੇ ਤਨ ਮੋਹਿ ਗਿਰੇ ਜਲਿ, ਮਾਤ ਸਮਾਨ ਸੁ ਗੰਗ ਸੰਭਾਰੇ॥ ੯੬॥**

**ਪਦ ਅਰਥ :**

ਕਬ=ਕਦੋਂ। ਆਵਹਿਗੇ=ਆਉਣਗੇ। ਮਮ=ਮੇਰੇ। ਤੇ=ਉਹ। ਲਹੇ=ਲਵਾਂਗਾ। ਰਟੈ=ਫਿਰੇਗੀ। ਕਿਨਾਰੇ=ਕੰਢੇ। ਸੀਸ=ਸਿਰ। ਗੰਗੋਦਕ=(ਗੰਗ+ਉਦਕ)=ਗੰਗਾ ਜਲ। ਧਾਰੇ=ਧਾਰ ਲਵਾਂ, ਭਾਵ ਗੰਗਾ-ਜਲ ਸਿਰ ਵਿਚ ਪਾਵਾਂਗਾ। ਪੁਨ=ਫੇਰ। ਸ਼ਿਲਾ=ਪੱਥਰ। ਦ੍ਰਿਗ=ਅੱਖਾਂ, ਨੇਤਰ। ਮੇਲ ਕੈ=ਮਿਲਾ ਕੇ, ਮੀਟ ਕੇ। ਨੀਤ=ਰੋਜ਼। ਚਿਤਾਰੇ=ਚੇਤੇ ਕਰਾਂਗਾ। ਹਰਿ ਧਯਾਨ ਸਮੇ=ਪ੍ਰਭੂ ਵਿਚ ਧਿਆਨ ਕਰ ਸਮੇਂ, ਸਮਾਧੀ ਵਿਚ ਬੈਠਿਆਂ ਸਰੀਰਕ ਹੋਸ਼ ਭੁੱਲ ਜਾਵਾਂ। ਤਟ=ਕਿਨਾਰੇ, ਪੈ=ਉੱਪਰ। ਜਲ=ਗੰਗਾ ਜਲ, ਗੰਗਾ ਦਾ ਪਾਣੀ। ਮਾਤ ਸਮਾਨ=ਮਾਂ ਵਾਂਗ। ਮੋਹਿ=ਮੇਰਾ। ਤਨ=ਸਰੀਰ। ਗਿਰੇ=ਡਿਗ ਪਵੇ। ਜਲਿ=ਪਾਣੀ ਵਿਚ। ਸੁ=ਉਸ ਵਕਤ। ਸੰਭਾਰੇ=ਸੰਭਾਲ ਲਵੇ। ਜਿਵੇਂ ਮਾਂ ਬੱਚੇ ਨੂੰ ਸੰਭਾਲਦੀ ਹੈ।

**ਅਰਥ :**

੧. (ਹੇ ਮੇਰੇ ਵਾਹਿਗੁਰੂ!) ਉਹ ਦਿਨ ਮੇਰੇ 'ਤੇ ਕਦੋਂ ਆਉਣਗੇ (ਜਦੋਂ ਮੇਰਾ ਸਰੀਰ ਗੰਗਾ ਕਿਨਾਰੇ (ਪਰਮੇਸ਼ਰ ਦਾ ਭਗਤ ਬਣ ਕੇ) ਵਿਚਰੇਗਾ।

੨. ਸਾਰੇ ਸੰਸਾਰ ਤੋਂ ਮੇਰਾ ਮਨ ਸ਼ਾਂਤਿ ਲੈ ਲਵੇਗਾ, ਮੁੱਖੋਂ ਪਰਮਾਤਮਾ ਦਾ ਨਾਮ ਜਪੇਗਾ ਤੇ ਸਿਰ 'ਚ ਗੰਗਾ-ਜਲ ਪਾਵੇਗਾ।

੩. ਫੇਰ (ਜਦੋਂ ਗੰਗਾ ਕੰਢੇ) ਪੱਥਰ ਸ਼ਿਲਾ 'ਤੇ ਬੈਠ ਕੇ ਮੈਂ ਵਾਹਿਗੁਰੂ ਦੀ ਮੂਰਤੀ ਦਾ ਧਿਆਨ, ਅੱਖਾਂ ਮੀਟ ਕੇ, ਰੋਜ਼ਾਨਾ ਯਾਦ ਕਰਾਂਗਾ।

੪. ਵਾਹਿਗੁਰੂ ਦੇ ਧਿਆਨ ਵਿਚ ਹੀ ਸਰੀਰਕ ਹੋਸ਼ ਭੁੱਲਣ ਕਰਕੇ ਬੇਸੁੱਧ ਹੋ ਕੇ ਮੇਰਾ ਸਰੀਰ ਗੰਗਾ ਵਿਚ ਡਿੱਗ ਪਵੇਗਾ ਤੇ ਗੰਗਾ (ਉਸ ਵੇਲੇ) ਮਾਂ ਵਾਂਗ (ਇਕ ਦਮ) ਸੰਭਾਲ ਲਵੇਗੀ (ਭਾਵ ਮੈਨੂੰ ਗੰਗਾ ਡੁੱਬਣੋਂ ਬਚਾਅ ਲਵੇਗੀ ਜਿਸ ਵਕਤ ਹੋਰ ਕੋਈ ਮੇਰੇ ਬਚਾਓ ਦਾ ਸਾਧਨ ਨਹੀਂ ਹੋਵੇਗਾ)। ੯੬।

ਦੋਹਰਾ ॥

**੧. ਬਾਲਕ ਬ੍ਰਿਧ ਜੁਵਾ ਧਨੀ, ਹੈ ਸਭ ਕੋ ਅਧਿਕਾਰੁ।**
**੨. ਅਰੁ ਫੁਨਿ ਬਰਖ ਪਚਾਸ ਤੇ, ਤਜੇ ਸਕਲ ਸੰਸਾਰ ॥ ੯੭॥**

**ਪਦ ਅਰਥ :**

ਬਾਲਕ=ਬੱਚਾ। ਬ੍ਰਿਧ=ਬੁਢਾਪਾ। ਜੁਵਾ=ਜੁਆਨੀ। ਧਨੀ=ਧਨਾਢ, ਅਮੀਰ। ਅਧਿਕਾਰ=ਹੱਕ। ਕੋ=ਨੂੰ। ਅਰੁ=ਅਤੇ। ਫੁਨਿ=ਫੇਰ। ਪਚਾਸ=ਪੰਜਾਹ। ਤਜੇ=ਛੱਡ ਦੇਵੇ। ਸਕਲ=ਸਾਰਾ।

**ਅਰਥ :**

੧. ਬੱਚਾ, ਜੁਆਨ ਜਾਂ ਬੁੱਢਾ ਤੇ ਅਮੀਰ ਹੋਵੇ (ਜਾਂ ਗਰੀਬ) ਸਭ ਨੂੰ ਇਹ ਹੱਕ ਹੈ ਕਿ।—

੨. (ਇਹ ਮਨੁੱਖ) : ਪੰਜਾਹ ਸਾਲ (ਦਾ ਹੋ ਜਾਵੇ ਤਾਂ) ਸਾਰੇ ਸੰਸਾਰ (ਦੇ ਧੰਦਿਆਂ ਨੂੰ) ਛੱਡ ਦੇਵੇ। (ਕੇਵਲ ਉਸ ਵੇਲੇ ਵਾਹਿਗੁਰੂ ਦਾ ਸਿਮਰਨ ਹੀ ਕਰੇ)। ੯੭।

### ਸ੍ਵੈਯਾ।।

**੧. ਜਿਨ ਕਾ ਜਗ ਭੀਤਰਿ ਮਾਨ ਘਟੇ ਸੁ ਨਿਰਾਸ ਰਟੇ ਅਰਥੀ ਨਿਜ ਦ੍ਵਾਰੇ।**
**੨. ਨਿਜ ਮੰਦਰ ਤੇ ਧਨ ਖੀਣ ਭਏ ਪਰਲੋਕ ਗਏ ਨਿਜ ਬੰਧੁ ਪਿਆਰੇ।**
**੩. ਤਨ ਮੰਡਲ ਜੋਬਨ ਪੀਠ ਦਈ ਯਹ ਲੋਕ ਤਜੇ ਪਰਲੋਕ ਸਵਾਰੇ।**
**੪. ਜਗ ਪਾਵਨ ਭੂਧਰ ਕੁੰਜ ਦਰੀ ਨਰ ਜਾਇ ਵਸੇ ਵਹੁ ਗੰਗ ਕਿਨਾਰੇ।। ੯੮।।**

**ਪਦ ਅਰਥ :**

ਜਿਨ=ਜਿਨ੍ਹਾਂ। ਭੀਤਰਿ=ਵਿਚ। ਮਾਨ=ਸਨਮਾਨ, ਇੱਜ਼ਤ। ਘਟੇ=ਘੱਟ ਜਾਵੇ, ਇੱਜ਼ਤ ਨਾ ਰਹੇ। ਨਿਰਾਸ=ਮੁਰਾਦ ਪੂਰੀ ਨਾ ਹੋਵੇ, ਖਾਲੀ। ਰਟੇ=ਮੁੜੇ। ਅਰਥੀ=ਸੁਆਲੀ, ਲੋੜਵੰਦ, ਮੰਗਤਾ। ਜਿਨ=ਜਿਨ੍ਹਾਂ ਦੇ। ਦ੍ਵਾਰੇ=ਦਰਵਾਜ਼ੇ ਤੋਂ। ਨਿਜ=ਆਪਣੇ। ਮੰਦਰ=ਘਰ। ਤੇ=ਤੋਂ। ਖੀਣ=ਨਾਸ। ਪਰਲੋਕ ਗਏ=ਦੂਜੇ ਲੋਕ ਚਲੇ ਗਏ ਹੋਣ, ਚਲਾਣਾ ਕਰ ਗਏ ਹੋਣ। ਬੰਧੁ=ਸਾਕ-ਸਬੰਧੀ। ਮੰਡਲ=ਸੁੰਦਰ। ਜੋਬਨ=ਜੁਆਨੀ। ਪੀਠ=ਕੰਡ, ਪਿੱਠ। ਜਗ=ਸੰਸਾਰ। ਪਾਵਨ=ਸੁੰਦਰ, ਸੋਹਣੇ ਵਸਦੇ-ਰਸਦੇ ਸੰਸਾਰ ਨੂੰ। ਭੂਧਰ=ਪਹਾੜ, ਪਰਬਤ। ਕੁੰਜ=ਕੁੰਦਰਾਂ, ਗੁਫਾਵਾਂ। ਚਾਰੇ ਪਾਸਿਓਂ ਝਾੜ ਅਤੇ ਬੇਲਾਂ ਨਾਲ ਢਕਿਆ, ਪਰ ਵਿਚਾਲਿਓਂ ਖਾਲੀ ਜੰਗਲ ਦਾ ਅਸਥਾਨ। ਜੰਗਲ ਦੀ ਗਲੀ, ਸੰਘਣੇ ਜੰਗਲ ਵਿਚ ਹਾਥੀ ਆਦਿਕ ਜੀਵਾਂ ਦੀ ਪਾਈ ਹੋਈ ਡੰਡੀ। ਵਹੁ=ਉਹ।

**ਅਰਥ :**

੧. ਜਿਨ੍ਹਾਂ ਦਾ ਜਗਤ ਵਿਚ ਸਨਮਾਨ ਘਟ ਜਾਵੇ, ਤੇ ਆਪਣੇ ਘਰ ਦੇ ਦਰਵਾਜ਼ੇ ਤੋਂ ਮੰਗਤਾ ਖਾਲੀ ਮੁੜੇ।

੨. ਆਪਣੇ ਘਰ 'ਚੋਂ ਦੌਲਤ ਖਤਮ ਹੋ ਜਾਵੇ, ਸਕੇ, ਪਿਆਰੇ, ਸਾਕ-ਸਬੰਧੀ ਚਲਾਣਾ ਕਰ ਜਾਣ।

੩. ਸੋਹਣੇ ਸਰੀਰ ਨੂੰ ਜੁਆਨੀ ਪਿੱਠ ਦੇ ਦੇਵੇ ਭਾਵੇਂ ਸਰੀਰ ਕਮਜ਼ੋਰ ਹੋ ਜਾਵੇ (ਤੇ ਸਰੀਰ) ਇਸ ਲੋਕ ਨੂੰ ਤਿਆਗ ਕੇ ਪਰਲੋਕ ਦੀ ਤਿਆਰੀ ਸ਼ੁਰੂ ਕਰ ਦੇਵੇ।

੪. ਸੋਹਣੇ ਸੰਸਾਰ ਨੂੰ (ਛੱਡ ਕੇ) ਇਹ ਮਨੁੱਖ ਪਹਾੜਾਂ ਵਿਚ (ਜਾਂ) ਸੰਘਣੇ ਜੰਗਲਾਂ ਵਿਚ ਜਾ ਕੇ ਵੱਸ ਜਾਵੇ, ਜਾਂ ਫਿਰ ਉਹ ਗੰਗਾ ਦੇ ਕਿਨਾਰੇ ਵੱਸ ਜਾਵੇ ਤੇ ਭਗਵਾਨ ਦਾ ਸਿਮਰਨ ਕਰੇ। ੯੮।

### ਸ੍ਵੈਯਾ।।

**੧. ਪ੍ਰਾਤ ਸਮੇਂ ਪਿਖਿ ਪਾਵਨ ਨੀਰ ਸੁ ਪਾਨ ਕਰੇ ਮੁਖ ਗੰਗ ਉਚਾਰੇ।**
**੨. ਪੂਰਬ ਓਰ ਕਰੇ ਮੁਖ ਕੋ ਹਰਿ ਪਾਦਹਿ ਨੀਰ ਸਰੀਰ ਪਖਾਰੇ।**
**੩. ਬੈਠ ਸਿਲਾ ਤਲ ਨੈਨ ਮਿਲਾਇ ਸੁ ਰਾਮ ਰਮਾਪਤਿ ਮੈਂ ਉਰ ਧਾਰੇ।**
**੪. ਨਾਮ ਇਹੈ ਮੁਖ ਮਾਂਹਿ ਰਟੇ ਹਰਿ ਦੀਨ ਦਯਾਲ ਮੁਕੰਦ ਮੁਰਾਰੇ।। ੯੯।।**

**ਪਦ ਅਰਥ :**

ਪ੍ਰਾਤ=(ਪ੍ਰਾਤਹ) ਸਵੇਰਾ। ਪਾਵਨ=ਪਵਿੱਤਰ, ਸਾਫ, ਸ਼ੁੱਧ। ਪਿਖਿ=ਦੇਖ ਕੇ। ਨੀਰ=ਪਾਣੀ। ਪਾਨ=ਪੀਣਾ। ਗੰਗ ਉਚਾਰੇ=ਜੈ ਗੰਗਾ ਆਖੇ। ਪੂਰਬ=ਚੜ੍ਹਦੀ ਵੱਲ। ਓਰ=ਤਰਫ। ਕੋ=ਨੂੰ। ਪਾਦਹਿ=ਚਰਨਾਂ ਦਾ। ਪਖਾਰੇ=ਧੋਵੇ, ਇਸ਼ਨਾਨ ਕਰੇ। ਸਿਲਾ=ਪੱਥਰ। ਤਲ=ਉੱਪਰ। ਨੈਨ=ਅੱਖਾਂ। ਮਿਲਾਇ=ਬੰਦ ਕਰਕੇ। ਰਮਾ=ਲੱਛਮੀ। ਪਤਿ=ਪਤੀ, ਵਿਸ਼ਨੂੰ। ਮੈਂ=ਵਿਚ। ਉਰ=ਹਿਰਦਾ। ਰਟੇ=ਆਖੇ। ਦੀਨ=ਗਰੀਬ। ਮੁਕੰਦ=ਮੁਕਤੀ ਦੇਣ ਵਾਲਾ।

**ਅਰਥ :**

੧. ਸਵੇਰ ਸਮੇਂ (ਗੰਗਾ ਦਾ) ਪਵਿੱਤਰ ਪਾਣੀ ਦੇਖ ਕੇ ਉਸ ਨੂੰ ਪੀ ਕੇ ਮੁਖੋਂ ਇੰਜ ਆਖੇ ਹੇ ਮਾਤਾ ਗੰਗਾ! ਤੇਰੀ ਜੈ ਹੋਵੇ।

੨. ਚੜ੍ਹਦੀ ਵੱਲ ਮੂੰਹ ਕਰਕੇ ਵਿਸ਼ਨੂੰ ਦੇ ਚਰਨਾਂ (ਕੰਵਲਾਂ ਨਾਲ ਪਵਿੱਤਰ ਹੋਏ) ਪਾਣੀ (ਗੰਗਾ ਜਲ) ਨਾਲ ਸਰੀਰ ਨੂੰ ਧੋਵੇ (ਭਾਵ ਇਸ਼ਨਾਨ ਕਰੇ)।

੩. (ਫੇਰ) ਪੱਥਰ ਦੀ ਸਿਲਾ 'ਤੇ ਬੈਠ ਕੇ ਅੱਖਾਂ ਮੀਟ ਕੇ ਰਾਮ-ਰਾਮ ਜਾਂ ਲੱਛਮੀ ਪਤੀ ਵਿਸ਼ਨੂੰ (ਦਾ) ਹਿਰਦੇ ਵਿਚ (ਧਿਆਨ) ਧਾਰਨ ਕਰੇ।

੪. (ਫੇਰ) ਇਹ ਨਾਮ ਮੁੱਖ 'ਚ ਪੜ੍ਹੇ ਐ ਹਰੀ! ਤੂੰ ਗਰੀਬਾਂ ਉੱਪਰ ਦਇਆ ਕਰਨ ਵਾਲਾ ਹੈਂ, ਤੂੰ ਹੀ ਮੁਕਤੀ ਦੇਣ ਵਾਲਾ ਹੈ, ਤੂੰ ਹੀ ਮੁਰ ਨਾਮੇ ਰਾਖਸ਼ ਨੂੰ ਮਾਰਨ ਵਾਲਾ ਹੈਂ। ੯੯।

ਸ੍ਵੈਯਾ।।

**੧. ਜਾਂ ਜਲ ਕੋ ਬਿਧ ਪਾਲ ਕਰਯੋ ਪੁਨ ਪਾਵਨ ਬਾਵਨ ਪਾਦ ਪਖਾਰੇ।**
**੨. ਸੰਕਰ ਪਾਵਨ ਹੇਰਿ ਉਰੇ ਪੁਨ ਸੀਸਿ ਨਿਰੰਤਰ ਸੋ ਜਲ ਧਾਰੇ।**
**੩. ਭੂਪ ਭਗੀਰਥ ਕੈ ਤਪਸਾ ਪੁਨ ਜਾਂ ਜਲ ਸੌਂ ਕੁਲ ਭੂਪਤਿ ਤਾਰੇ।**
**੪. ਸੋ ਜਲ ਪਾਵਨ ਮੈਂ ਪਰਸੋਂ ਸੁ ਪਿਖੋਂ ਉਰ ਮੈਂ ਬਡ ਭਾਗ ਹਮਾਰੇ।। ੧੦੦।।**

**ਪਦ ਅਰਥ :**

ਜਾਂ=ਜਿਸ। ਜਲ=ਪਾਣੀ*। ਕੋ=ਨੂੰ। ਬਿਧ=ਬ੍ਰਹਮਾ। ਪਾਲ ਕਰਯੋ=ਪਾਲਨਾ ਕੀਤਾ, ਸੰਭਾਲਿਆ। ਪੁਨ=ਫੇਰ। ਬਾਵਨ=ਛੋਟੇ ਕੱਦ ਦਾ। ਪਾਦ=ਚਰਨ, ਪੈਰ। ਪਖਾਰੇ=ਧੋਤੇ। ਸ਼ੰਕਰ=ਸ਼ਿਵ ਜੀ। ਹੇਰ=ਦੇਖ ਕੇ। ਉਰੇ=ਦਿਲ ਵਿਚ। ਪੁਨ=ਫੇਰ। ਸੀਸਿ=ਸਿਰ 'ਤੇ, ਸਿਰ ਵਿਚ। ਨਿਰੰਤਰ=ਲਗਾਤਾਰ, ਇਕ ਰਸ। ਸੋ=ਉਹ। ਭੂਪ=ਰਾਜਾ। ਕੈ=ਕਰਕੇ। ਤਪਸਾ=ਤਪੱਸਿਆ, ਤਪ। ਸੌਂ=ਨਾਲ। ਕੁਲ=ਖਾਨਦਾਨ। ਭੂਪਤਿ=ਰਾਜੇ। ਤਾਰੇ=ਤਾਰਨਾ ਕੀਤੇ। ਸੋ=ਉਹੀ। ਪਰਸੋਂ=ਪਰਸਾਂ, ਛੁਹਵਾਂ। ਪਿਖੋਂ=ਦੇਖਾਂ। ਭਾਗ=ਮੱਥੇ ਦੇ ਲੇਖ।

**ਅਰਥ :**

੧. ਜਿਸ ਜਲ ਨਾਲ ਬ੍ਰਹਮਾ ਨੇ ਵਾਮਨ (ਅਵਤਾਰ) ਦੇ ਚਰਨ ਧੋਤੇ ਅਤੇ ਉਸ ਜਲ ਨੂੰ ਕਮੰਡਲ ਵਿਚ ਪਾਕੇ ਸੰਭਾਲਿਆ।

੨. (ਫੇਰ) ਸ਼ਿਵ ਨੇ ਦਿਲ ਵਿਚ (ਉਸੇ ਜਲ ਨੂੰ) ਪਵਿੱਤਰ ਦੇਖ ਕੇ (ਸਮਝ ਕੇ) ਲਗਾਤਾਰ ਸਿਰ ਵਿਚ ਧਾਰ ਲਿਆ (ਪੁਰਾਣਾਂ ਮੁਤਾਬਿਕ ਇਕ ਹਜ਼ਾਰ ਸਾਲ ਗੰਗਾ ਸ਼ਿਵ ਦੀਆਂ ਜਟਾਂ ਵਿਚ ਹੀ ਰਹੀ)।

੩. (ਫੇਰ) ਰਾਜੇ ਭਗੀਰਥ[1] ਨੇ ਤਪ ਕਰਕੇ ਉਸੇ ਜਲ ਨਾਲ ਆਪਣੇ ਖਾਨਦਾਨ ਦੇ ਵੱਡੇ-ਵਡੇਰੇ (ਗੰਗਾ ਧਰਤੀ 'ਤੇ ਲਿਆ ਕੇ) ਤਾਰੇ।

੪. ਮੇਰੇ ਅਜਿਹੇ ਵੱਡੇ ਭਾਗ ਹੋਣ ਕਿ ਮੈਂ ਉਹੀ ਪਵਿੱਤਰ ਜਲ ਨੂੰ ਮੈਂ (ਆਪਣੇ ਸਰੀਰ ਨਾਲ) ਛੁਹਾਵਾਂ ਭਾਵ ਇਸ਼ਨਾਨ ਕਰਾਂ ਤੇ (ਸਵੇਰੇ ਉਠ ਕੇ ਉਸੇ ਜਲ ਨੂੰ ਪਾਵਨ ਸਮਝ ਕੇ) ਦਰਸ਼ਨ ਕਰਾਂ। ੧੦੦।

---

*ਭਗਵਾਨ ਦੇ ਪੈਰਾਂ ਦਾ ਜਲ।...ਜਦ ਵਾਮਨ ਦਾ ਪੈਰ ਬ੍ਰਹਮ ਲੋਕ ਤੱਕ ਪਹੁੰਚਿਆ ਤਦ ਬ੍ਰਹਮ ਨੇ ਧੋ ਕੇ ਜਲ ਕਮੰਡਲ ਵਿਚ ਪਾ ਲਿਆ ਅਤੇ ਭਗੀਰਥ ਦੀ ਪ੍ਰਾਰਥਨਾ ਪੁਰ ਬ੍ਰਹਮ ਲੋਕ ਤੋਂ ਛੱਡਿਆ, ਜੋ ਸ਼ਿਵ ਦੀ ਜਟਾਂ ਵਿਚ ਡਿੱਗ ਕੇ ਫੇਰ ਪ੍ਰਿਥਵੀ ਉੱਤੇ ਵਹਿਆ। (ਮਹਾਨ ਕੋਸ਼)

੧. ਭਗੀਰਥ

*ਮਹਾਂਭਾਰਤ ਆਦਿ ਗ੍ਰੰਥਾਂ ਅਨੁਸਾਰ ਦਿਲੀਪ ਦਾ ਪੁੱਤਰ ਸੂਰਜ ਵੰਸ਼ੀ ਅਯੋਧਜਾ ਦਾ ਰਾਜਾ। ਇਸ ਨੇ ਆਪਣੇ ਵਡੇਰੇ ਸਗਰ ਦੇ ਸੱਠ ਹਜ਼ਾਰ ਪੁੱਤਰਾਂ ਦੀ ਗਤੀ ਲਈ ਜੋ ਕਪਿਲ ਦੀ ਕ੍ਰੋਧ ਅਗਨਿ ਨਾਲ ਭਸਮ ਹੋ ਗਏ ਸਨ। ਗੰਗਾ ਨੂੰ ਪ੍ਰਿਥਵੀ ਪੁਰ ਲਿਆਉਣ ਵਾਸਤੇ ਹਿਮਾਲਯ ਦੇ ਗੋਕਰਣ ਅਸਥਾਨ 'ਤੇ ਘੋਰ ਤਪ ਕਰਕੇ ਬ੍ਰਹਮਾ ਰਿਝਾਇਆ। ਬ੍ਰਹਮਾ ਨੇ ਗੰਗਾ ਦੇਣ ਦਾ ਵਾਅਦਾ ਕੀਤਾ, ਪਰ ਕਠਿਨਾਈ ਇਹ ਦੱਸੀ ਕਿ ਆਕਾਸ਼ ਤੋਂ ਆਈ ਗੰਗਾ ਨੂੰ ਬਿਨਾਂ ਸ਼ਿਵ ਕੋਈ ਨਹੀਂ ਝੱਲ ਸਕੇਗਾ, ਇਸ ਲਈ ਪਹਿਲਾਂ ਸ਼ਿਵ ਨੂੰ ਖੁਸ਼ ਕਰੋ। ਭਗੀਰਥ ਨੇ ਤਪ ਕਰਕੇ ਸ਼ਿਵ ਤੋਂ ਇਹ ਗੱਲ ਮੰਨਵਾਈ ਕਿ ਉਹ ਗੰਗਾ ਨੂੰ ਧਾਰਣ ਕਰੇਗਾ। ਜਦ ਬ੍ਰਹਮਾ ਨੇ ਗੰਗਾ ਆਕਾਸ਼ ਤੋਂ ਭੇਜੀ, ਤਦ ਸ਼ਿਵ ਨੇ ਆਪਣਾ ਜਟਾਜੂਟ ਇਤਨਾ ਫੈਲਾ ਲੀਤਾ ਕਿ ਹਜ਼ਾਰ ਵਰ੍ਹੇ ਗੰਗਾ ਨੂੰ ਨਿਕਲਣ ਦਾ ਰਾਹ ਨਾ ਲੱਭਿਆ। ਅੰਤ ਨੂੰ ਭਗੀਰਥ ਦੀ ਪ੍ਰਾਰਥਨਾ ਮੰਨ ਕੇ ਸ਼ਿਵ ਨੇ ਜਟਾਂ ਵਿਚੋਂ ਗੰਗਾ ਕੱਢੀ, ਜਿਸ ਦੇ ਸੱਤ ਪ੍ਰਵਾਹ ਹੋਏ, ਹ੍ਰਾਦਿਨੀ, ਪਾਵਿਨੀ ਅਤੇ ਨਲਿਨੀ ਨਾਮਕ ਤਿੰਨ ਪ੍ਰਵਾਹ ਪੂਰਵ ਦੀ ਤਰਫ ਵਹੇ। ਵੰਕੁ, ਸੀਤਾ ਅਤੇ ਸਿੰਧੁ ਨਾਮਕ ਤਿੰਨ ਪ੍ਰਵਾਹ ਪੱਛਮ ਵੱਲ ਵਹੇ। ਇਕ ਪ੍ਰਵਾਹ ਭਗੀਰਥ ਦੇ ਰੱਥ ਪਿੱਛੇ ਤੁਰਿਆ। ਜਿਥੋਂ ਦੀ ਭਗੀਰਥ ਦਾ ਰੱਥ ਗਿਆ, ਪਿੱਛੇ ਹੀ ਗੰਗਾ ਦਾ ਪ੍ਰਵਾਹ ਵਹਿਣ ਲੱਗਾ। ਇਸੇ ਪ੍ਰਵਾਹ ਦਾ ਨਾਮ ਭਗੀਰਥੀ ਹੋਇਆ। (ਮਹਾਨ ਕੋਸ਼, ਪੰਨਾ ੯੦੩)।*

ਸ੍ਵੈਯਾ।।

**੧. ਤ੍ਰਿਸ਼ਨਾ ਉਰ ਤੇ ਸਭ ਦੂਰ ਕਰੇ ਸੁ ਖਿਮਾ ਪਰਿਪੂਰਨ ਕੋ ਉਰਿ ਧਾਰੇ।**
**੨. ਕਰੁਣਾ ਜਨ ਦੀਨਨ ਹੇਰਿ ਸਦਾ ਪੁਨ ਪਾਪਨ ਤੇ ਮਨ ਪ੍ਰੀਤਿ ਨਿਵਾਰੇ।**
**੩. ਪਦਵੀ ਸੁਭ ਸੰਤਨ ਕੀ ਪਕਰੇ ਭਵ ਬੰਧਨ ਮੂਲ ਸੁ ਮੋਹ ਉਖਾਰੇ।**
**੪. ਜਨ ਕੋਵਿਦ ਪ੍ਰੀਤਿ ਸੁ ਨੀਤ ਕਰੇ ਹਰਿ ਰੂਪ ਸਦਾ ਮਨ ਮਾਹਿ ਚਿਤਾਰੇ।। ੧੦੧।।**

**ਪਦ ਅਰਥ :**

ਤ੍ਰਿਸ਼ਨਾ=ਤਮ੍ਹਾ, ਲਾਲਚ। ਉਰ=ਹਿਰਦਾ। ਤੇ=ਤੋਂ, 'ਚੋਂ। ਕਰੇ=ਕਰ ਦੇਵੇ। ਖਿਮਾ=ਛਿਮਾ ਕਰਨਾ, ਸਜ਼ਾ ਦੇਣ ਦੀ ਤਾਕਤ ਹੋਣੀ ਫੇਰ ਮਾਫ ਕਰ ਦੇਣਾ ਦਾ ਨਾਮ ਖਿਮਾ ਹੈ। ਪਰਿਪੂਰਨ=ਲਬਾ, ਲਬਾ, ਨਕੋ-ਨੱਕ। ਕੋ=ਨੂੰ। ਧਾਰੇ=ਧਾਰਨ ਕਰੇ। ਕਰੁਣਾ=ਤਰਸ, ਕਿਰਪਾ। ਦੀਨਨ=ਗਰੀਬਾਂ ਉੱਪਰ। ਹੇਰਿ=ਦੇਖ ਕੇ। ਪੁਨ=ਫੇਰ। ਨਿਵਾਰੇ=ਦੂਰ ਕਰੇ। ਪਦਵੀ=ਅਹੁਦਾ, ਡਿੱਗਰੀ। ਭਵ=ਜਨਮ (ਮਰਨ)। ਬੰਧਨ=ਰੁਕਾਵਟਾਂ। ਮੂਲ=ਮੁਢ, ਕਾਰਨ। ਸੁ=ਉਹ। ਮੋਹ=ਮਮਤਾ। ਸੁ=ਉਹ। ਮੋਹ=ਮਮਤਾ। ਉਖਾਰੇ=ਪੁੱਟ ਦੇਵੇ। ਕੋਵਿਦ=ਪੰਡਿਤ, ਵਿਦਵਾਨ। ਨੀਤ=ਰੋਜ਼। ਚਿਤਾਰੇ=ਚੇਤੇ ਕਰੇ।

**ਅਰਥ :**

੧. ਸਾਰੀ ਤਮ੍ਹਾ ਨੂੰ ਦਿਲ 'ਚੋਂ ਦੂਰ ਕਰ ਦੇਵੇ (ਖਤਮ ਕਰ ਦੇਵੇ), ਛਿਮਾ ਨੂੰ ਹਿਰਦੇ ਵਿਚ ਨੱਕੋ-ਨੱਕ ਭਰ ਲਵੇ।

੨. ਗਰੀਬਾਂ ਉੱਤੇ ਹਮੇਸ਼ਾਂ ਤਰਸ ਖਾਵੇ (ਦਇਆ ਕਰੇ), ਫੇਰ ਮਾੜੇ ਕੰਮਾਂ ਤੋਂ ਮਨ ਦੀ ਪ੍ਰੀਤੀ ਹਟਾ ਦੇਵੇ।

੩. ਸੋਹਣੇ ਭਜਨੀਕ ਸੰਤਾਂ ਵਾਲਾ ਅਹੁਦਾ (ਸੁਭਾਅ) ਫੜ ਲਵੇ, ਜਨਮ ਮਰਨ ਦੇਣ ਦਾ ਕਾਰਨ ਮੋਹ ਹੈ, ਇਸ ਨੂੰ ਜੜ੍ਹੋਂ ਪੁੱਟ ਦੇਵੇ।

੪. ਪੰਡਿਤਾਂ, ਵਿਦਵਾਨਾਂ ਦੀ ਸੰਗਤ ਵਿਚ ਰੋਜ਼ਾਨਾ ਪਿਆਰ ਰੱਖੇ (ਬਹੀਅਹਿ ਪੜਿਆ ਪਾਸਿ) ਵਾਹਿਗੁਰੂ ਦਾ ਧਿਆਨ ਸਦਾ ਦਿਲ ਵਿਚ ਕਰੇ। ੧੦੧।

ਅਗਲੇ ਇਹਨਾਂ ਤਿੰਨ ਸਵੱਈਆਂ (੧੦੨ ਤੋਂ ੧੦੪ ਤੱਕ) ਵਿਚ ਵਿਦਵਾਨ ਕਵੀ ਜੀ ਭਗਵਾਨ ਦਾ ਸਰਗੁਣ ਸਰੂਪ ਬਿਆਨ ਕਰਦੇ ਹਨ। ਇਹਨਾਂ ਪਹਿਲੇ ਦੋਹ ਸਵੱਈਆਂ ਵਿਚ ਤਾਂ ਸਿਰਫ ਮੁਖੜੇ ਦਾ ਹੀ ਬਿਆਨ ਕਰਦੇ ਹਨ-

ਸ੍ਵੈਯਾ।।

**੧. ਕੁੰਚਤ ਹੈਂ ਅਲਿਕਾਂ ਸ੍ਰੁਤਿ ਊਪਰਿ ਕੁੰਡਲ ਹੈਂ ਸੁਭ ਕਾਨਨ ਮਾਹੀ।**
**੨. ਕੁੰਡਲ ਕੇ ਕਚ ਮੇਚਕ ਮੈਂ ਲਸਕੈ ਤੜਿਤਾ ਘਨ ਮੇਚਕ ਮਾਹੀ।**
**੩. ਬੋਲ ਸਮੈ ਛਬ ਪੁੰਜ ਤਰੰਗ ਕਪੋਲਨ ਸਾਗਰ ਤੇ ਨਿਕਸਾਹੀ।**
**੪. ਨੈਨ ਹਰੇ ਮਦ ਕੰਜਨ ਕੇ ਸਮ ਆਨਨ ਕੇ ਸਸਿ ਕੋਟਿਕ ਨਾਹੀਂ।। ੧੦੨।।**

**ਪਦ ਅਰਥ :**

ਕੁੰਚਤ=ਘੁੰਘਰਾਲੀਆਂ, ਪੇਚਦਾਰ, ਵਲ, ਵੱਟ ਖਾਧਾ। ਹੈਂ=ਹੈਨ। ਅਲਿਕਾਂ=ਜ਼ੁਲਫਾਂ, ਵਾਲ। ਸ੍ਰੁਤਿ=ਕੰਨ। ਊਪਰਿ=ਉੱਤੇ, ਵਿਚ। ਕੁੰਡਲ=ਵਾਲੇ, ਕੰਨਾਂ ਦੇ ਗਹਿਣੇ। ਕਾਨ=ਕੰਨ। ਕਾਨਨ=(ਬਹੁ ਵਚਨ) ਕੰਨਾਂ। ਮਾਹੀਂ=ਵਿਚ। ਕੁੰਡਲ=ਗੋਲ ਗਹਿਣੇ। ਕਚ=ਕੇਸ਼, ਵਾਲ। ਮੇਚਕ=ਕਾਲੇ। ਮੈਂ=ਵਿਚ। ਲਸਕੈ=ਚਮਕਦੀ। ਤੜਿਤਾ=ਬਿਜਲੀ। ਘਨ=ਬੱਦਲ। ਮੇਚਕ=ਕਾਲੇ। ਬੋਲ=ਬੋਲਣ। ਸਮੈ=ਸਮੇਂ,ਵੇਲੇ। ਪੁੰਜ=ਸਾਰੇ, ਸਾਰੀਆਂ। ਤਰੰਗ=ਲਹਿਰਾਂ, ਛੱਲਾਂ। ਕਪੋਲਨ=ਗੱਲ੍ਹਾਂ। ਸਾਗਰ=ਸਮੁੰਦਰ। ਤੇ='ਚੋਂ'। ਨਿਕਸਾਹੀ=ਨਿਕਲਦੀਆਂ ਹਨ। ਨੈਨ=ਅੱਖਾਂ। ਹਰੇ=ਦੂਰ ਕਰਦੇ ਹਨ। ਮਦ=ਹੰਕਾਰ। ਕੰਜਨ=ਕੰਵਲ ਫੁੱਲਾਂ। ਕੇ=ਦਾ। ਸਮ=ਬਰਾਬਰ। ਆਨਨ=ਮੁਖੜਾ, ਚੇਹਰਾ। ਸਸਿ=ਚੰਦਰਮਾ। ਕੋਟਿਕ=ਕਰੋੜਾਂ।

**ਅਰਥ :**

੧. ਕਾਲੀਆਂ ਜ਼ੁਲਫਾਂ ਕੰਨਾਂ ਉੱਪਰ ਲਟਕ ਰਹੀਆਂ ਹਨ, ਕੰਨਾਂ ਵਿਚ ਸੋਹਣੇ ਵਾਲੇ ਪਾਏ ਹੋਏ ਹਨ।

੨. ਘੁੰਘਰਾਲੇ ਕਾਲੇ ਕੇਸ (ਇਉਂ ਚਮਕਦੇ ਹਨ, ਜਿਵੇਂ) ਕਾਲੇ ਬੱਦਲਾਂ ਵਿਚ (ਅਕਾਸ਼ੀ) ਬਿਜਲੀ ਚਮਕ ਮਾਰਦੀ ਹੈ।

੩. (ਜਦੋਂ ਮੂੰਹੋਂ ਕੁਝ ਬੋਲਦੇ ਹਨ) ਬੋਲਣ ਸਮੇਂ ਗੱਲ ਗੱਲ੍ਹਾਂ ਵਿਚ ਇਵੇਂ ਵਲ ਪੈਂਦੇ, ਜਿਵੇਂ ਸਮੁੰਦਰ ਵਿਚੋਂ ਬਹੁਤ ਸਾਰੀਆਂ ਲਹਿਰਾਂ ਨਿਕਲਦੀਆਂ ਹਨ।

੪. ਅੱਖਾਂ ਇਤਨੀਆਂ ਸੋਹਣੀਆਂ ਹਨ ਕਿ ਕੰਵਲ ਫੁੱਲਾਂ ਦਾ ਵੀ ਮਾਣ ਦੂਰ ਕਰਦੀਆਂ ਹਨ ਤੇ ਮੂੰਹ ਐਨਾ ਸੁੰਦਰ ਹੈ ਕ੍ਰੋੜਾਂ ਚੰਦ੍ਰਮੇਂ ਵੀ ਬਰਾਬਰੀ ਨਹੀਂ ਕਰ ਸਕਦੇ।੧੦੨।

### ਸ੍ਵੈਯਾ।।

**੧. ਭ੍ਰਿਕੁਟੀ ਕੁਟਿਲਾ ਸੁਭ ਭਾਲ ਬਿਸਾਲ ਸੁ ਕੁੰਕਮ ਕੀ ਯੁਗ ਰੇਖ ਸੁਹਾਈ।**
**੨. ਯੁਗ ਕਾਂਚਨ ਕੇ ਸਰ ਲੈ ਰਤਿ ਨਾਹਿ ਮਨੋ ਮਣਿ ਕੀ ਸੁ ਕਮਾਨ ਚਢਾਈ।**
**੩. ਕਚ ਘੁੰਘਰ ਵੰਤ ਸੁ ਮੰਦ ਸਮੀਰ ਫੁਰੇ ਤਿਨ ਕੀ ਛਬਿ ਯੌਂ ਮਨਿ ਆਈ।**
**੪. ਸੁ ਮਨੋ ਮੁਖ ਕੰਜ ਅਮੋਦ ਗਹੇ ਭ੍ਰਮਰਾਵਲ ਕਾ ਭ੍ਰਮਹੈ ਬਿਗਸਾਈ।।੧੦੩।।**

**ਪਦ ਅਰਥ :**

ਭ੍ਰਿਕੁਟੀ=ਭਵਾਂ, ਭਰਵੱਟੇ। ਕੁਟਿਲਾ=ਟੇਢੀਆਂ, ਧਨੁਖ ਵਾਂਗ। ਸੁਭ=ਸੋਹਣਾ। ਭਾਲ=ਮੱਥਾ। ਬਿਸਾਲ=ਚੌੜਾ। ਕੁੰਕਮ=ਕੇਸਰ। ਯੁਗ=ਦੋ। ਰੇਖ=ਲਕੀਰ। ਸੁਹਾਈ=ਸੋਭਨੀਕ। ਕਾਂਚਨ=ਸੋਨਾ। ਸਰ=ਤੀਰ। ਲੈ=ਲੈ ਕੇ। ਰਤਿ=ਕਾਮ ਦੀ ਵਹੁਟੀ। ਨਾਹਿ=ਪਤੀ। ਰਤਿ ਨਾਹਿ=ਰਤੀ ਦਾ ਪਤੀ, ਕਾਮ। ਮਨੋ=ਮਾਨੋਂ। ਮਣਿ=ਮਣੀਆਂ। ਕਮਾਨ=ਧਨੁੱਖ। ਚਢਾਈ=ਚਾੜ੍ਹੀ ਹੋਈ, ਕੱਸੀ ਹੋਈ ਹੈ। ਕਚ=ਕੇਸ। ਘੁੰਘਰ=ਘੁੰਘਰੂਆਂ। ਵੰਤ=ਵਰਗੇ। ਮੰਦ=ਹੌਲੀ-ਹੌਲੀ। ਸਮੀਰ=ਹਵਾ। ਫੁਰੇ=ਫੁਰਦੀ, ਚਲਦੀ। ਛਬਿ=ਸੋਭਾ, ਉਪਮਾ। ਯੌਂ=ਇਉਂ, ਇੰਜ, ਇਸ ਤਰ੍ਹਾਂ। ਸੁ=ਉਸ(ਵੇਲੇ)। ਮਨੋ=ਮਾਨੋਂ। ਮੁਖ=ਮੁੱਖੜਾ। ਕੰਜ=ਕੰਵਲ ਫੁੱਲ। ਮੁਖ ਕੰਜ=ਮੁੱਖੜਾ ਕੰਵਲ ਫੁੱਲ ਵਰਗਾ ਹੈ। ਅਮੋਦ=ਅਨੰਦ। ਗਹੇ=ਫੜਨਾ, ਲੈ ਰਿਹਾ ਹੈ। ਭ੍ਰਮਹੈ=ਫਿਰਦਾ ਹੈ। ਰਾਵਲ=ਸ਼ੋਰ ਕਰਨ ਵਾਲਾ, ਗੁੰਜਾਰ ਕਰਨ ਵਾਲਾ। ਭ੍ਰਮਰਾਵਲ (ਭ੍ਰਮਰ+ਆਵਲਿ)=ਭੌਰਿਆਂ ਦੀ ਪੰਗਤੀ, ਡਾਰ, ਕਤਾਰ, ਸ਼੍ਰੇਣੀ, ਜਥੇਬੰਦੀ। ਬਿਗਸਾਈ=ਖੁਸ਼ ਹੋ ਕੇ।

**ਅਰਥ :**

੧. ਭਰਵੱਟੇ (ਜਿਸ ਦੇ) ਟੇਢੇ, ਸੋਹਣਾ ਮੱਥਾ ਬਹੁਤ ਹੀ ਚੌੜਾ ਤੇ ਮੱਥੇ ਉੱਤੇ ਦੋ ਕੇਸਰ ਦੀਆਂ ਲਕੀਰਾਂ ਸੋਭਨੀਕ ਹੋ ਰਹੀਆਂ ਹਨ।

੨. (ਕਵੀ ਜੀ ਇਸ ਦੀ ਉਪਮਾ ਇਉਂ ਦੇਂਦੇ ਹਨ) ਮਾਨੋਂ ਰਤੀ ਦੇ ਪਤੀ (ਕਾਮ) ਨੇ ਦੋ ਸੋਨੇ ਦੇ ਤੀਰ ਲੈ ਕੇ ਮਣੀਆਂ ਦੀ ਕਮਾਨ ਕੱਸੀ ਹੋਈ ਹੈ (ਭਾਵ ਦੋ ਲਕੀਰਾਂ ਸੋਨੇ ਦੇ ਤੀਰ, ਚੌੜੇ ਮੱਥੇ ਦੇ ਦੋਨੋਂ ਭਰਵੱਟੇ ਮਾਨੋਂ ਇਹ ਮਣੀਆਂ ਦਾ ਧਨੁੱਖ ਫੜਿਆ ਹੋਇਆ ਹੈ।

੩. ਘੁੰਘਰਾਲੇ ਕੇਸ ਹੌਲੀ-ਹੌਲੀ ਮਾਨੋਂ (ਉਸ ਦੇ ਮੁਖੜੇ ਨੂੰ) ਹਵਾ ਦੇ ਰਹੇ ਹਨ, (ਕਵੀ ਦੇ) ਮਨ ਵਿਚ ਇੰਜ ਉਪਮਾ ਆਈ ਹੈ (ਉਹ ਅੱਗੇ ਬਿਆਨ ਕਰਦੇ ਹਨ-)

੪. ਮਾਨੋਂ ਉਹ ਮੂੰਹ ਕੰਵਲ ਵਰਗਾ ਹੈ, ਕਾਲੇ ਕੇਸ ਭੌਰਿਆਂ ਦੀਆਂ ਪੰਗਤੀਆਂ ਹਨ, ਜੋ ਬੜੇ ਖੁਸ਼ ਹੋ ਹੋ ਕੇ ਮੁੱਖ-ਕੰਵਲ ਉੱਪਰ ਸ਼ੋਰ ਕਰ ਰਹੇ ਹਨ।੧੦੩।

ਇਸ ਅਗਲੇ ਸਵਈਏ ਵਿਚ ਪੰਡਿਤ ਗੁਲਾਬ ਸਿੰਘ ਜੀ ਸਰਗੁਣ ਸਰੂਪ ਦੇ ਪਵਿੱਤਰ ਚਰਨਾਂ ਦੀ ਸ਼ਲਾਘਾ ਕਰਦੇ ਹੋਏ ਲਿਖਦੇ ਹਨ :

### ਸ੍ਵੈਯਾ।।

**੧. ਪਦ ਪਾਵਨ ਕੋਮਲ ਪੰਕਜ ਸੇ ਅਰੁਣਾ ਨਖ ਅੰਗੁਲ ਕੇ ਸਿਖ ਮਾਂਹੀ।**
**੨. ਸੁਭ ਅੰਕੁਸ ਔ ਪੁਨ ਬਜ੍ਰ ਧੁਜਾ ਕਿਲ ਕੰਜ ਲਸੇ ਪਦ ਪੰਕਜ ਮਾਂਹੀ।**
**੩. ਸਰਨਾਗਤ ਕੇ ਭਯ ਮੋਚਕ ਹੈਂ ਇਕ ਬੰਦਨ ਤੇ ਭਵ ਫੰਧਨ ਜਾਂਹੀ।**
**੪. ਧਜਿ ਪਾਨਰ ਚੇਤਾ ਸੁ ਕਾਤਬ ਖੰਡ ਭਜੇ ਹਰਿ ਪਾਦ ਤਰੇ ਜਗ ਮਾਂਹੀ।।੧੦੪।।**

Sri Satguru Jagjit Singh Ji eLibrary NamdhariElibrary@gmail.com

## ਪਦ ਅਰਥ :

ਪਦ=ਪੈਰ, ਚਰਨ। ਪਾਵਨ=ਪਵਿੱਤਰ। ਕੋਮਲ=ਕੂਲੇ, ਨਰਮ, ਮੁਲਾਇਮ। ਪੰਕਜ=ਕੰਵਲ ਫੁੱਲ। ਸੇ=ਵਰਗੇ। ਅਰੁਣਾ=ਲਾਲ। ਨਖ=ਨੌਂਹ। ਅੰਗੁਲ=ਉਂਗਲੀਆਂ। ਕੇ=ਦੇ। ਸਿਖ=ਸਿਰਾ। ਮਾਂਹੀ=ਵਿਚ। ਅੰਕੁਸ=ਕੁੰਡਾ। ਔ=ਅਤੇ। ਧੁਜਾ=ਝੰਡਾ। ਕਿਲ=ਨਿਸਚੇ ਕਰਕੇ। ਕੰਜ=ਕੰਵਲ ਫੁੱਲ। ਲਸੈ=ਚਮਕਣਾ, ਖਿੜਨਾ। ਪੰਕਜ=ਕਵਲ ਫੁੱਲ। ਸਰਨਾਗਤ=ਸ਼ਰਨ ਆਏ ਦੇ। ਭਯ=ਡਰ। ਮੋਚਕ=ਕੱਟਦੇ ਹਨ। ਹੈਂ=ਹਨ। ਬੰਦਨ=ਮੱਥਾ ਟੇਕਣਾ। ਤੇ=ਕਰਕੇ। ਭਵ=ਸੰਸਾਰ। ਫੰਧਨ=ਫਾਹ। ਜਾਂਹੀ=ਚਲੇ ਜਾਂਦੇ ਹਨ। ਭਜੇ=ਯਾਦ ਕਰੇ। ਤਰੇ=ਤਰ ਗਏ। ਪਾਦ=ਚਰਨ। ਬਜ੍ਰ=ਗਦਾ।

## ਅਰਥ :

੧. ਪੈਰ (ਚਰਨ) ਪਵਿੱਤਰ ਤੇ ਕੰਵਲ ਫੁੱਲ ਵਰਗੇ ਕੂਲੇ (ਹਨ, ਉਨ੍ਹਾਂ ਪੈਰਾਂ ਦੀਆਂ) ਉਂਗਲਾਂ ਦੇ ਨਹੁੰ ਸਿਰੇ ਤੋਂ ਲਾਲ ਹਨ।

੨. (ਫੇਰ ਉਹਨਾਂ ਚਰਨਾਂ 'ਚ) ਕੁੰਡੇ ਅਤੇ ਬਜ੍ਰ ਧੁਜਾ ਦਾ ਸੋਹਣਾ ਨਿਸ਼ਾਨ ਹੈ, ਨਿਸਚੇ ਨਾਲ (ਵਿਸ਼ਵਾਸ ਕਰੋ) ਬਹੁਤ ਸਾਰੇ ਕਮਲ ਫੁੱਲ ਚਮਕਦੇ (ਖਿੜੇ ਹੋਏ) ਹਨ!

੩. ਸ਼ਰਨ ਆਏ ਦੇ ਡਰ ਦੂਰ ਕਰਦੇ ਹਨ, ਚਰਨਾਂ 'ਤੇ ਮੱਥਾ ਟੇਕਣ ਨਾਲ ਹੀ ਜਗਤ ਦੇ ਫਾਹ ਕੱਟ ਦੇਂਦੇ ਹਨ।

੪. (ਇਸ ਲਈ ਹੇ ਭਾਈ!) ਭਾਰਥ ਖੰਡ ਦੀ ਧਰਤੀ 'ਤੇ ਮਨੁੱਖਾ ਸਰੀਰ ਧਾਰ ਕੇ ਜਿਸ ਨੇ ਵੀ ਪਰਮਾਤਮਾ ਦੇ ਚਰਨਾਂ ਦਾ ਧਿਆਨ ਕੀਤਾ ਹੈ ਸੰਸਾਰ ਤੋਂ ਮੁਕਤ ਹੋ ਗਿਆ। ੧੦੪।

ਅਗਲੇ ਸਵੱਈਏ ਵਿਚ ਪੰਡਤ ਗੁਲਾਬ ਸਿੰਘ ਜੀ ਸੰਤ ਦੇ ਜੀਵਨ ਬਾਰੇ ਆਖਦੇ ਹਨ। ਸੰਤ ਕਿਹੋ ਜਿਹਾ ਹੋਣਾ ਚਾਹੀਦਾ ਹੈ—

### ਸ੍ਵੈਯਾ।।

**੧. ਹਰਿ ਕੇ ਪਦ ਪੰਕਜ ਪ੍ਰੇਮ ਕਰੈ ਨ ਕਰੈ ਹਰਿ ਵੇਮੁਖ ਲੋਗਨ ਸੰਗਾ।**
**੨. ਨਹਿ ਆਪਨ ਮਾਨ ਸੁ ਭੂਲਿ ਚਹੇ ਪੁਨ ਔਰਨ ਕੋ ਨ ਕਰੇ ਮਨ ਭੰਗਾ।**
**੩. ਸਭ ਔਰ ਤਜੇ ਜਗ ਰੰਗ ਮਹਾਂ ਸੁ ਰਹੇ ਹਰਿ ਪੂਰਨ ਕੇ ਰਪ ਰੰਗਾ।**
**੪. ਇਕ ਠੌਰ ਅਹਾਰ ਕਰੇ ਨਾ ਸਦਾ ਸੁਭ ਸੰਤ ਧਰੇ ਬ੍ਰਿਤਿ ਨੀਰ ਬਿਹੰਗਾ।। ੧੦੫।।**

## ਪਦ ਅਰਥ :

ਪਦ=ਪੈਰ, ਚਰਨ। ਪੰਕਜ=ਕੰਵਲ ਫੁੱਲ। ਵੇਮੁਖ=ਰੱਬ ਤੋਂ ਟੁੱਟੇ ਹੋਏ ਬੰਦੇ, ਸਾਕਤ। ਸੰਗਾ=ਨਾਲ। ਮਾਨ=ਮਾਣ, ਸਤਿਕਾਰ। ਭੂਲਿ=ਭੁੱਲ ਕੇ ਵੀ। ਚਹੇ=ਚਾਹਵੇ। ਪੁਨ=ਫੇਰ। ਔਰਨ=ਹੋਰਾਂ। ਕੋ=ਦਾ। ਮਨ=ਦਿਲ। ਭੰਗਾ=ਤੋੜਨਾ। ਤਜੇ=ਛੱਡ ਦੇਵੇ। ਰੰਗ=ਪਿਆਰ। ਮਹਾ=ਬਹੁਤੇ, ਵੱਡੇ। ਰਪ=ਰਪਿਆ, ਮਿਲਿਆ ਰਹੇ। ਰੰਗਾ=ਰੰਗ ਵਿਚ। ਠੌਰ=ਜਗ੍ਹਾ। ਅਹਾਰ=ਭੋਜਨ, ਰੋਟੀ। ਸੁਭ ਸੰਤ=ਚੰਗੇ ਸੰਤ ਨੂੰ ਏਹ ਚਾਹੀਦਾ ਹੈ। ਧਰੇ=ਧਾਰੇ। ਬ੍ਰਿਤਿ=ਵਿਰਤੀ। ਨੀਰ=ਪਾਣੀ। ਬਿਹੰਗਾ=ਪੰਛੀ।

## ਅਰਥ :

੧. ਜੋ ਕੇਵਲ ਪਰਮਾਤਮਾ ਦੇ ਚਰਨ-ਕਮਲਾਂ ਵਿਚ ਪਿਆਰ ਕਰਦਾ ਹੈ ਤੇ ਰੱਬ ਤੋਂ ਟੁੱਟੇ ਹੋਏ ਸਾਕਤਾਂ ਦੀ ਸੰਗਤ ਨਹੀਂ ਕਰਦਾ।

੨. ਆਪਣਾ ਆਦਰ-ਮਾਣ ਭੁੱਲ ਕੇ ਨਹੀਂ ਚਾਹੁੰਦਾ ਤੇ ਹੋਰਨਾਂ ਦਾ ਦਿਲ ਕਦੇ ਤੋੜਦਾ ਨਹੀਂ।

੩. ਹੋਰ ਸਾਰੇ ਜਗਤ ਦੇ ਬੜੇ-ਬੜੇ ਪਿਆਰ ਛੱਡ ਦਿੰਦਾ ਹੈ ਕੇਵਲ ਤੇ ਕੇਵਲ ਰੱਬ ਦੇ ਪ੍ਰੇਮ-ਰੰਗ ਵਿਚ ਰੰਗਿਆ ਰਹਿੰਦਾ ਹੈ।

੪. (ਫੇਰ ਜੋ ਆਪਣੇ ਆਪ ਨੂੰ : ਵਿਰਕਤ ਸਾਧੂ ਕਹਾਉਂਦਾ ਹੈ, ਉਹ) ਇਕ ਜਗ੍ਹਾ (ਇਕ ਘਰ) ਹਮੇਸ਼ਾ ਰੋਟੀ ਨਾ ਖਾਵੇ (ਜਿਵੇਂ ਪੰਛੀ ਅੱਜ ਕਿਤੇ ਕਲ੍ਹ ਕਿਸੇ ਹੋਰ ਜਗ੍ਹਾ) ਖੁਰਾਕ ਖਾਂਦੇ ਹਨ।

## ਭਾਵ

ਪੰਛੀ ਕੋਈ ਘਰ ਨਹੀਂ ਬਣਾਉਂਦੇ, ਪੰਛੀ ਧਨ ਇਕੱਠਾ ਨਹੀਂ ਕਰਦੇ ਉਹ ਜਿਥੋਂ ਚੋਗ ਮਿਲੀ ਖਾ ਕੇ ਤੁਰ ਜਾਂਦੇ ਹਨ

ਤੇ ਕਿਸੇ ਹੋਰ ਜਗ੍ਹਾ ਰੈਣ ਬਸੇਰਾ ਕਰਕੇ ਸਮਾਂ ਲੰਘਾ ਲੈਂਦੇ ਹਨ। ਗੁਰੂ ਸਾਹਿਬ ਦਾ ਫੁਰਮਾਨ ਹੈ :

ਪਰੰਦਏ ਨ ਗਿਰਾਹ ਜਰ।। ਦਰਖਤ ਆਬ ਆਸ ਕਰ।। (ਵਾਰ ਮਾਝ, ਪੰਨਾ ੧੪੪)

ਇਸ ਸਵੱਈਏ ਵਿਚ ਕਵੀ ਜੀ ਦੱਸਦੇ ਨੇ ਕਿ ਬ੍ਰਹਮਾ ਨੇ ਜੋ ਕੰਮ ਕੀਤਾ ਸੋਚ-ਸਮਝ ਨਹੀਂ ਕੀਤਾ—

**ਸ੍ਵੈਯਾ।।**

**੧. ਬਿਧ ਏਕ ਅਨੀਤਿ ਕਰੀ ਜਗ ਮੈਂ, ਸੁਭ ਸੰਤਨ ਕੇ ਤਨ ਪੇਟ ਲਗਾਏ।**
**੨. ਮੁਖਚਾਰ ਨ ਫੇਰ ਬਿਚਾਰ ਕੀਯੋ, ਤ੍ਰਿਨ ਪੱਲਵ ਨਾਹਿ ਅਹਾਰ ਬਨਾਏ।**
**੩. ਅਤਿ ਦੀਨ ਮਲੀਨ ਦੁਖੀ ਨਰ ਜੋ, ਤਿਨ ਕੇ ਘਰ ਭੀਤਰਿ ਭੀਖ ਮੰਗਾਏ।**
**੪. ਮਨ ਕੇ ਅਨੁਸਾਰ ਰਚੇ ਜਗ ਕੋ, ਬਿਧ ਜਾਨਤ ਹੌਂ ਨਹ ਸੀਖ ਬਨਾਏ।। ੧੦੬।।**

**ਪਦ ਅਰਥ :**

ਬਿਧ=ਬ੍ਰਹਮਾ। ਅਨੀਤਿ=ਨੀਤੀ ਤੋਂ ਉਲਟ, ਅਯੋਗ। ਕਰੀ=ਕੀਤੀ। ਮੈਂ=ਵਿਚ। ਸੁਭ=ਚੰਗੇ। ਸੰਤਨ=ਸੰਤਾਂ ਦੇ। ਤਨ=ਸਰੀਰ। ਮੁਖਚਾਰ=ਬ੍ਰਹਮਾ। ਫੇਰ=ਮੁੜ। ਬਿਚਾਰ=ਸੋਚ। ਕੀਯੋ=ਕੀਤਾ। ਤ੍ਰਿਨ=ਘਾਹ। ਪੱਲਵ=ਪੱਤੇ। ਅਹਾਰ=ਭੋਜਨ, ਖੁਰਾਕ। ਅਤਿ=ਬਹੁਤ। ਦੀਨ=ਗਰੀਬ। ਮਲੀਨ=ਗਲੀਚ, ਗੰਦੇ। ਦੁਖੀ=ਬੀਮਾਰ। ਜੋ=ਜੇਹੜੇ। ਤਿਨ ਕੇ=ਉਹਨਾਂ ਦੇ। ਭੀਤਰਿ=ਵਿਚੋਂ। ਭੀਖ=ਭਿਖਿਆ, ਖੈਰ। ਮਨ ਅਨੁਸਾਰ=ਮਨ ਮਰਜ਼ੀ ਨਾਲ। ਰਚੇ=ਬਣਾਏ। ਕੋ=ਨੂੰ। ਬਿਧ=ਬ੍ਰਹਮਾ। ਜਾਨਤ=ਜਾਣਦਾ। ਹੌਂ=ਹਾਂ। ਸੀਖ=ਸਿਖਿਆ, ਮਤ। ਬਨਾਏ=ਬਣਾ ਕੇ, ਸੁਆਰ ਕੇ।

**ਅਰਥ :**

੧. ਬ੍ਰਹਮਾ ਨੇ ਇਕ ਅਯੋਗਤਾ ਕੀਤੀ ਹੈ, ਉਹ ਕੀ? (ਉੱਤਰ ਇਹ ਕਿ) ਸੰਤਾਂ-ਮਹਾਤਮਾ ਦੇ ਸਰੀਰਾਂ ਨੂੰ ਢਿਡ ਲਗਾ ਦਿੱਤੇ। ਇਹੋ ਉਲਟ ਕੰਮ ਕੀਤਾ ਹੈ।

੨. ਬ੍ਰਹਮਾ ਨੇ (ਸੰਤਾਂ ਮਹਾਤਮਾ ਦੇ ਸਰੀਰਾਂ ਨੂੰ ਪੇਟ ਲਗਾ ਕੇ) ਫੇਰ ਵੀ ਇਹ ਨਹੀਂ ਸੋਚਿਆ ਕਿ (ਜੰਗਲ ਵਿਚ) ਘਾਹ ਪੱਤੇ ਉਹਨਾਂ ਦੀ ਖੁਰਾਕ ਬਣਾ ਦਿੰਦਾ ਪਰ ਇਹੋ ਜਿਹਾ ਭੋਜਨ ਨਹੀਂ ਬਣਾਇਆ।

੩. ਜੋ ਬਹੁਤ ਹੀ ਗਰੀਬੜੇ, ਗੰਦੇ, ਬੀਮਾਰ ਮਨੁੱਖਾਂ ਦੇ ਘਰਾਂ ਵਿਚੋਂ (ਉਹਨਾਂ ਸੰਤਾਂ ਤੋਂ) ਭਿਖਿਆ ਮੰਗਵਾ ਦਿੱਤੀ।

੪. ਇਹ ਗੱਲ ਮੈਂ ਜਾਣਦਾ ਹਾਂ ਕਿ ਬ੍ਰਹਮਾ ਨੇ ਜੋ ਮਨ ਆਇਆ ਬਣਾ ਦਿੱਤਾ, ਸੰਸਾਰ ਬਣਾਉਣ ਲੱਗਿਆਂ, ਕਿਸੇ ਤੋਂ ਸਿੱਖ ਕੇ ਨਹੀਂ ਬਣਾਇਆ, ਭਾਵ ਕਿਸੇ ਤੋਂ ਸਿੱਖ ਮਤ ਨਹੀਂ ਲਈ। ੧੦੬।

ਲੰਮੀ ਸੋਚ-ਵਿਚਾਰ ਤੋਂ ਬਾਅਦ ਕਹਿੰਦੇ ਨੇ ਕਿ ਬ੍ਰਹਮਾ ਨੇ ਠੀਕ ਹੀ ਕੀਤਾ ਹੈ—

**ਸ੍ਵੈਯਾ।।**

**੧. ਸੁਭ ਸੰਤ ਕਰੇ ਤਪਸਾ ਤਨ ਕੈ, ਮਨ ਕੈ ਹਰਿ ਸੇਵਤ ਧਯਾਨ ਲਗਾਏ।**
**੨. ਜਿਨ ਕੇ ਪਦ ਤੀਰਥ ਤੇ ਅਤਿ ਪਾਵਨ, ਹੇਰਨ ਤੇ ਜਨ ਦੁਖ ਪਲਾਏ।**
**੩. ਬਿਧ ਨੀਤਿ ਬਿਚਾਰ ਕ੍ਰਿਯੋ ਮਨ ਮੈਂ, ਸੁਭ ਸੰਤਨ ਕੇ ਤਨ ਪੇਟ ਲਗਾਏ।**
**੪. ਮਿਸ ਭੋਜਨ ਕੇ ਸੁ ਰਟੇ ਘਰ ਮੈਂ, ਪਦ ਤੀਰਥ ਤੇ ਜਨ ਪਾਪ ਘਟਾਏ।। ੧੦੭।।**

**ਪਦ ਅਰਥ :**

ਸੁਭ=ਚੰਗੇ, ਅੱਛੇ। ਕਰੇ=ਕਰਦੇ ਹਨ। ਤਪਸਾ=ਤਪ, ਤਪੱਸਿਆ। ਕੈ=ਕਰਕੇ। ਧਯਾਨ=ਸਮਾਧੀ। ਸੇਵਤ=ਸੇਂਵਦੇ, ਸਿਮਰਨ ਕਰਦੇ ਹਨ। ਜਿਨ ਕੇ=ਜਿਨ੍ਹਾਂ ਦੇ। ਪਦ=ਪੈਰ, ਚਰਨ। ਨੀਤਿ=ਢੰਗ, ਤਰੀਕਾ,ਰੀਤੀ। ਤੇ=ਤੋਂ। ਅਤਿ=ਬਹੁਤ ਹੀ, ਜ਼ਿਆਦਾ। ਪਾਵਨ=ਪਵਿੱਤਰ। ਹੇਰਨ=ਦੇਖਣ। ਤੇ=ਕਰਕੇ। ਹੇਰਨ ਤੇ=ਦੇਖਣ ਨਾਲ ਹੀ। ਜਨ=ਮਨੁੱਖ। ਪਲਾਏ=ਚਲੇ ਜਾਂਦੇ ਹਨ, ਦੂਰ ਹੋ ਜਾਂਦੇ ਹਨ। ਬਿਧਿ=ਬ੍ਰਹਮਾ ਨੇ। ਬਿਚਾਰ=ਸੋਚ। ਮੈਂ=ਵਿਚ। ਮਿਸ=ਬਹਾਨਾ। ਭੋਜਨ ਕੇ=ਰੋਟੀ ਦੇ। ਸੁ=ਉਹ। ਰਟੇ=ਫਿਰਦੇ ਹਨ। ਘਰ ਮੈਂ=ਘਰਾਂ ਵਿਚ। ਤੀਰਥ=ਪਵਿੱਤਰ। ਤੇ=ਨਾਲ, ਕਰਕੇ।

**ਅਰਥ :**

੧. (ਬੰਦਗੀ ਵਾਲੇ) ਚੰਗੇ ਸੰਤ (ਜੰਗਲ ਵਿਚ ਜਾ ਕੇ) ਤਪ ਕਰਦੇ ਹਨ, ਸਰੀਰ ਨਾਲ, ਸਮਾਧੀ ਲਾ ਕੇ ਮਨ ਨਾਲ ਵਾਹਿਗੁਰੂ ਦਾ ਸਿਮਰਨ ਕਰਦੇ ਹਨ।

੨. ਜਿਨ੍ਹਾਂ ਦੇ ਚਰਨ ਤੀਰਥ-ਸਥਾਨ ਨਾਲੋਂ ਵੀ ਬਹੁਤ ਹੀ ਪਵਿੱਤਰ ਹਨ, (ਫੇਰ ਜਿਨ੍ਹਾਂ ਦੇ) ਦਰਸ਼ਨ ਕਰਨ ਨਾਲ ਹੀ ਮਨੁੱਖ ਦੇ ਦੁੱਖ-ਦਰਦ ਦੂਰ ਹੋ ਜਾਂਦੇ ਹਨ। ਭਾਵ ਨਾਸ ਹੋ ਜਾਂਦੇ ਹਨ।

੩. ਬ੍ਰਹਮਾ ਨੇ ਮਨ ਵਿਚ (ਇਹ ਸੋਹਣਾ) ਤਰੀਕਾ ਵਿਚਾਰਿਆ ਕਿ ਜੋ ਭਜਨੀਕ ਸੰਤਾਂ ਦੇ ਸਰੀਰਾਂ ਨੂੰ ਢਿੱਡ ਲਗਾ ਦਿੱਤੇ ਹਨ।

੪. (ਉਹ ਸੰਤ ਪੇਟ ਵਾਸਤੇ ਜਦੋਂ) ਪ੍ਰਸ਼ਾਦਾ ਲੈਣ ਦੇ ਬਹਾਨੇ ਗ੍ਰਿਹਸਤੀਆਂ ਦੇ ਘਰਾਂ ਵਿਚ ਫਿਰਨਗੇ ਉਨ੍ਹਾਂ ਦੇ ਪਵਿੱਤਰ ਚਰਨ ਪੈਣ ਨਾਲ ਗ੍ਰਿਹਸਤੀ-ਮਨੁੱਖਾਂ ਦੇ ਮਾੜੇ ਕਰਮ ਘਟ ਜਾਣਗੇ। ੧੦੭।

**ਅਰਥਾਤ :**

ਉਪਰੋਕਤ ਸਵੱਈਏ ਵਿਚ ਪੰਡਿਤ ਗੁਲਾਬ ਸਿੰਘ ਜੀ ਬੜੀ ਲੰਮੀ ਸੋਚ ਵਿਚਾਰ ਤੋਂ ਬਾਅਦ ਇਸ ਸਿੱਟੇ 'ਤੇ ਪੁੱਜਦੇ ਹਨ ਕਿ ਬ੍ਰਹਮਾ ਨੇ ਠੀਕ ਹੀ ਕੰਮ ਕੀਤਾ ਜੇਕਰ ਮਹਾਤਮਾ ਨੂੰ ਭੁੱਖ ਨਾ ਲੱਗਦੀ ਉਹ ਗ੍ਰਿਹਸਤੀ ਦੇ ਦਰਵਾਜ਼ੇ 'ਤੇ ਆਉਂਦੇ ਹੀ ਨਾ, ਤਾਂ ਉਹਨਾਂ ਦੀ ਕਲਿਆਨ ਕਿਵੇਂ ਹੁੰਦੀ। ਉਹਨਾਂ ਜੰਗਲ ਵਿਚ ਰਹਿਣਾ ਸੀ ਤੇ ਸਦ ਗ੍ਰਿਹਸਤੀਆਂ ਦਾ ਭਲਾ ਕਿਵੇਂ ਹੁੰਦਾ ?

ਸੰਤਾਂ ਦੇ ਸਮਦ੍ਰਿਸ਼ਟੀ ਸੁਭਾਅ ਬਾਰੇ ਬਿਆਨ ਕਰਦੇ ਹਨ—

**ਸ੍ਵੈਯਾ।।**

**੧. ਮਾਨ ਅਮਾਨ ਨਹੀਂ ਜਿਨ ਕੋ,ਸੁ ਨਹੀਂ ਧਨ ਨੀਰ ਤ੍ਰਿਖਾ ਉਰਿ ਭਾਰੀ।**
**੨. ਜੀਵਨ ਆਸ ਨਹੀਂ ਉਰ ਮੈਂ,ਪੁਨ ਕਾਲਹ ਕੀ ਮਨ ਚਿੰਤ ਬਿਸਾਰੀ।**
**੩. ਹੈ ਉਰ ਮਾਂਹ ਖਿਮਾ ਪਰਿਪੂਰਨ,ਤੂਰਨ ਗਜਾਨ ਕਲਾ ਉਰਿ ਧਾਰੀ।**
**੪. ਸੰਤ ਇਸੇ ਵਿਰਲੇ ਪਿਖੀਏ,ਭਵ ਮੰਡਲ ਮੈਂ ਜਨ ਕੋ ਸੁਖ ਕਾਰੀ।। ੧੦੮।।**

**ਪਦ ਅਰਥ :**

ਮਾਨ=ਆਦਰ। ਅਮਾਨ=ਨਿਰਾਦਰ। ਕੋ=ਨੂੰ। ਨੀਰ=ਪਾਣੀ। ਤ੍ਰਿਖਾ=ਪਿਆਸ, ਤ੍ਰੇਹ। ਉਰਿ=ਹਿਰਦਾ। ਭਾਰੀ=ਬਹੁਤੀ। ਧਨ ਨੀਰ=ਦੌਲਤ ਰੂਪ ਪਾਣੀ। ਜੀਵਨ=ਜ਼ਿੰਦਗੀ। ਮੈਂ=ਵਿਚ। ਪੁਨ=ਫੇਰ। ਕਾਲਹ=ਮੌਤ ਦੀ। ਚਿੰਤ=ਫਿਕਰ। ਬਿਸਾਰੀ=ਭੁਲਾ ਦਿੱਤੀ। ਮਾਂਹ=ਵਿਚ। ਪਰਿਪੂਰਨ=ਸੰਪੂਰਨ, ਭਰਪੂਰ। ਤੂਰਨ=ਛੇਤੀ। ਗਜਾਨ=ਆਪੇ ਦੀ ਸੋਝੀ। ਕਲਾ=ਸ਼ਕਤੀ। ਇਸੇ=ਅਜਿਹੇ, ਇਹੋ ਜਿਹੇ। ਵਿਰਲੇ=ਟਾਵੇਂ, ਟਾਵੇਂ। ਪਿਖੀਏ=ਦੇਖੇ ਜਾਂਦੇ ਹਨ। ਕੋ=ਨੂੰ। ਭਵ ਮੰਡਲ=ਸੰਸਾਰ। ਕਾਰੀ=ਕਰਨ ਵਾਲੇ।

**ਅਰਥ :**

੧. ਆਦਰ ਤੇ ਨਿਰਾਦਰ ਜਿਨ੍ਹਾਂ (ਸੰਤਾਂ) ਨੂੰ ਨਹੀਂ ਹੈ, (ਫੇਰ) ਉਹਨਾਂ ਦੇ ਦਿਲ ਵਿਚ ਦੌਲਤ ਰੂਪ ਪਾਣੀ ਦੀ ਪਿਆਸਾ ਨਹੀਂ।

੨. (ਉਹਨਾਂ ਸੰਤਾਂ ਦੇ) ਮਨ ਵਿਚ ਜਿਊਣ ਦੀ ਤਮੰਨਾ ਨਹੀਂ, ਫੇਰ ਮੌਤ ਦੀ ਵੀ (ਉਨ੍ਹਾਂ) ਸੋਚ ਲਾਹ ਦਿੱਤੀ ਹੈ।

੩. (ਉਹਨਾਂ ਦਾ ਕੋਈ ਨਿਰਾਦਰ ਕਰ ਦੇਵੇ, ਉਹਨਾਂ ਨੂੰ ਕੋਈ ਅਪਮਾਨਤ ਕਰ ਦੇਵੇ ਉਸ ਗੁਨਾਹਗਾਰ ਨੂੰ ਉਹ ਸੰਤ ਸਜ਼ਾ ਦੇ ਸਕਦੇ ਹਨ, ਲੇਕਿਨ ਫੇਰ ਵੀ ਉਹ ਉਸ ਦੋਸ਼ੀ ਨੂੰ ਮੁਆਫ ਕਰ ਦੇਂਦੇ ਹਨ ਕਾਰਨ?) ਉਹਨਾਂ ਦੇ ਦਿਲ ਵਿਚ ਛਿਮਾ ਭਰਪੂਰ ਹੈ (ਫੇਰ ਉਹਨਾਂ) ਜਲਦੀ ਆਪਣੇ ਆਪ ਦੀ ਸੋਝੀ ਦੀ ਕਲਾ ਦਿਲ ਵਿਚ ਵਸਾ ਲਈ ਹੈ।

੪. ਅਜਿਹੇ ਸੰਤ ਬਹੁਤ ਹੀ ਘੱਟ ਦੇਖੇ ਜਾਂਦੇ ਹਨ, ਸੰਸਾਰ ਮੰਡਲ ਵਿਚ ਜੋ ਮਨੁੱਖਾਂ ਨੂੰ ਸੁਖ (ਦੀ ਬਖਸ਼ਿਸ਼) ਕਰਨ ਵਾਲੇ ਹਨ। ੧੦੮।

ਇਸ ਸਵਈਏ ਵਿਚ ਸੰਤਾਂ ਦੀ ਸੰਗਤ ਨੂੰ ਅੰਬਾਂ ਦੇ ਬਾਗ ਦੀ ਬਰਾਬਰੀ ਦੇ ਰਹੇ ਹਨ—

ਸ੍ਵੈਯਾ।।

**੧. ਜਗ ਸੂਰਜ ਆਤਪ ਦੂਖ ਮਿਟੇ, ਫਲ ਸੂਖ ਸੁ ਨਿੰਮ੍ਰਿਤ ਹੈ ਜਗ ਮਾਹੀ।**
**੨. ਪਿਕ ਵਾਕ ਰਟੇ ਸੁਭ ਬੈਸ ਜਹਾਂ, ਨਿਜ ਬੋਧ ਸੁ ਸੌਰਭ ਹੈ ਜਗ ਮਾਹੀ।**
**੩. ਸੁਭ ਸਾਧਨ ਪੱਲਵ ਛਾਜਤ ਹੈ, ਜਲ ਸਾਂਤਿ ਭਰੇ ਅਲਬਾਲਨ ਮਾਹੀ।**
**੪. ਚਲ ਰੇ ਮਨ ਢੀਲ ਕਰੋ ਨਾ ਅਬੈ, ਸੁਭ ਸੰਤ ਰਸਾਲਨ ਕੇ ਬਨ ਮਾਹੀ।। ੧੦੯।।**

**ਪਦ ਅਰਥ :**

ਆਤਪ=ਧੁੱਪ, ਤਪਸ਼। ਪਿਕ=ਕੋਇਲ। ਵਾਕ=ਆਵਾਜ਼। ਰਟੇ=ਬੋਲਦੀ। ਨਿਜ=ਆਪਣਾ। ਬੋਧ=ਗਿਆਨ। ਸੌਰਭ=ਸੁਗੰਧੀ, ਖੁਸ਼ਬੋ। ਪੱਲਵ=ਪੱਤੇ। ਜਲ=ਪਾਣੀ। ਸਾਂਤਿ=ਠੰਡ। ਅਲਬਾਲਨ=ਆਸੇ-ਪਾਸੇ, ਗੋਲ ਕਿਆਰਾ, ਬ੍ਰਿਛ ਦੇ ਚੁਫੇਰੇ ਕੀਤੀ ਵੱਟ, ਜਿਸ ਵਿਚ ਪਾਣੀ ਠਹਿਰਦਾ ਹੈ। ਢੀਲ=ਦੇਰੀ। ਅਬੈ=ਹੁਣ। ਸੁਭ ਸੰਤ=ਚੰਗੇ ਸੰਤ, ਭਜਨ-ਬੰਦਗੀ ਵਾਲੇ। ਰਸਾਲਨ=ਰਸ ਵਾਲੇ ਅੰਬਾਂ ਦੇ ਬਾਗ। ਬਨ=ਬਾਗ, ਬਗੀਚਾ। ਮਾਹੀ=ਵਿਚ। ਬੋਧ=ਗਿਆਨ, ਜਾਣਕਾਰੀ, ਆਪਣੇ ਆਪ ਦੀ ਜਾਣਕਾਰੀ। ਛਾਜਤ=ਫੱਬਦੇ ਹਨ।

**ਅਰਥ :**

੧. ਜਗਤ ਸੂਰਜ ਬਰਾਬਰ ਹੈ, ਆਸ਼ਾ ਤ੍ਰਿਸ਼ਨਾ, ਈਰਖਾ-ਬਖੀਲੀ, ਮਮਤਾ-ਹੰਕਾਰ ਇਹ ਇਸ ਦੀ ਧੁੱਪ ਹੈ (ਇਸ ਸੰਸਾਰ ਵਿਚ ਸੰਤਾਂ ਦਾ ਸੰਗ ਮਾਨੋ ਇਕ ਅੰਬਾਂ ਦਾ ਬਾਗ ਹੈ, ਇਸ ਬਾਗ ਵਿਚ ਬੈਠਿਆਂ ਉਪ੍ਰੋਕਤ ਦੱਸੇ ਵਿਕਾਰਾਂ ਦਾ) ਦੁੱਖ ਦੂਰ ਹੋ ਜਾਂਦਾ ਹੈ ਸੁਖ ਰੂਪ ਫਲ ਤੇ ਨਿਮਰਤਾ ਰੂਪ ਛਾਂ ਦੀ ਪ੍ਰਾਪਤੀ ਹੁੰਦੀ ਹੈ।

ਸਵਾਲ : ਜੀ ਅੰਬਾਂ ਦੇ ਬਾਗ ਵਿਚ ਤਾਂ ਕੋਇਲ ਬੋਲਦੀ ਹੈ, ਏਧਰ ਕੋਇਲ ਕਿਹੜੀ ਹੈ? ਜਵਾਬ :

੨. (ਸੰਤਾਂ ਮਹਾਤਮਾ ਦੀ) ਜ਼ਬਾਨ ਮਾਨੋਂ ਕੋਇਲ ਹੈ ਜੋ ਸੋਹਣੇ-ਸੋਹਣੇ ਬਚਨ ਕਰਦੇ ਹਨ ਏਹ ਮਾਨੋਂ ਇਹ ਕੋਇਲ ਦੀ ਆਵਾਜ਼ ਹੈ, ਸੰਸਾਰ ਵਿਚ ਜੋ ਆਪਣੇ ਆਪੇ ਦਾ (ਬੋਧ) ਗਿਆਨ ਏਹ ਸੁਗੰਧੀ (ਖੁਸ਼ਬੋ) ਹੈ।

੩. (ਵੈਰਾਗ, ਬਿਬੇਕ, ਖੱਟ ਸੰਪੱਤੀ, ਮੋਖ ਇੱਛਾ, ਸੇਵਾ ਸਿਮਰਨ, ਭਗਤੀ, ਨਾਮ ਦਾ ਜਾਪ ਪਰਮੇਸ਼ਰ ਪ੍ਰਾਪਤੀ ਦੇ ਮਾਨੋਂ) ਇਹ ਸੋਹਣੇ ਸਾਧਨ ਇਹ ਪੱਤੇ ਫੱਬ ਰਹੇ ਹਨ। (ਚਾਰ ਚੁਫੇਰੇ ਸਿੱਖ ਸੰਗਤਾਂ ਦਾ ਇਕੱਠ ਮਾਨੋਂ ਇਹ) ਵੱਟਾਂ ਹਨ। ਇਹਨਾਂ ਵਿਚ ਸਾਂਤੀ ਰੂਪ ਪਾਣੀ ਭਰਿਆ ਹੋਇਆ ਹੈ।

੪. ਹੇ ਮਨ! ਉਹਨਾਂ ਸੋਹਣੇ ਸੰਤਾਂ ਰੂਪ ਅੰਬਾਂ ਦੇ ਬਾਗ ਵਿਚ (ਨਿਰਸੰਕੋਚ) ਬਿਨਾਂ ਦੇਰੀ ਤੋਂ ਛੇਤੀ ਚਲ। ੧੦੯।

ਦੋਹਰਾ।।

**੧. ਵਿਦਯਾ ਧਨ ਕੋ ਪਾਇ ਕਰਿ, ਨਿੰਮ੍ਰਿਤ ਪੁਰਖ ਉਦਾਰ।**
**੨. ਕੀਰਤਿ ਯਾ ਜਗ ਮੈ, ਘਨੀ, ਬਹੁਰੋ ਸੂਖ ਅਪਾਰ ।। ੧੧੦।।**

**ਪਦ ਅਰਥ :**

ਧਨ=ਦੌਲਤ। ਵਿਦਯਾ=ਪੜ੍ਹਨ ਲਿਖਣ ਰੂਪ, ਹੁਨਰ, ਟੈਕਨੀਕਲ ਕੰਮ ਦੀ ਜਾਣਕਾਰੀ, ਕਿਸੇ ਤਰ੍ਹਾਂ ਦਾ ਵੀ ਕੰਮ ਸਿੱਖ ਕੇ ਹੰਕਾਰ ਨਾ ਕਰੇ। ਉਦਾਰ=ਬਹੁਤਾ। ਕੀਰਤਿ=ਸੋਭਾ, ਉਸਤਤੀ। ਯਾ=ਇਸ। ਘਨੀ=ਬਹੁਤੀ। ਬਹੁਰੋ=ਮੁੜ, ਫੇਰ। ਅਪਾਰ=ਬਹੁਤੇ।

**ਅਰਥ :**

੧. (ਆਦਮੀ ਨੂੰ ਚਾਹੀਦਾ ਹੈ ਕਿ) ਵਿਦਿਆ ਰੂਪ ਦੌਲਤ ਪਾ ਕੇ ਬਹੁਤੀ ਨਿੰਮਰਤਾ ਧਾਰਨ ਕਰੇ (ਜਿਵੇਂ ਦਰੱਖਤ ਫਲ ਲੱਗਣ 'ਤੇ ਉਸ ਦੀਆਂ ਟਾਹਣੀਆਂ ਝੁਕ ਜਾਂਦੀਆਂ ਹਨ)। ਉਸ ਦਾ ਕੀ ਫਲ ਹੁੰਦਾ ਹੈ? ਉੱਤਰ :

੨. ਏਸ ਸੰਸਾਰ ਵਿਚ ਉਸ ਦੀ ਬੜੀ ਸੋਭਾ ਹੁੰਦੀ ਹੈ, ਮੁੜ ਬਹੁਤੇ ਆਤਮਕ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ੧੧੦।

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਸ੍ਵੈਯਾ।।

**੧. ਫਲ ਭੂਰ ਭਏ ਤਰੁ ਭੂਮਿ ਲਟੇ; ਅਰਥੀ ਨਹਿ ਲੇਵਨ ਮੈਂ ਦੁਖ ਪਾਵੈ।**
**੨. ਨਭ ਨੂਤਨ ਨੀਰ ਭਰੇ ਬਦਰਾ; ਲਟ ਭੂਮਿ ਵਿਖੈ ਜਲ ਧਾਰ ਬਹਾਵੈ।**
**੩. ਨਰ ਉਤਮ ਸੰਪਤਿ ਪਾਇ ਭਲੇ; ਤਜਿ ਊਰਧਤਾ ਉਪਕਾਰ ਕਮਾਵੈ।**
**੪. ਗੁਣ ਨੀਰ ਫਲੰ ਧਨ ਦਾਨ ਕਰੇ; ਸੁਖ ਸੰਪਤ ਔ ਜਗ ਮੈਂ ਸੁਖ ਪਾਵੈ।। ੧੧੧।।**

**ਪਦ ਅਰਥ :**

ਭੂਰ=ਬਹੁਤੇ। ਭਏ=ਹੋਣ ਨਾਲ। ਤਰੁ=ਦਰੱਖਤ, ਬ੍ਰਿਛ। ਭੂਮਿ=ਧਰਤੀ। ਲਟੇ=ਲਿਟ ਜਾਂਦਾ, ਝੁਕ ਜਾਂਦਾ ਹੈ। ਅਰਥੀ=ਸੁਆਲੀ, ਗਾਹੀ, ਲੋੜਵੰਦ। ਪਾਵੈ=ਪਾਉਂਦਾ ਹੈ, ਝਲਦਾ। ਨਭ=ਅਕਾਸ਼। ਨੂਤਨ=ਨਵਾਂ। ਭਰੇ=ਭਰ ਕੇ। ਬਦਰਾ=ਬੱਦਲ। ਲਟ=ਝੁਕ ਕੇ। ਭੂਮਿ=ਧਰਤੀ, ਜ਼ਮੀਨ 'ਤੇ। ਜਲਧਾਰਾ=ਵਰਖਾ। ਬਹਾਵੈ=ਵਰਸਾਂਦਾ ਹੈ, ਵਰਖਾ ਕਰਦਾ ਹੈ। ਉਤਮ=ਚੰਗੇ, ਦਾਨਸ਼ਵੰਦ। ਸੰਪਦ=ਧਨ-ਦੌਲਤ। ਭਰ=ਬਹੁਤ। ਉਪਕਾਰ=ਨੇਕ ਕੰਮ, ਦੂਜੇ ਦਾ ਭਲਾ। ਕਮਾਵੈ=ਕਮਾਉਂਦਾ ਹੈ, ਕਰਦਾ ਹੈ। ਨੀਰ=ਪਾਣੀ। ਫਲੰ=ਫਲ ਦਾ। ਔ=ਅਤੇ। ਪਾਵੈ=ਪਾਉਂਦਾ ਹੈ।

**ਅਰਥ :**

੧. ਬਹੁਤ ਸਾਰੇ ਫਲ ਲੱਗਣ ਨਾਲ ਦਰੱਖਤ ਝੁਕ ਜਾਂਦਾ ਹੈ ਤਾਂਕਿ ਫਲ ਲੈਣ ਲੱਗਿਆਂ ਕਿਸੇ ਪ੍ਰਕਾਰ ਦਾ ਦੁੱਖ ਨਾ ਪਾਵੇ ਅਰਥਾਤ ਸਵਾਲੀ ਨੂੰ ਫਲ ਤੋੜਨ ਵਿਚ ਕੋਈ ਤਕਲੀਫ ਨਾ ਹੋਵੇ।

੨. ਬੱਦਲ ਅਕਾਸ਼ ਵਿਚ ਨਵਾਂ ਪਾਣੀ ਭਰ ਕੇ ਆਉਂਦਾ ਹੈ ਝੁਕ ਕੇ ਪਾਣੀ ਦੀ ਧਾਰਾ ਵਗਾਉਂਦਾ ਹੈ। ਭਾਵ ਮੋਲ੍ਹੇ ਧਾਰ ਵਰਖਾ ਕਰਦਾ ਹੈ। ਅਰਥਾਤ ਉਹ ਬੱਦਲ ਵੀ ਪਾਣੀ ਭਰ ਕੇ ਨੀਵਾਂ ਹੋ ਜਾਂਦਾ ਹੈ। ਏਸੇ ਤਰ੍ਹਾਂ

੩. ਚੰਗਾ ਮਨੁੱਖ ਦੌਲਤ ਪਾ ਕੇ ਧਨ ਦਾ ਮਾਣ ਛੱਡ ਕੇ (ਵੱਡਪੁਨਾ ਛੱਡ ਕੇ) ਦੂਜੇ ਦਾ ਭਲਾ ਕਰਦਾ ਹੈ।

੪. ਮਨੁੱਖ ਗੁਣ ਪਾ ਕੇ ਨਿੰਮਰਤਾ ਧਾਰੇ, ਜਿਵੇਂ ਬੱਦਲ ਪਾਣੀ ਪਾ ਕੇ ਝੁਕ ਜਾਂਦਾ ਹੈ, ਬ੍ਰਿਛ ਫਲ ਪਾ ਕੇ ਨੀਵਾਂ ਹੋ ਜਾਂਦਾ ਹੈ, ਗਰੀਬ ਅਦਮੀ ਨੂੰ ਦੌਲਤ ਮਿਲ ਜਾਵੇ ਤਾਂ ਉਹ ਹੰਕਾਰ ਛੱਡ ਕੇ ਲੋੜਵੰਦਾਂ ਵਿਚ ਵੰਡ ਕੇ, ਜੋ ਦੂਜੇ ਨੂੰ ਸੁਖ ਦੇਂਦਾ ਹੈ, ਉਸ ਨੂੰ ਹੋਰ ਸੰਪਦਾ ਤੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ੧੧੧।

ਦੋਹਰਾ।।

**੧. ਗੁਣੀ ਗੁਰੂ ਉਪਦੇਸ਼ ਕੋ; ਰਾਖੋ ਮਨ ਨਿਰਧਾਰ।**
**੨. ਬੰਧਨ ਤੇਰੇ ਜਗਤ ਕੇ; ਮਿਟਤ ਨ ਲਾਗੇ ਬਾਰ।। ੧੧੨।।**

**ਪਦ ਅਰਥ :**

ਗੁਣੀ=ਗੁਣਵਾਨ, ਵਿਦਵਾਨ, ਸਿਆਣਾ। ਉਪਦੇਸ਼=ਸਿਖਿਆ। ਰਾਖੋ=ਰੱਖੋ। ਨਿਰਧਾਰ=ਨਿਰਨਾ ਕਰਕੇ, ਸੋਚ-ਸਮਝ ਕੇ। ਬੰਧਨ=ਰੁਕਾਵਟਾਂ, ਵਿਘਨ। ਮਿਟਤ=ਨਾਸ ਹੁੰਦਿਆਂ। ਬਾਰ=ਦੇਰੀ। ਲਾਗੇ=ਲੱਗਦੀ।

**ਅਰਥ :**

੧. ਐ ਮਨੁੱਖੋ ! ਗੁਣਵਾਨ, ਸਿਆਣੇ ਦੀ ਕਹੀ ਗੱਲ (ਮੱਤ), ਗੁਰੂ ਦੀ ਸਿਖਿਆ ਇਹਨਾਂ ਦੋਨਾਂ ਨੂੰ ਸੋਚ-ਵਿਚਾਰ ਕੇ ਮਨ ਵਿਚ ਵਸਾ ਰੱਖੋ। ਫਲ ਕੀ ਹੋਵੇਗਾ? ਉੱਤਰ

੨. ਤੇਰੇ ਜਿੰਨੇ ਵੀ ਸੰਸਾਰਕ-ਬੰਧਨ ਹੋਣਗੇ, ਉਹਨਾਂ ਸਾਰਿਆਂ ਦੇ ਨਾਸ ਹੁੰਦਿਆਂ ਕੋਈ ਦੇਰ ਨਹੀਂ ਲੱਗੇਗੀ। ੧੧੨।

ਸ੍ਵੈਯਾ।।

**੧. ਗੁਰ ਬੈਨ ਮਹਾ ਤਮ ਹਾਰਿਕ ਜੋ; ਵਹਿ ਆਇ ਪਰੇ ਅਬ ਕਾਨ ਹਮਾਰੇ।**
**੨. ਇਕ ਮੋਹੁ ਹੁਤੋ ਮਮ ਸੰਗ ਸਦਾ; ਗੁਰ ਬੈਨ ਸੁ ਪੂਤ ਵਹੀ ਹਨ ਡਾਰੇ।**

Sri Satguru Jagjit Singh Ji eLibrary NamdhariElibrary@gmail.com

**੩. ਅਬ ਤੂਰਣ ਮੋਖ ਗਹਯੋ ਹਮ ਕੋ, ਨਹਿ ਛਾਡਤ ਹੈ ਬਿਨ ਪ੍ਰਾਨ ਨਿਕਾਰੇ।**
**੪. ਤ੍ਰਿਸ਼ਨੇ ਅਪਰਾਧ ਖਿਮਾ ਕਰੀਏ, ਹਮ ਛਾਡ ਚਲੇ ਅਬ ਸੰਗ ਤਿਹਾਰੇ।। ੧੧੩।।**

**ਪਦ ਅਰਥ :**

ਬੈਨ=ਬਚਨ। ਮਹਾ ਤਮ=ਬਹੁਤਾ ਅਨ੍ਹੇਰਾ, ਅਗਿਆਨ। ਹਾਰਿਕ=ਨਾਸ ਕਰਨੇ ਵਾਲੇ। ਜੇ=ਜਿਹੜੇ। ਵਹਿ=ਉਹ। ਪਰੇ=ਪੈ ਗਏ। ਅਬ=ਹੁਣ। ਕਾਨ=ਕੰਨ। ਹਮਾਰੇ=ਸਾਡੇ। ਹੁਤੋ=ਹੁੰਦਾ ਸੀ। ਮਮ=ਮੇਰੇ। ਸੰਗ=ਨਾਲ। ਪੂਤ=ਪਵਿੱਤਰ। ਵਹੀ=ਉਹੀ। ਹਨ=ਨਾਸ, ਮਾਰ ਦਿੱਤੇ। ਡਾਰੇ=ਸੁੱਟੇ। ਅਬ=ਹੁਣ। ਤੂਰਣ=ਛੇਤੀ। ਗਹਯੋ=ਪਕੜ ਲਿਆ। ਹਮ ਕੋ=ਸਾਨੂੰ। ਪ੍ਰਾਨ=ਸੁਆਸ। ਨਿਕਾਰੇ=ਕੱਢਿਆ। ਤ੍ਰਿਸਨੇ=ਹੇ ਤ੍ਰਿਸ਼ਨਾ! ਅਪਰਾਧ=ਗੁਨਾਹ, ਗਲਤੀ। ਖਿਮਾ=ਮੁਆਫ। ਅਬ=ਹੁਣ। ਸੰਗ=ਨਾਲ। ਤਿਹਾਰੇ=ਤੁਹਾਡਾ।

**ਅਰਥ :**

੧. ਜੋ ਗੁਰੂ ਦੇ ਬਚਨ ਸਾਡੇ ਅਗਿਆਨ ਦੇ ਹਨੇਰੇ ਨੂੰ ਨਾਸ ਕਰਨ ਵਾਲੇ ਹਨ, ਉਹ ਹੁਣ ਮੇਰੇ ਕੰਨੀਂ ਆ ਕੇ ਪੈ ਗਏ ਹਨ। ਭਾਵ ਗੁਰੂ ਸਿਖਿਆ ਮੇਰੇ ਕੰਨੀਂ ਵਸ ਗਈ ਹੈ।

੨. ਇਕ ਮੋਹ ਰੂਪ ਭੂਤਨਾ ਮੇਰੇ ਨਾਲ ਹਮੇਸ਼ਾ ਚੰਮੜਿਆਂ ਰਹਿੰਦਾ ਸੀ, ਗੁਰੂ ਦੇ ਪਵਿੱਤਰ ਬਚਨ ਸੁਣ ਕੇ ਉਸ ਨੂੰ ਮਾਰ ਸੁੱਟਿਆ ਹੈ।

੩. ਹੁਣ ਅਸੀਂ ਬੜੀ ਛੇਤੀ ਮੁਕਤੀ ਨੂੰ ਫੜ ਲਿਆ ਹੈ, ਜੋ (ਮੁਕਤੀ) ਮੇਰੇ ਸੁਆਸ ਕੱਢੇ ਵਗੈਰ ਮੈਨੂੰ ਛੱਡੇਗੀ ਨਹੀਂ।

੪. ਹੇ ਤ੍ਰਿਸ਼ਨਾ ! ਤੂੰ ਮੇਰੀ ਗਲਤੀ ਮੁਆਫ ਕਰ ਦੇਹ, ਹੁਣ ਅਸੀਂ ਤੇਰਾ ਸਾਥ ਛੱਡ ਕੇ (ਗੁਰੂ ਦੇ ਉਪਦੇਸ਼-ਸਿਖਿਆ ਵਿਚ) ਤੁਰ ਪਏ ਹਾਂ। ੧੧੩।

ਸ੍ਵੈਯਾ।।

**੧. ਤਨ ਪ੍ਰਾਨ ਨ ਆਤਮ ਹੈ ਜਗ ਮੈਂ, ਦ੍ਰਿਗ ਆਦਿਕ ਆਤਮ ਮੂਲ ਨ ਹੋਈ।**
**੨. ਨਹਿ ਬੁਧਿ ਨ ਅਨੰਦ ਕੋਸੁ ਸੁਨੋ, ਅਵਿਭਾਸਕ ਦੀਪ ਅਹੇ ਸਮ ਸੋਈ।**
**੩. ਤਨ ਆਦਿਕ ਪੰਚ ਅਨਾਤਮਤਾ, ਪੁਨ ਬੇਦ ਪੁਰਾਨ ਕਹੇ ਸਭ ਕੋਈ।**
**੪. ਭਵ ਫੰਧਹ ਕੀ ਦ੍ਰਿਢ ਫਾਸ ਹੁਤੀ, ਗੁਰ ਬੈਨ ਅਸੀ ਖਿਨ ਭੀਤਰਿ ਖੋਈ।।੧੧੪।।**

**ਪਦ ਅਰਥ :**

ਤਨ=ਸਰੀਰ। ਪ੍ਰਾਨ=ਸੁਾਸ। ਆਤਮ=ਸਾਖੀ, ਆਪਾ। ਦ੍ਰਿਗ=ਅੱਖਾਂ। ਮੂਲ=ਮੂਲੋਂ ਕਦੇ ਵੀ। ਅਵਿਭਾਸਕ=ਪ੍ਰਕਾਸ਼ ਕਰਨ ਵਾਲਾ। ਦੀਪ=ਦੀਵਾ। ਅਹੇ=ਹੈ। ਸਮ=ਬਰਾਬਰ, ਵਾਂਗ। ਭਵ=ਸੰਸਾਰ। ਫੰਧਹ=ਬੰਧਨ, ਰੋਕਾਂ। ਦ੍ਰਿਢ=ਪੱਕੀ। ਫਾਸੀ=ਫਾਹੀ ਰੱਸੀ। ਹੁਤੀ=ਹੈ ਸੀ। ਬੈਨ=ਬਚਨ, ਬੋਲ। ਅਸੀ=ਤਲਵਾਰ। ਖਿਨ=ਥੋੜ੍ਹਾ ਜਿੰਨਾ ਸਮਾਂ। ਭੀਤਰਿ=ਵਿਚ। ਖੋਈ=ਨਾਸ, ਖਤਮ। ਪੁਨ=ਫੇਰ। ਅਨਾਤਮਤਾ=ਆਤਮਪਨ ਨਹੀਂ।

**ਅਰਥ :**

੧. ਸਰੀਰ ਤੇ ਸਵਾਸ ਜਗਤ ਵਿਚ ਆਤਮਾ ਨਹੀਂ ਫੇਰ ਅੱਖਾਂ ਵੀ ਕਦੇ ਆਤਮਾ ਨਹੀਂ ਹੋ ਸਕਦੀਆਂ।

੨. ਬੁੱਧੀ (ਵਿਗਿਆਨ ਮੈ ਕੋਸ਼) ਵੀ ਆਤਮਾ ਨਹੀਂ ਹੋ ਸਕਦੀ ਤੇ ਫੇਰ ਸੁਣੋ ਅਨੰਦ ਮੈ ਕੋਸ਼ ਵੀ ਆਤਮਾ ਨਹੀਂ ਹੋ ਸਕਦੇ ਜੋ ਬੁੱਧੀ ਨੂੰ ਦੀਵੇ ਵਾਂਗ ਪ੍ਰਕਾਸ਼ ਕਰਦੇ ਹਨ।

੩. (ਪਾਨ, ਅਪਾਨ, ਸਮਾਨ, ਉਦਾਨ ਵਿਆਨ ਆਦਿ ਪੰਜੇ) ਤੇ ਸਥੂਲ ਸਰੀਰ ਵੀ ਆਤਮਾ ਨਹੀਂ, ਫੇਰ ਵੇਦ ਤੇ ਪੁਰਾਨ ਸਾਰੇ ਇਹੋ ਗੱਲ ਕਹਿੰਦੇ ਹਨ।

Sri Satguru Jagjit Singh Ji eLibrary NamdhariElibrary@gmail.com

੪. ਜੋ ਸੰਸਾਰ ਦੇ ਬੰਧਨਾਂ ਦੀ ਪੱਕੀ ਫਾਹੀ ਹੈ ਸੀ, ਉਹ ਮੇਰੇ ਗੁਰੂ (ਮਾਨ ਸਿੰਘ ਜੀ) ਦੇ ਬਚਨਾਂ ਰੂਪ ਤਲਵਾਰ ਨੇ ਥੋੜ੍ਹੇ ਜਿੰਨੇ ਸਮੇਂ ਵਿਚ ਕੱਟ ਦਿੱਤੀ। ੧੧੪।

ਸ੍ਵੈਯਾ।।

**੧. ਗੁਰ ਬੇਦ ਸੁ ਤੀਰਥ ਨੇਮ ਮਹਾ ਬ੍ਰਤ ਸੰਜਮ ਜੇ ਪਿਤ ਮਾਤ ਹਮਾਰੇ।**
**੨. ਹਰਿ ਭੂਮ ਸੁ ਨੀਰ ਸਮੀਰ ਬਲੀ ਪੁਨ ਪਾਵਕ ਔਰ ਅਕਾਸ਼ ਉਦਾਰੇ।**
**੩. ਤੁਮਰੇ ਉਪਕਾਰ ਸੁ ਗਜਾਨ ਲਏ ਦ੍ਰਿੜ ਬੰਧਨ ਥੇ ਅਬ ਦੂਰਿ ਨਿਵਾਰੇ।**
**੪. ਸਭ ਕੋ ਅਭਿਬੰਦਨ ਹੈ ਹਮਰੀ ਹਮ ਹੂੰ ਪ੍ਰਮਾਤਮ ਧਾਮ ਸਿਧਾਰੇ।। ੧੧੫।।**

**ਪਦ ਅਰਥ :**

ਭੂਮਿ=ਧਰਤੀ। ਨੀਰ=ਪਾਣੀ। ਸਮੀਰ=ਹਵਾ। ਬਲੀ=ਬਲਵਾਨ। ਪੁਨ=ਫੇਰ। ਪਾਵਕ=ਅੱਗ। ਉਦਾਰੇ=ਸਖੀ, ਦਾਨੀ, ਵੱਡਾ। ਤੁਮਰੇ=ਤੁਹਾਡੇ। ਗਜਾਨ=ਜਾਣਕਾਰੀ। ਦ੍ਰਿੜ=ਪੱਕੀ। ਬੰਧਨ=ਰੁਕਾਵਟਾਂ। ਥੇ=ਸਨ। ਅਬ=ਹੁਣ। ਨਿਵਾਰੇ=ਨਵਿਰਤ ਕਰ ਦਿੱਤੀਆਂ। ਸਭ ਕੋ=ਸਾਰਿਆਂ ਨੂੰ। ਅਭਿ=ਦਿਲੋਂ। ਬੰਦਨ=ਨਮਸਕਾਰ। ਹਮਰੀ=ਸਾਡੀ। ਧਾਮ=ਘਰ। ਹਮ ਹੂੰ=ਅਸੀਂ। ਸਿਧਾਰੇ=ਚੱਲੇ ਹਾਂ। ਸੰਜਮ=ਇੰਦਰਿਆਂ ਨੂੰ ਕਾਬੂ ਕਰਨਾ।

**ਅਰਥ :**

੧. ਗੁਰੂ, ਵੇਦ ਤੇ ਤੀਰਥ ਯਾਤਰਾ ਦੇ ਬੜੇ-ਬੜੇ ਨਿਯਮ ਨਿਭਾਉਣੇ, ਵਰਤ ਆਦਿ ਰੱਖਣੇ, ਇੰਦਰੇ ਆਪਣੇ ਕਾਬੂ ਰੱਖਣੇ ਫੇਰ ਜੋ ਸਾਡੇ ਮਾਤਾ-ਪਿਤਾ ਹਨ।

੨. ਹੇ ਵਾਹਿਗੁਰੂ ! ਧਰਤੀ ਪਾਣੀ, ਬਲਵਾਨ ਹਵਾ ਫੇਰ ਅੱਗ ਅਤੇ ਬੜਾ ਵੱਡਾ ਅਕਾਸ਼ ਜੋ ਚਾਰੇ ਪਾਸੇ ਫੈਲਿਆ ਹੋਇਆ ਹੈ।

੩. ਐ ਗੁਰੂ ਦੇਵ (ਸੰਤ ਮਾਨ ਸਿੰਘ ਜੀ) ! ਤੁਹਾਡੀ ਬਖ਼ਸ਼ਿਸ਼ ਨਾਲ 'ਆਤਮ-ਗਿਆਨ' (ਆਪਣੇ ਆਪੇ ਦੀ ਸੋਝੀ) ਲਿਆ ਹੈ, ਜਿਸ ਸਦਕਾ ਤਕੜੇ-ਤਕੜੇ ਬੰਧਨ ਹੁਣ ਦੂਰ ਕਰ ਦਿੱਤੇ ਹਨ।

੪. ਮੈਂ ਸਾਰਿਆਂ ਨੂੰ ਦਿਲੋਂ ਨਮਸਕਾਰ ਕਰਦਾ ਹਾਂ, (ਮੱਥਾ ਟੇਕਦਾ ਹਾਂ ਕਿਉਂਕਿ ਸੰਸਾਰਕ ਰੁਕਾਵਟਾਂ ਦੂਰ ਹੋਣ ਨਾਲ) ਅਸੀਂ ਆਪਣੇ ਘਰ ਚੱਲੇ ਹਾਂ। ੧੧੫।

ਸ੍ਵੈਯਾ।।

**੧. ਜੋ ਜਗ ਮਾਹਿਂ ਹਰੇ ਤਮ ਕੋ ਰਵਿ ਤੋ ਜਗ ਮਾਹਿਂ ਸੁ ਤਾਪ ਲਗਾਈ।**
**੨. ਚੰਦ ਤਮਿਸ੍ਰ ਕੋ ਹਨਹੈ ਤਿਨ ਤਾਪ ਨਹੀਂ ਤਮ ਪੂਰਨ ਜਾਈ।**
**੩. ਪੂਰਨ ਹੀ ਤਮ ਮਾਰਿ ਇਹਾ ਗੁਰ ਬੇਦ ਸੁ ਆਨੰਦ ਮਾਹਿ ਸਮਾਈ।**
**੪. ਯਾ ਜਗ ਮੈਂ ਗੁਰ ਬੇਦਨ ਕੀ ਉਪਮਾ ਸਮ ਢੂੰਢਤ ਨਾ ਕਛੁਪਾਈ।। ੧੧੬।।**

**ਪਦ ਅਰਥ :**

ਜੋ=ਜਿਹੜਾ। ਮਾਹਿ=ਵਿਚੋਂ। ਹਰੇ=ਦੂਰ ਕਰਦਾ ਹੈ, ਨਾਸ ਕਰਦਾ ਹੈ। ਤਮ=ਹਨੇਰਾ। ਕੋ=ਨੂੰ। ਰਵਿ=ਸੂਰਜ। ਤੋ=ਉਹੀ। ਜਗ ਮਾਹਿ=ਜਗਤ ਵਿਚ। ਤਾਪ=ਤਪਸ਼, ਗਰਮੀ। ਲਗਾਈ=ਲਾਉਂਦਾ ਹੈ। ਤਮਿੱਸ੍ਰ=ਹਨੇਰਾ। ਹਨਹੈ=ਨਾਸ ਕਰਦਾ ਹੈ। ਤਿਨ=ਉਸ। ਤਾਪ=ਗਰਮੀ। ਪੂਰਨ=ਪੂਰਾ, ਸਾਰਾ। ਪੂਰਨ ਹੀ=ਸਾਰੇ ਹੀ। ਤਮ=ਹਨੇਰਾ। ਮਾਰਿ=ਮਾਰ ਕੇ, ਦੂਰ ਕਰਕੇ। ਯਾ=ਇਸ। ਬੇਦ=ਗਿਆਨ ਬੇਦਨ=ਵੇਦਾਂ। ਕੀ=ਦੀ। ਉਪਮਾ=ਸੋਭਾ, ਵਡਿਆਈ। ਸਮ=ਬਰਾਬਰ। ਢੂੰਢਤ=ਭਾਲਦਿਆਂ। ਕਛੁ=ਕੁਝ ਵੀ। ਸੁ=ਉਸ (ਇੱਥੇ)

ਮਾਹਿ=ਵਿਚ। ਆਨੰਦ=ਆਤਮਕ ਅਨੰਦ।

**ਅਰਥ :**

੧. ਜੇਹੜਾ ਸੂਰਜ ਸਾਰੇ ਜਗਤ ਦਾ ਹਨੇਰਾ ਦੂਰ ਕਰਦਾ ਹੈ, ਉਹੀ ਸੂਰਜ ਸੰਸਾਰ ਵਿਚ ਗਰਮੀ ਲਾਉਂਦਾ ਹੈ (ਧੁੱਪ ਦੀ ਤਪਸ਼)।

੨. ਚੰਦਰਮਾ ਹਨੇਰੇ ਨੂੰ ਨਾਸ ਕਰਦਾ ਹੈ, ਉਸ ਚੰਦਰਮਾ ਵਿਚ ਜ਼ਰਾ ਜਿੰਨੀ ਵੀ ਤਪਸ਼ ਨਹੀਂ ਪਰ ਸਾਰਾ ਹਨੇਰਾ ਚਲਿਆ ਜਾਂਦਾ ਹੈ।

੩. (ਏਸੇ ਤਰ੍ਹਾਂ) ਸਾਰਾ ਹੀ ਅਗਿਆਨ ਦਾ ਹਨੇਰਾ ਗੁਰੂ ਗਿਆਨ ਦੇ ਕੇ ਦੂਰ ਕਰ ਦਿੰਦਾ ਹੈ, ਸਿੱਖ ਆਤਮਕ ਅਨੰਦ ਵਿਚ ਲੀਨ ਹੋ ਜਾਂਦਾ ਹੈ।

੪. ਇਸ ਜਗਤ ਵਿਚ ਗੁਰੂ ਤੇ ਵੇਦਾਂ ਦੀ ਸੋਭਾ ਦੇ ਬਰਾਬਰ ਭਾਲ ਕਰਦਿਆਂ ਹੋਰ ਕੋਈ ਵਡਿਆਈ ਕੁਝ ਵੀ ਪਾਈ ਨਹੀਂ ਜਾਂਦੀ।੧੧੬।

ਹੁਣ ਪੰਡਿਤ ਗੁਲਾਬ ਸਿੰਘ ਜੀ ਫਰਮਾਉਂਦੇ ਹਨ ਕਿ ਹੇ ਮੇਰੇ ਵਾਹਿਗੁਰੂ! ਮੇਰੇ 'ਤੇ ਬਖਸ਼ਿਸ਼ ਕਰ ਮੈਨੂੰ ਜੋ ਮਨੁੱਖਾ ਦੇਹੀ ਮਿਲੀ ਹੈ ਏਸੇ ਵਿਚ—

ਦੋਹਰਾ ॥

**੧. ਕੈ ਪਦਵੀ ਹਰਿ ਭਗਤਿ ਹੈ ਕੈ ਅਰਿ ਕੋ ਦਲ ਨਾਸ।**

**੨. ਕੈ ਸਿਰ ਲੌ ਧਨ ਦਾਨ ਹੈ ਇਨ ਬਿਨ ਕ੍ਰਿਮ ਸਮ ਵਾਸ ॥੧੧੭॥**

**ਪਦ ਅਰਥ :**

ਕੈ=ਜਾਂ। ਅਰਿ=ਦੁਸ਼ਮਣ। ਦਲ=ਫੌਜ। ਲੌ=ਤੱਕ, ਤਾਈਂ। ਇਨ=ਇਨ੍ਹਾਂ ਤੋਂ। ਕ੍ਰਿਮ=ਕੀੜੇ। ਸਮ=ਬਰਾਬਰ। ਵਾਸ=ਵਾਸਾ।

**ਅਰਥ :**

੧. ਜਾਂ ਤੇ ਐ ਹਰੀ! ਮੈਨੂੰ ਆਪਣੀ ਭਗਤੀ ਕਰਨ ਦੀ ਪਦਵੀ ਦਿਓ ਜਾਂ ਫਿਰ ਦੁਸ਼ਮਣ ਦੀਆਂ ਫੌਜਾਂ ਦਾ (ਜੰਗ ਵਿਚ) ਨਾਸ ਕਰਾਂ।

੨. ਜਾਂ ਸਿਰ ਤਕ ਧਨ ਦਾ ਦਾਨ ਕਰ ਦੇਵਾਂ। (ਭਗਤੀ ਕਰਨੀ, ਮੈਦਾਨੇ-ਜੰਗ ਵਿਚ ਜੂਝ ਕੇ ਮਰਨ-ਮਾਰਨਾ ਤੇ ਦਾਨ ਕਰਨਾ) ਇਨ੍ਹਾਂ ਤੋਂ ਬਿਨਾਂ ਕੀੜਿਆਂ ਵਾਂਗ (ਦੁਨੀਆਂ ਵਿਚ ਵੱਸਣਾ ਹੈ)।੧੧੭।

ਪਹਿਲੇ ਕਹੇ ਨੂੰ ਪੰਡਿਤ ਗੁਲਾਬ ਸਿੰਘ ਜੀ ਫੇਰ ਦੁਹਰਾ ਰਹੇ ਹਨ—

ਸ੍ਵੈਯਾ ॥

**੧. ਹਰਿ ਨਾਮ ਭਜੇ ਜਗ ਭੀਤਰਿ ਜੋ ਜਨਨੀ ਸੁਤ ਯਾ ਬਿਧਿ ਕੋ ਉਪਜਾਏ।**

**੨. ਅਥਵਾ ਜਨਨੀ ਸੁਤ ਸੋਈ ਜਨੇ ਰਣ ਭੀਤਰਿ ਜੋ ਅਰਿ ਕੇ ਦਲ ਘਾਏ।**

**੩. ਸਿਰ ਲੌ ਧਨ ਦਾਨ ਕਰੇ ਜਗ ਮੈਂ ਸੁਭ ਕੈ ਜਨਨੀ ਸੁਤ ਸੋ ਨਿਪਜਾਏ।**

**੩. ਇਨ ਤੀਨ ਬਿਨਾ ਕ੍ਰਿਮ ਸੇ ਸੁਤ ਕੇ ਹਿਤ ਜੋਬਨ ਨਾਂਹਿ ਅਕਾਜ ਗਵਾਏ।੧੧੮॥**

**ਪਦ ਅਰਥ :**

ਭਜੇ=ਯਾਦ ਕਰੇ। ਭੀਤਰਿ=ਵਿਚ। ਜੋ=ਜਿਹੜਾ। ਜਨਨੀ=ਮਾਤਾ। ਸੁਤ=ਪੁੱਤਰ। ਯਾ=ਇਸ। ਬਿਧਿ=ਢੰਗ, ਤਰੀਕਾ, ਯੁਕਤੀ। ਕੋ=ਨੂੰ। ਉਪਜਾਏ=ਪੈਦਾ ਕਰੇ। ਅਥਵਾ=ਜਾਂ। ਸੋਈ=ਉਹੀ। ਜਨੇ=ਪੈਦਾ ਕਰੇ, ਜੰਮੇ। ਰਣ=ਰਣ ਭੂਮਿਕਾ, ਜੰਗੋ-ਮੈਦਾਨ। ਅਰਿ=ਦੁਸ਼ਮਣ। ਦਲ=ਫੌਜ। ਘਾਏ=ਨਾਸ ਕਰੇ, ਮਾਰੇ। ਲੌ=ਤੱਕ। ਕਰੇ=ਕਰ ਦੇਵੇ। ਕੈ=ਜਾਂ। ਨਿਪਜਾਏ=ਪੈਦਾ ਕਰੇ। ਇਨ=ਇਨ੍ਹਾਂ। ਕ੍ਰਿਮ=ਕੀੜੇ।

ਸੋ=ਵਰਗੇ। ਸੁਤ=ਪੁੱਤਰ। ਕੋ=ਨੂੰ। ਹਿਤ=ਵਾਸਤੇ। ਜੋਬਨ=ਜੁਆਨੀ। ਅਕਾਜ=ਅਕਾਰਥ। ਗਵਾਏ=ਖਰਾਬ ਕਰੇ।

**ਅਰਥ :**

੧. ਜੋ ਜਗਤ ਵਿਚ (ਪੁੱਤਰ) ਹਰੀ ਨਾਮ ਨੂੰ ਚੇਤੇ ਕਰੇ ਮਾਤਾ ਐਹੋ ਜਿਹਾ ਪੁੱਤਰ ਪੈਦਾ ਕਰੇ।

੨. ਜਾਂ ਮਾਤਾ ਪੁੱਤਰ ਓਹੀ ਜੰਮੇ ਜੋ ਜੰਗ ਵਿਚ ਦੁਸ਼ਮਣ ਦੀਆਂ ਫੌਜਾਂ ਨੂੰ ਮਾਰੇ।

੩. ਜਗਤ ਵਿਚ ਮਾਤਾ ਅਜਿਹਾ ਪੁੱਤਰ ਪੈਦਾ ਕਰੇ। (ਜੋ ਲੋੜ ਪੈਣ 'ਤੇ) ਸਿਰ ਤੱਕ ਦਾ ਵੀ ਦਾਨ ਕਰ ਦੇਵੇ ਤੇ ਦੌਲਤ ਦਾ ਸੋਹਣੇ ਤਰੀਕੇ ਨਾਲ ਦਾਨ ਕਰੇ।

੪. ਇਨ੍ਹਾਂ ਤਿੰਨਾਂ (ਦਾਤਾ, ਭਗਤ, ਸੂਰਵੀਰ) ਤੋਂ ਬਿਨਾਂ ਕੀੜਿਆਂ ਵਰਗੇ ਪੁੱਤਰ ਪੈਦਾ ਕਰਨ ਹਿਤ (ਮਾਤਾ) ਆਪਣੀ ਜੁਆਨੀ ਵਿਅਰਥ (ਬੇਫਾਇਦਾ) ਖਰਾਬ ਨਾ ਕਰੇ। ੧੧੮।

"ਜਨਨੀ ਜਨੇ ਤਾ ਭਗਤ ਜਨ ਕੈ ਦਾਤਾ ਕੈ ਸੂਰ।
ਨਾਹਿ ਤ ਜਨਨੀ ਬਾਂਝ ਰਹੇ ਕਾਹੇ ਗਵਾਵੈ ਨੂਰ।" (ਤੁਲਸੀ ਦਾਸ)

ਦਾ ਖੁਲਾਸਾ ਕਰ ਰਹੇ ਹਨ।

ਕਿਸੇ ਕਵੀ ਨੇ ਕਿੰਨਾ ਸੋਹਣਾ ਆਖਿਆ ਹੈ :

ਸ੍ਵੈਯਾ॥

ਪ੍ਰੇਮ ਸੋਂ ਨੈਨ ਵਹੈ[1] ਜਸ ਗਾਵਤ, ਨਾਚਤ ਸਵੇਦ[2] ਚਲਜੋ ਸਭ ਅੰਗਾ।
ਕੈ ਰਨ ਮੈ[3] ਗਹਿ ਖੱਗ[4] ਭਲੀ ਬਿਧਿ, ਲੋਹੁ ਸੈ[5] ਘਾਉ[6] ਭਏ ਅਰਧੰਗਾ[7]।
ਏ ਦੋਊ ਪੂਤ ਜਨੇ[8] ਜਨਨੀ[9] ਜਗ, ਔਰ ਸਭੈ ਸੁਤ ਕੀਟ ਪਤੰਗਾ।
ਜੱਗ ਕੋ ਠਾਕਰ ਜੱਗ ਕੋ ਜੀਵਨ, ਸੋ ਨਰ ਹੋਤ ਹੈ ਗੰਗ ਕੋ ਗੰਗਾ।

## ਸੋਰਠਾ:

**੧. ਰੂਖ ਸੂਖ ਨਿਰਬਾਹ; ਮਾਟੀ ਮੈਂ ਯਹ ਤਨ ਸਦਾ।**
**੨. ਸੰਤਨ ਕੇ ਪਰ ਰਾਹਿ; ਆਸ ਤਿਆਗੋ ਆਨ ਕੀ॥ ੧੧੯॥**

**ਪਦ ਅਰਥ :**

ਰੂਖ=ਰੁੱਖਾ। ਸੁਖਾ=ਸੁੱਖਾ। ਰੁਖ ਸੁਖ=ਰੁੱਖਾ ਸੁੱਖਾ ਜੋ ਮਿਲੇ। ਨਿਰਬਾਹ=ਗੁਜ਼ਾਰਾ ਕਰੇ। ਮਾਟੀ=ਮਿੱਟੀ। ਮੈਂ=ਰੂਪ। ਯਹ=ਇਹ। ਸਦਾ=ਹਮੇਸ਼ਾ। ਕੇ=ਦੇ। ਪਰ=ਪੈ, ਪਉ। ਰਾਹਿ=ਰਾਹ ਵਿਚ। ਆਸ=ਆਸਾ, ਭਾਵਨਾ। ਤਿਆਗੋ=ਛੱਡੋ। ਆਨ=ਹੋਰ। ਕੀ=ਦੀ।

**ਅਰਥ :**

੧. (ਜੋ ਭਾਗਾਂ ਦੇ ਲਿਖੇ ਅਨੁਸਾਰ) ਰੁੱਖਾ-ਸੁੱਖਾ ਮਿਲੇ (ਸ਼ੁਕਰ-ਸ਼ੁਕਰ) ਕਰਦਿਆਂ ਉਸ ਨਾਲ) ਗੁਜ਼ਾਰਾ ਕਰ (ਤੇ ਹੰਕਾਰ ਛੱਡ ਕਿਉਂ ਕਿ) ਏਹ ਸਰੀਰ ਸਦਾ ਮਿੱਟੀ ਰੂਪ ਹੀ ਹੈ।

੨. ਸੰਤਾਂ ਦੇ (ਸਤ ਸੰਗਤ, ਭਾਉ-ਭਗਤੀ ਦੇ) ਰਸਤੇ ਪੈ ਹੋਰਨਾਂ ਦੀ ਆਸ (ਦਿਲੋਂ) ਛੱਡ ਦੇ। ੧੧੯।

ਸ੍ਵੈਯਾ॥

**੧. ਜਗ ਮਾਨਵ ਦੇਹ ਮਿਲੇ ਨ ਸਦਾ; ਨਰ ਰਾਮ ਭਜੋ ਜਿਹ ਤੇ ਸੁਖ ਪਾਵੈ।**
**੨. ਜਗ ਭੋਗ ਵ੍ਰਿਰਾਟਕ ਕੇ ਬਦਲੇ; ਨ ਅਮੋਲਕ ਲਾਲ ਅਕਾਜ ਗਵਾਵੈ।**

---

੧ ਪਰੇਮ ਵਿਚ ਹੰਝੂ ਵਗ ਪੈਣ (ਮੈ ਨੀਰੁ ਵਹੇ ਵਹਿ ਚਲੈ ਜੀਉ)। ੨ ਪਸੀਨਾ। ੩ ਜੰਗ ਵਿਚ। ੪ ਖੰਡਾ। ੫ ਲਹੂ ਨਾਲ। ੬ ਜ਼ਖਮ। ੭ ਅੱਧਾ ਸਰੀਰ। ੮ ਪੈਦਾ ਕਰੇ। ੯ ਮਾਂ।

Sri Satguru Jagjit Singh Ji eLibrary NamdhariElibrary@gmail.com

**੩. ਲਰਕਾਪਨ ਜਾਠਰ ਮੈਂ ਬਲ ਖੀਨ ਸੁ ਜੋਬਨ ਮੈਂ ਦਿਢ ਪੁੰਨ ਕਮਾਵੋ।**

**੪. ਸੁਭ ਸੀਖ ਇਹੈ ਜਨ ਮਾਨਿ ਚਲੋ ਜਿਹ ਤੇ ਨਹਿਂ ਅੰਤ ਸਮੇਂ ਪੁਛਤਾਵੋ।।੧੨੦।।**

**ਪਦ ਅਰਥ :**

ਜਗ=ਜਗਤ, ਸੰਸਾਰ। ਮਾਨਵ ਦੇਹ=ਮਨੁੱਖਾ-ਦੇਹੀ। ਰਾਮ=ਪਰਮਾਤਮਾ। ਜਿਹ=ਜਿਸ। ਤੇ=ਕਰਕੇ। ਭਜੋ=ਚੇਤੇ ਕਰੋ। ਪਾਵੈ=ਪਾਓਗੇ। ਭੋਗ=ਪਦਾਰਥ। ਵਿਰਾਟਕ=ਕੌਡੀ। ਬਦਲੇ=ਤਬਾਦਲੇ। ਲਾਲ=ਇਕ ਕੀਮਤੀ ਪੱਥਰ, ਮਨੁੱਖਾ ਜਨਮ ਨੂੰ ਲਾਲ ਨਾਲ ਤੁਲਨਾ ਦਿੱਤੀ ਹੈ। ਅਕਾਜ=ਵਿਅਰਥ। ਗਵਾਵੋ=ਗਵਾਓ। ਲਰਕਾਪਨ=ਬਚਪਨ। ਜਾਠਰ=ਬੁਢਾਪਾ। ਮੈਂ=ਵਿਚ। ਬਲ=ਤਾਕਤ। ਖੀਨ=ਕਮਜ਼ੋਰ। ਜੋਬਨ=ਜੁਆਨੀ। ਦਿਢ=ਪੱਕੇ ਹੋ ਕੇ। ਪੁੰਨ=ਚੰਗੇ ਕੰਮ। ਕਮਾਵੋ=ਕਮਾਓ, ਕਰੋ। ਸੀਖ=ਸਿਖਿਆ। ਮਾਨਿ=ਮੰਨ ਕੇ। ਜਿਹ ਤੇ=ਜਿਸ ਕਰਕੇ। ਅੰਤ ਸਮੇ=ਅਖੀਰਲੇ ਵਕਤ। ਪਛਤਾਵੋ=ਝੂਰਨਾ ਨਹੀਂ ਪਵੇਗਾ।

**ਅਰਥ :**

੧. ਸੰਸਾਰ ਵਿਚ ਮਨੁੱਖਾ ਦੇਹ (ਫੇਰ) ਨਹੀਂ ਮਿਲੇਗੀ (ਇਸ ਕਰਕੇ) ਹੇ ਸੰਸਾਰੀ ਮਨੁੱਖੋ! ਪਰਮੇਸ਼ਰ ਦਾ ਨਾਂ ਚੇਤੇ ਕਰੋ, ਜਿਸ (ਨਾਮ-ਸਿਮਰਨ) ਸਦਕਾ ਸੁਖ ਪਾਓਗੇ।

੨. ਜਗਤ ਦੇ ਪਦਾਰਥਾਂ ਰੂਪ ਕੌਡੀ ਦੇ ਤਬਾਦਲੇ ਵਿਚ ਵਡਮੁੱਲਾ ਮਨੁੱਖ-ਜਨਮ ਰੂਪ ਲਾਲ ਨਾ ਗਵਾਓ।

ਗੁਰੂ ਫੁਰਮਾਨ ਹੈ : ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ।। ੧।।

ਨਾਮੁ ਨ ਜਾਨਿਆ ਰਾਮ ਕਾ ਮੂੜੇ ਫਿਰਿ ਪਾਛੈ ਪਛੁਤਾਹਿ ਰੇ।। (ਗਉੜੀ ਮ: ੫, ਪੰਨਾ ੧੫੬)

੩. ਬਚਪਨ (ਮੁੰਡਪਨਾ) ਤੇ ਬੁਢਾਪੇ ਵਿਚ (ਸਰੀਰਕ) ਤਾਕਤ ਕਮਜ਼ੋਰ ਹੁੰਦੀ ਹੈ (ਇਸ ਲਈ ਇਨ੍ਹਾਂ ਦੋਨਾਂ ਵਿਚੋਂ) ਭਰ-ਜੁਆਨੀ ਅੰਦਰ ਹੀ ਤਕੜੇ ਹੋ ਕੇ ਚੰਗੇ ਕੰਮ ਕਰਨੇ ਚਾਹੀਦੇ ਹਨ।

ਜਰਾ ਉਪਾਉ ਨ ਹੋ ਸਕੇ ਜਰਾ ਆਯੂ ਕੇ ਮਾਹਿ।
ਭਵ ਸਾਗਰ ਕੇ ਤਰਨ ਕੋ ਤਰਨ ਅਵਸਥਾ ਆਹਿ। (ਭਰਥਰੀ)

੪. (ਇਸ ਵਾਸਤੇ) ਐ ਮਨੁੱਖੋ! ਮੇਰੀ ਇਹ ਚੰਗੀ ਸਿਖਿਆ ਮੰਨ ਕੇ (ਤੁਸੀਂ ਚੰਗੇ ਪਾਸੇ) ਚੱਲੋ, ਨਹੀਂ ਤਾਂ ਅਖੀਰਲੇ ਵੇਲੇ ਪਛਤਾਓਗੇ। ੧੨੦।

**ਸ੍ਵੈਯਾ।।**

**੧. ਜਗ ਰੂਖਨ ਸੂਖਨ ਭੋਜਨ ਕੈ ਫਲ ਫੂਲਨ ਕੈ ਤਨ ਪਾਲਨ ਕੀਜੈ।**

**੨. ਜਗ ਬੈਠਿ ਜਹਾਂ ਤਹ ਠੌਰ ਭਲੋ ਪ੍ਰਭ ਪਾਵਨ ਕੋ ਉਰਿ ਜਾਪ ਜਪੀਜੈ।**

**੩. ਤ੍ਰਿਣ ਕੋਮਲ ਬੀਨ ਬਿਛਾਇ ਭਲੋ ਦ੍ਰਿਗ ਨੀਦ ਭਰੇ ਧਰ ਮਾਹਿ ਸੁਈਜੈ।**

**੪. ਧਨ ਕੇ ਮਦ ਮੂੜ ਬਯਾਕੁਲ ਬੈਨ, ਸੁ ਭੂਪਨ ਕੇ ਨਹਿਂ ਪਾਸ ਬਹੀਜੈ।। ੧੨੧।।**

**ਪਦ ਅਰਥ :**

ਰੂਖਨ ਸੂਖਨ-ਰੁੱਖੀ ਸੁੱਖੀ (ਮੁਹਾਵਰਾ ਹੈ), ਸਾਦ ਮੁਰਾਦਾ ਭੋਜਨ। ਕੈ=ਨਾਲ। ਪਾਲਨ=ਪਰਵਸ਼। ਕੀਜੈ=ਕਰ। ਤਹ=ਉਸੇ। ਠੌਰ=ਜਗ੍ਹਾ, ਥਾਂ। ਪਾਵਨ=ਪਵਿੱਤਰ। ਕੋ=ਦਾ। ਉਰ=ਦਿਲ, ਹਿਰਦਾ। ਜਪੀਜੈ=ਜਪੁ। ਤ੍ਰਿਣ=ਕੱਖ, ਘਾਹ। ਕੋਮਲ=ਕੂਲਾ। ਬੀਨ=ਚੁਣ ਕੇ। ਦ੍ਰਿਗ=ਅੱਖਾਂ। ਧਰ=ਧਰਤੀ। ਮਾਹਿ=ਉੱਤੇ। ਸੁਈਜੈ=ਸੌਂ, ਸੌਣਾ ਕਰ। ਕੇ=ਦਾ। ਮਦ=ਮਸਤੀ, ਹੰਕਾਰ। ਮੂੜ=ਮੂਰਖ। ਬਯਾਕੁਲ=ਘਬਰਾਹਟ ਭਰੇ ਬਚਨ। ਭੂਪਨ=ਰਾਜੇ। ਬਹੀਜੈ=ਬੈਠਣਾ। ਸੁ=ਉਹਨਾਂ। ਪਾਸ=ਕੋਲ, ਨੇੜੇ।

**ਅਰਥ :**

੧. ਜਗਤ ਵਿਚ ਰੁੱਖਾ-ਸੁੱਖਾ ਪ੍ਰਸ਼ਾਦਾ ਖਾ ਕੇ ਫਲ-ਫੁੱਲਾਂ ਨਾਲ ਸਰੀਰ ਪਾਲਣਾ ਕਰ।

੨. ਸੰਸਾਰ ਅੰਦਰ ਜਿਥੇ ਵੀ ਬੈਠੋ ਉਹੀ ਥਾਂ ਭਲੀ ਸਮਝ ਕੇ ਪਵਿੱਤਰ ਪ੍ਰਭੂ ਦਾ ਦਿਲ ਵਿਚ ਜਾਪ ਕਰ।

੩. ਬਹੁਤੇ ਲੰਮੇ-ਚੌੜੇ ਚੱਕਰ ਵਿਚ ਪੈਣ ਦੀ ਬਜਾਏ, ਧਰਤੀ 'ਤੇ ਕੂਲੇ-ਕੂਲੇ ਘਾਹ ਦੀ ਹੇਠਾਂ ਵਿਛਾਈ ਕਰਕੇ ਉਸ 'ਤੇ ਸੌਂ ਜਾਹ।

੪. ਜਿਨ੍ਹਾਂ ਨੂੰ ਦੌਲਤ ਦੀ ਬੜੀ ਮਸਤੀ ਹੈ (ਹੰਕਾਰ ਹੈ), ਉਨ੍ਹਾਂ ਦੀਆਂ ਘਬਰਾਹਟ ਭਰੀਆਂ ਗੱਲਾਂ ਸੁਣ ਕੇ ਉਨ੍ਹਾਂ (ਅਮੀਰਾਂ) ਰਾਜਿਆਂ ਪਾਸ ਨਾ ਬੈਠ। ੧੨੧।

**ਅਰਥਾਤ :**

ਜੋ ਵੀ ਸਾਦ-ਮੁਰਾਦਾ ਰੁੱਖਾ-ਸੁੱਖਾ ਮਿਲੇ ਵਾਹਿਗੁਰੂ ਕਹਿ ਕੇ ਫਲ ਫੁੱਲ ਖਾ ਕੇ ਦਰ ਗੁਜ਼ਰ ਕਰ ਲੈਣੀ ਚਾਹੀਦੀ ਹੈ। ਜਿਥੇ ਵਾਹਿਗੁਰੂ ਰੱਖੇ ਉਸੇ ਵਿੱਚ ਖੁਸ਼ ਰਹਿਣਾ ਤੇ ਵਾਹਿਗੁਰੂ ਦੀ ਯਾਦ ਦਿਲ ਵਿਚ ਵਸਾ ਰੱਖਣੀ ਹੀ ਬੇਹਤਰ ਹੈ। ਬਹੁਤੇ ਠਾਠ-ਬਾਠ ਨਾਲੋਂ ਜ਼ਮੀਨ 'ਤੇ ਹੀ ਆਸਣ ਲਾ ਕੇ ਸੌਂ ਰਵ੍ਹੇ, ਮਖਮਲੀ ਬਿਸਤਰਿਆਂ ਦੀ ਭਾਵਨਾ ਨਾ ਰੱਖੇ। ਮਾਇਆ ਧਾਰੀ ਜਿਨ੍ਹਾਂ ਨੂੰ ਗਰੀਬਾਂ ਦੀ ਫਰਿਆਦ ਸੁਣਦੀ ਨਹੀਂ, ਦੁਖੀ ਦੇਖ ਕੇ ਜਿਨ੍ਹਾਂ ਦਾ ਦਿਲ ਪੰਘਰਦਾ ਨਹੀਂ, ਭੁੱਖਾ ਦੇਖ ਕੇ ਜਿਨ੍ਹਾਂ ਅੰਦਰ ਤਰਸ ਨਹੀਂ ਆਉਂਦਾ, ਉਨ੍ਹਾਂ ਕੋਲ ਨਾ ਬੈਠੇ ਕਿਉਂਕਿ ਉਹ ਅੰਨ੍ਹੇ ਤੇ ਬੋਲੇ ਹਨ। "ਮਾਇਆਧਾਰੀ ਅਤਿ ਅੰਨਾ ਬੋਲਾ।।" (ਪੰਨਾ ੩੧੩)

## ਸ੍ਵੈਯਾ।।

**੧. ਸੈਲ ਸਿਲਾ ਤਲ ਸੇਜ ਕਰੇ ਗਿਰ ਕੰਦਰ ਹੀ ਗ੍ਰਿਹ ਹੈ ਬਨ ਮਾਹੀਂ।**
**੨. ਪਾਦਪ ਛਾਲ ਸੁ ਚੀਰ ਧਰੇ ਉਰ ਨਾਮ ਸਖਾ ਮ੍ਰਿਗ ਹੈ ਬਨ ਮਾਹੀਂ।**
**੩. ਭੋਜਨ ਪਾਦਪ ਕੇ ਫਲ ਹੈ ਜਲ ਪਾਨ ਕਰੇ ਗਿਰਤਾ ਗਿਰ ਮਾਹੀਂ।**
**੪. ਪੇਟ ਕੇ ਹੇਤ ਨ ਸੇਵਤ ਜੇ ਨਰ ਤੇ ਨਰ ਈਸ਼ ਗਨੈ ਭਵ ਮਾਹੀਂ।। ੧੨੨।।**

**ਪਦ ਅਰਥ :**

ਸੈਲ=ਪਹਾੜ। ਸਿਲ=ਪੱਥਰ। ਤਲ=ਉੱਤੇ। ਸੇਜ=ਬਿਸਤਰਾ। ਗਿਰ=ਪਹਾੜ। ਕੰਦਰ=ਗੁਫਾ। ਗ੍ਰਿਹ=ਘਰ। ਬਨ=ਜੰਗਲ। ਮਾਹੀ=ਵਿਚ। ਪਾਦਪ=ਬ੍ਰਿਛ, ਦਰੱਖਤ। ਛਾਲ=ਛਿਲ। ਚੀਰ=ਕੱਪੜੇ। ਧਰੇ=ਧਾਰੇ, ਰੱਖੇ। ਉਰ=ਦਿਲ, ਹਿਰਦਾ। ਸਖਾ=ਪਿਆਰਾ। ਮ੍ਰਿਗ=ਹਿਰਨ। ਭੋਜਨ=ਖੁਰਾਕ। ਪਾਦਪ=ਦਰੱਖਤ। ਕੇ=ਦੇ। ਪਾਨ ਕਰੇ=ਪੀਵੇ, ਪੀਣਾ ਕਰੇ। ਗਿਰਤਾ=ਡਿੱਗਦਾ। ਗਿਰ=ਪਹਾੜ। ਮਾਹੀ=ਵਿਚੋਂ। ਗਿਰਤਾ ਗਿਰ ਮਾਹੀਂ=ਪਹਾੜਾਂ ਵਿਚ ਝਰਨੇ ਦਾ ਡਿੱਗਦਾ ਪਾਣੀ। ਹੇਤ=ਵਾਸਤੇ। ਨ ਸੇਵਤ ਜੇ=ਕਿਸੇ ਹੋਰ ਦੀ ਸੇਵਾ ਨਾ ਕਰੇ।

**ਅਰਥ :**

੧. ਪਹਾੜੀ ਪੱਥਰ ਦੀ ਸਿਲਾ 'ਤੇ ਬੈਠਣਾ ਕਰੇ (ਜਾਂ ਫਿਰ) ਪਹਾੜ ਦੀ ਗੁਫਾ ਵਿਚ ਹੀ, ਜਾਂ ਜੰਗਲ ਵਿਚ ਘਰ ਬਣਾ ਕੇ ਬੈਠੇ।

੨. ਦਰੱਖਤਾਂ ਦੀ ਛਿੱਲਾਂ ਦੇ ਕਪੜੇ ਧਾਰੇ (ਪਾਵੇ) ਦਿਲ ਵਿਚ ਨਾਮ ਜਪੇ, ਜੰਗਲੀ ਜਾਨਵਰਾਂ (ਹਿਰਨ ਆਦਿ) ਨੂੰ ਹੀ ਆਪਣੇ ਮਿੱਤਰ ਪਿਆਰੇ ਬਣਾਏ।

੩. ਬ੍ਰਿਛਾਂ ਦੇ ਫਲਾਂ ਦੀ ਖੁਰਾਕ ਲਵੇ ਤੇ ਪਹਾੜੀ ਝਰਨਿਆਂ ਦਾ ਵਗਦਾ ਪਾਣੀ ਪੀਵੇ।

੪. ਜਿਹੜਾ ਮਨੁੱਖ ਕੇਵਲ ਆਪਣਾ ਢਿਲ ਭਰਨ ਲਈ ਕਿਸੇ ਦੀ ਸੇਵਾ ਨਹੀਂ ਕਰਦਾ, ਉਹ ਆਦਮੀ ਸੰਸਾਰ ਵਿਚ ਸੱਚ-ਮੁੱਚ ਪਰਮਾਤਮਾ ਦਾ ਹੀ ਰੂਪ ਜਾਣਿਆ ਜਾਂਦਾ ਹੈ। ੧੨੨।

## ਸ੍ਵੈਯਾ

**੧. ਧੰਨ ਭਈ ਤਿਨ ਕੀ ਜਨਨੀ ਕਿਰਤਾਰਥ ਤਾਂ ਜਗ ਬੇਦਨ ਗਾਈ।**
**੨. ਕੁਲ ਪਾਵਨ ਜਾਂਹਿ ਕਰੀ ਸਗਰੀ ਜਗ ਧੰਨ ਭਏ ਤਿਨ ਮੀਤ ਸਖਾਈ।**

**੩. ਪਦ ਕੰਜਨ ਜਾਸ ਪੁਨੀਤ ਧਰਾ ਰਜ ਪਾਵਨ ਤੇ ਜਗ ਪਾਪ ਮਿਟਾਈ।**
**੪. ਜੋ ਭਵ ਮੰਡਲ ਮਾਂਹਿ ਭਜੇ ਖਿਨ ਏਕ ਇਕਾਗਰ ਰਾਮ ਸਹਾਈ।। ੧੨੩।।**

**ਪਦ ਅਰਥ :**

ਧੰਨ=ਸ਼ਲਾਘਾਯੋਗ। ਭਈ=ਹੋਈ। ਤਿਨ ਕੀ=ਉਨ੍ਹਾਂ ਦੀ। ਜਨਨੀ=ਮਾਂ, ਮਾਤਾ। ਕਿਰਤਾਰਥ=ਸਫਲ। ਤਾਂ=ਉਸ। ਜਗ=ਜੀਵ। ਬੇਦਨ=ਵੇਦਾਂ ਨੇ। ਗਾਈ=ਕੀਰਤੀ ਕੀਤੀ। ਕੁਲ=ਵੰਸ਼। ਪਾਵਨ=ਪਵਿੱਤਰ। ਜਾਹਿ=ਜਿਸ ਨੇ। ਕਰੀ=ਕੀਤੀ। ਸਗਰੀ=ਸਾਰੀ। ਜਗ=ਜਗਤ। ਭਏ=ਹੋ ਗਏ। ਮੀਤ=ਮਿੱਤਰ। ਸਖਾਈ=ਪਿਆਰੇ। ਧੰਨ ਭਏ=ਸਾਲਾਘਾ ਯੋਗ ਹੋਏ। ਪਦ=ਪੈਰ, ਚਰਨ। ਕੰਜਨ=ਕੰਵਲ। ਜਾਸ=ਜਿਸ ਦੇ। ਪੁਨੀਤ=ਪਵਿੱਤਰ। ਧਰਾ=ਧਰਤੀ। ਰਜ=ਧੂੜੀ। ਪਾਪ=ਮਾੜੇ ਕਰਮ। ਜੋ=ਜਿਹੜਾ। ਭਵ ਮੰਡਲ=ਸੰਸਾਰ। ਮਾਂਹਿ=ਵਿਚ। ਭਜੇ=ਚੇਤੇ ਕਰਦਾ ਹੈ। ਖਿਨ ਏਕ=ਥੋੜ੍ਹਾ ਜਿਨਾਂ ਸਮਾਂ। ਸਹਾਈ=ਸਹਾਇਕ, ਮੱਦਦਗਾਰ। ਇਕਾਗਰ=ਟਿਕ ਕੇ।

**ਅਰਥ :**

੧. ਉਨ੍ਹਾਂ ਦੀ ਮਾਤਾ ਵੀ ਸ਼ਲਾਘਾਯੋਗ ਹੈ (ਜਿਸ ਮਾਂ ਨੇ ਨੌ ਮਹੀਨੇ ਆਪਣੇ ਪੇਟ ਵਿਚ ਰੱਖ ਕੇ ਜਨਮ ਦਿੱਤਾ ਯੋਗਜ ਪੁੱਤਰ ਨੂੰ) ਉਹ ਜਨਮ ਦੇਣ ਵਾਲੀ ਵੀ ਕ੍ਰਿਤਾਰਥ ਹੋ ਗਈ ਤੇ ਉਨ੍ਹਾਂ ਜੀਵ ਦੀ ਉਪਮਾ ਵੇਦਾਂ ਨੇ ਵੀ ਕੀਤੀ ਹੈ।

੨. ਜਿਸ ਨੇ (ਜਨਮ ਲੈ ਕੇ) ਸਾਰੀ ਵੰਸ਼ ਪਵਿੱਤਰ ਕਰ ਦਿੱਤੀ ਹੈ, ਜਗਤ ਵਿਚ ਉਨ੍ਹਾਂ ਦੇ ਮਿੱਤਰ-ਪਿਆਰੇ ਸ਼ਲਾਘਾ ਯੋਗ ਹੋ ਗਏ।

੩. ਜਿਸ ਧਰਤੀ 'ਤੇ (ਨਾਮ ਜਪਣ ਵਾਲੇ ਮਨੁੱਖ ਨੇ) ਆਪਣੇ ਮੁਬਾਰਕ ਚਰਨ-ਕਮਲ ਪਾਏ ਉਹ ਧਰਤੀ ਵੀ ਪਾਵਨ ਹੋ ਗਈ, ਉਥੋਂ ਦੀ ਧੂੜੀ ਮੱਥੇ 'ਤੇ ਲਾਉਣ ਨਾਲ ਮਨੁੱਖ ਦੇ ਕੀਤੇ ਮਾੜੇ ਕਰਮ ਸਹਿਜੇ (ਨਿਰਯਤਨ) ਹੀ ਮਿਟ ਜਾਂਦੇ ਹਨ।

੪. ਜੋ ਵੀ ਏਸ ਸੰਸਾਰ ਦੇ ਅਸਥਾਨ ਵਿਚ ਆ ਕੇ ਮਨ ਟਿਕਾਅ ਕੇ ਪਰੀ ਪੂਰਨ ਪਰਮਾਤਮਾ ਨੂੰ ਯਾਦ ਕਰਦਾ ਹੈ, ਉਹ ਪ੍ਰਭੂ ਅੰਤ ਸਮੇਂ ਜ਼ਰੂਰ ਉਸ ਦੀ ਮੱਦਦ ਕਰਦਾ ਹੈ। ੧੨੩।

ਇਸ ਸੱਵਯੇ ਵਿਚ ਪੰਡਿਤ ਗੁਲਾਬ ਸਿੰਘ ਜੀ ਇਸ ਗ੍ਰੰਥ ਦੇ ਪੜ੍ਹਨ ਦਾ ਫਲ ਦਸਦੇ ਹਨ :

**ਸ੍ਵੈਯਾ।।**

**੧. ਯਹਿ ਭਾਵਰਸਾਂਮ੍ਰਿਤ ਕੰਠ ਧਰੇ ਸੁ ਕੁਬੁਧਿ ਜਰਾ ਸਭ ਜਾਇ ਪਲਾਈ।**
**੨. ਸੁਖ ਦੇਵਪੁਰੀ ਸੁ ਰਮੇ ਸਦ ਹੀ ਉਰਿ ਸਾਂਤਿ ਸੁਰਾਂਗਨ ਮੋਦ ਬਢਾਈ।**
**੩. ਅਮਰਾਤਮ ਦੇਵ ਭਯੋ ਜਗ ਮੈਂ ਉਰ ਕਾਲ ਕਰਾਲ ਕੀ ਚਿੰਤ ਮਿਟਾਈ।**
**੪. ਵਹੁ ਔਰਨ ਕੇ ਦੁਖ ਦੂਰ ਕਰੈ ਪਦ ਪਾਵਨ ਸੇਵਹਿ ਨੀਤ ਲੁਕਾਈ।। ੧੨੪।।**

**ਪਦ ਅਰਥ :**

ਯਹਿ=ਏਹ। ਭਾਵਰਸਾਂਮ੍ਰਿਤ=ਗ੍ਰੰਥ ਦਾ ਨਾਮ ਹੈ ਅਰਥਾਤ ਭਾਵ-ਰਸ ਅੰਮ੍ਰਿਤ, ਜਿਸ ਵਿਚ ਸਿਧਾਂਤ ਰੂਪ ਅੰਮ੍ਰਿਤ ਰਸ ਭਰਪੂਰ ਹੈ। ਕੰਠ ਧਰੇ=ਗਲ ਵਿਚ ਧਾਰਨ ਤੋਂ ਭਾਵ ਕੰਠ ਕਰ ਲਵੇ, ਇਕ-ਇਕ ਅੱਖਰ ਜੇਹੜਾ ਯਾਦ ਕਰ ਲਵੇ। ਸੁ=ਉਸ ਦੀ। ਕੁਬੁਧਿ=ਮਾੜੀ ਅਕਲ, ਮਾੜੀ ਸੋਚ। ਜਰਾ=ਬੁਢਾਪਾ । ਸਭ=ਸਾਰਾ। ਪਲਾਈ=ਦੌੜ ਜਾਂਦਾ ਹੈ। ਦੇਵਪੁਰੀ=ਸਵਰਗ, ਜਿਥੇ ਦੇਵਤੇ ਵਸਦੇ ਹਨ। ਸੁ=ਉਹ। ਰਮੇ=ਜਾਂਦਾ ਹੈ। ਸਦਈ=ਹਮੇਸ਼ਾਂ। ਉਰ=ਦਿਲ, ਹਿਰਦਾ। ਸੁਰਾਂਗਨ (ਸੁਰ+ਅੰਗਨ)=ਦੇਵਤਿਆਂ ਦੀ ਵਹੁਟੀਆਂ, ਅਪੱਛਰਾਂ। ਮੋਦ=ਖੁਸ਼ੀ, ਅਨੰਦ। ਬਢਾਈ=ਵਧਾਉਂਦਾ। ਅਮਰਾਤਮ=ਅਮਰ ਆਤਮਾ। ਭਯੋ=ਹੋ ਗਿਆ। ਜਗ ਮੈਂ=ਜਗਤ ਵਿਚ। ਉਰਿ=ਦਿਲ ਵਿਚ। ਕਾਲ=ਮੌਤ। ਕਰਾਲ=ਭਿਆਨਕ, ਡਰਾਉਣਾ। ਚਿੰਤ=ਫਿਕਰ, ਗਮ। ਮਿਟਾਈ=ਹਟਾ ਦਿੱਤੀ, ਦੂਰ ਕਰ ਦਿੱਤੀ। ਵਹੁ=ਉਹ। ਔਰਨ=ਹੋਰਨਾਂ ਦੇ। ਪਦ ਪਾਵਨ=ਪਵਿੱਤਰ ਚਰਨ। ਸੇਵਹਿ=ਸੇਵਾ ਕਰਦੀ ਹੈ। ਨੀਤ=ਰੋਜ਼। ਲੁਕਾਈ=ਸ੍ਰਿਸ਼ਟੀ, ਜਨਤਾ, ਪਬਲਿਕ।

**ਅਰਥ :**

੧. ਇਸ ਭਾਵਰਸਾਮ੍ਰਿਤ ਗ੍ਰੰਥ ਨੂੰ ਕੰਠ ਧਾਰਨ (ਯਾਦ ਕਰਨ) ਨਾਲ ਹੀ ਮਾੜੀ ਅਕਲ (ਮਾੜੀ ਸੋਚ) ਬੁਢਾਪੇ ਦਾ ਦੁੱਖ ਆਦਿ ਸਭ ਦੂਰ ਭੱਜ ਜਾਂਦੇ ਹਨ।

੨. ਅਮਰ ਪੁਰੀ ਵਿਚ ਸੁਖਾਂ ਸਹਿਤ ਜਾਂਦਾ ਹੈ (ਭਾਵ ਸਵਰਗ ਵਿਚ ਜਾਂਦਾ ਹੈ),ਹਮੇਸ਼ਾਂ ਵਾਸਤੇ ਹਿਰਦਾ (ਵਿਕਾਰਾਂ ਵੱਲੋਂ) ਸ਼ਾਂਤ ਹੋ ਜਾਂਦਾ ਹੈ, ਦੇਵਤਿਆਂ ਦੀਆਂ ਵਹੁਟੀਆਂ ਨਾਲ ਖੁਸ਼ੀਆਂ ਮਨਾਉਂਦਾ ਹੈ।

੩. ਦੇਵਤਿਆਂ ਵਾਂਗ ਜਗਤ ਵਿਚ ਅਮਰ ਹੋ ਜਾਂਦਾ ਹੈ, (ਜੋ ਕਾਲ ਲੋਕਾਂ ਨੂੰ ਡਰਾਉਂਦਾ ਹੈ, ਉਸ) ਡਰਾਉਣੇ, ਕਾਲ ਦੀ ਚਿੰਤਾ ਦਿਲੋਂ ਖ਼ਤਮ ਕਰ ਦਿੰਦਾ ਹੈ।

੪. (ਫੇਰ ਪਰਉਪਕਾਰੀ ਬਣ ਕੇ) ਉਹ ਹੋਰਨਾਂ ਦੇ ਦੁੱਖ-ਦਰਦ ਦੂਰ ਕਰਦਾ ਹੈ (ਉਹ ਆਮ ਜਨਤਾ ਦੀਆਂ ਦੁੱਖਾਂ ਤਕਲੀਫਾਂ ਨੂੰ ਦੂਰ ਕਰਨ ਵਿਚ ਮਦਦਗਾਰ ਹੁੰਦਾ ਹੈ ਇਸ ਕਰਕੇ) ਪਬਲਿਕ (ਉਸ ਦਾ ਮਾਣ-ਸਤਿਕਾਰ ਕਰਦੀ ਹੋਈ) ਉਸ ਦੇ ਚਰਨ ਪਵਿੱਤਰ ਸਮਝ ਕੇ ਪੂਜਦੀ ਹੈ। ੧੨੪।

**ਅਰਥਾਤ**

ਇਸ ਗ੍ਰੰਥ ਵਿਚ ਲਿਖੇ ਵਿਚਾਰ ਦਿਲ ਵਿਚ ਵਸਾ ਕੇ ਜੀਵ ਪਰਿਵਾਰਕ ਮੋਹ ਤੋਂ ਛੁਟਕਾਰਾ ਪਾ ਲੈਂਦਾ ਹੈ ਕਿਉਂਕਿ ਜਿੰਨਾਂ ਵੀ ਸੰਸਾਰ ਹੈ ਇਹ ਸਾਰਾ ਆਪਣੇ-ਆਪਣੇ ਮਤਲਬ ਵਾਸਤੇ ਨਾਲ ਜੁੜਿਆ ਹੋਇਆ ਹੈ। ਬਚਪਨ ਵਿਚ ਜਿਸ ਨੂੰ ਬੜਾ ਪਿਆਰ ਮਿਲਿਆ, ਜੁਆਨੀ ਵਿਚ ਖਾਣ ਪੀਣ, ਐਸ਼ ਪ੍ਰਸਤੀ ਮਿਲੀ, ਖੱਟੀ ਕਮਾਈ ਸੰਭਾਲਣ ਲਈ ਜੋ ਬੜਾ ਮਾਣ ਦੇਂਦੇ ਸਨ।ਬੁਢਾਪੇ ਵਿਚ ਉਹੀ ਪਰਿਵਾਰ ਘਰ ਵਿਚ ਉਸ ਦੀ ਕੀਤੀ ਕੋਈ ਵੀ ਗੱਲ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ, ਭਾਵੇਂ ਉਹ ਭਲੇ ਦੀ ਹੀ ਗੱਲ ਕਿਉਂ ਨਾ ਹੋਵੇ, ਉਹ ਆਖ ਦੇਂਦੇ ਹਨ ਕਿ ਤੇਰਾ ਸਮਾਂ ਬੀਤ ਗਿਆ ਹੈ, ਤੂੰ ਸਿਰਫ ਸੋਟੀ ਫੜ ਕੇ ਘਰ ਦੇ ਦਰਵਾਜ਼ੇ 'ਤੇ ਬੈਠਾ ਰਹੋ ਤਾਂ ਕਿ ਬਾਹਰੋਂ ਕੋਈ ਕੁੱਤਾ ਬਿੱਲਾ ਨਾ ਆਵੇ; ਸੋਚ-ਵਿਚਾਰ ਕਰਨੀ ਸਾਡਾ ਕੰਮ ਹੈ, ਚੰਗੇ ਮਾੜੇ ਦਾ ਸਾਨੂੰ ਪਤਾ ਹੈ। ਦਿਲ ਟੁੱਟ ਗਿਆ ਜਿਸ ਪਰਿਵਾਰ ਲਈ ਐਨੇ ਦੁੱਖ ਝੱਲੇ, ਓਸੇ ਪਰਿਵਾਰ ਦਾ ਕੋਈ ਵੀ ਮੈਂਬਰ ਗੱਲ ਸੁਣਨ ਲਈ ਤਿਆਰ ਨਹੀਂ, ਇਹ ਕਦੋਂ ਗਿਆਨ ਹੋਵੇਗਾ ਜਦੋਂ ਇਹ ਗ੍ਰੰਥ ਪੜ੍ਹੇਗਾ ਜਦੋਂ ਇਹ ਪਤਾ ਲੱਗ ਗਿਆ ਫੇਰ ਰੱਬ ਵਾਲੇ ਪਾਸੇ ਤੁਰ ਪਿਆ। ਰੱਬ ਵਾਲੇ ਪਾਸੇ ਲੱਗਣ ਦਾ ਫਲ ਇਹ ਹੋਇਆ ਉਹ ਸੁਖ ਪ੍ਰਾਪਤ ਹੋ ਗਏ ਜੋ ਚਿਤ-ਚੇਤੇ ਵੀ ਨਹੀਂ.ਸਨ। ਫੇਰ ਉਹ ਲੋਕਾਂ ਨੂੰ ਸਮਝਾਉਂਦਾ ਹੈ ਪਰਿਵਾਰ ਇਕ ਬੰਧਨ ਰੂਪ ਹੈ ਇਸ ਦੀ ਮੋਹ-ਮਮਤਾ ਤੋਂ ਬਚੋ। ਮਾਇਆ ਦੁੱਖ ਰੂਪ ਇਸ ਦੀ ਜਕੜ ਤੋਂ ਬਚੋ, ਲੋਕਾਂ ਨੂੰ ਪ੍ਰੇਰਕੇ ਚੰਗੇ ਪਾਸੇ ਤੋਰਦਾ ਹੈ। ਇਸ ਕਰਕੇ ਲੋਕ ਇਸ ਨੂੰ ਪਰਉਪਕਾਰੀ ਸਮਝ ਕੇ ਮਾਣ ਸਤਿਕਾਰ ਦੇਂਦੇ ਹਨ। ਇਹ ਹੈ ਇਸ ਗ੍ਰੰਥ ਨੂੰ ਪੜ੍ਹਨ ਦਾ ਫਾਇਦਾ ਦੁਨੀਆਂਦਾਰੀ ਦਾ ਚਾਨਣਾ ਹੋ ਜਾਣਾ, ਅਸਲੀਅਤ ਦਾ ਪਤਾ ਲੱਗ ਜਾਣਾ।

ਪੰਡਿਤ ਗੁਲਾਬ ਸਿੰਘ ਜੀ ਇਸ ਦੋਹਰੇ ਵਿਚ ਆਪਣੇ ਮਾਤਾ-ਪਿਤਾ ਅਤੇ ਜਨਮ-ਭੂਮੀ ਬਾਰੇ ਲਿਖਦੇ ਹਨ:

**ਦੋਹਰਾ।।**

**੧. ਗੌਰੀ ਰਾਇਆ ਮਾਤ, ਪਿਤ, ਸੇਖਵ ਨਗਰ ਉਦਾਰ।**
**੨. ਗੁਲਾਬ ਸਿੰਘ ਕੁਲ ਦੀਪ ਸੁਤ, ਕਰਜੋ ਗ੍ਰੰਥ ਨਿਰਧਾਰ।। ੧੨੫।।**

**ਪਦ ਅਰਥ :**

ਗੌਰੀ=ਮਾਤਾ ਦਾ ਨਾਂ ਹੈ। ਰਾਇਆ=ਪਿਤਾ ਦਾ ਨਾਮ ਹੈ। ਸੇਖਵ=ਪਿੰਡ ਦਾ ਨਾਂ ਹੈ। ਸੇਖਵ ਪਿੰਡ ਪੱਤੇ ਮੰਡੀ ਤੋਂ ਚਾਰ ਮੀਲ ਪੱਕੀ ਸੜਕ 'ਤੇ ਹੈ। ਕੱਚੀ ਕੋਠੀ ਤੋਂ ਤਿੰਨ-ਚਾਰ ਕੋਹ ਦੇ ਕਰੀਬ ਹੈ, ਪੰਡਿਤ ਜੀ ਦੀ ਯਾਦਗਾਰ ਵਿਚ ਇਕ ਖੂਹ ਭੀ ਸੇਖਵ ਵਿਚ ਸੁਣੀਦਾ ਹੈ। ਇਹ ਜ਼ਿਲ੍ਹਾ ਲਾਹੌਰ ਤਹਿਸੀਲ ਚੂਣੀਆ, ਥਾਣਾ ਸਰਾਇ ਮੁਗਲ ਹੈ (ਦੇਖੋ ਮਹਾਨ ਕੋਸ਼ ੪ ਭਾਈ ਗੁਲਾਬ ਸਿੰਘ)। ਉਦਾਰ=ਬਹੁਤ ਵੱਡਾ ਨਗਰ ਹੈ। ਕੁਲ ਦੀਪ=ਕੁਲ ਦਾ ਦੀਵਾ, ਜੋ ਵੰਸ਼ ਨੂੰ ਰੌਸ਼ਨ ਕਰੇ, ਸਪੁੱਤਰ,ਖ਼ਾਨਦਾਨ ਨਾਂ ਉਜਾਗਰ ਕਰੇ। ਸੁਤ=ਪੁੱਤਰ। ਕਰਜੋ=ਕੀਤਾ। ਨਿਰਧਾਰ=ਨਿਰਣਾਂ ਸਚ, ਝੂਠ ਦਾ ਨਿਤਾਰਾ ਕਰਕੇ, ਸਤਜ ਅਸਤਜ ਆਦਿ ਦੀ ਵਿਚਾਰ ਕਰਕੇ, ਫੈਸਲਾ ਨਿਬੇੜਾ।

Sri Satguru Jagjit Singh Ji eLibrary NamdhariElibrary@gmail.com

**ਅਰਥ :**

੧. ਮਾਤਾ ਗੌਰੀ (ਦੀ ਪਵਿੱਤਰ ਕੁੱਖੋਂ) ਪਿਤਾ ਰਾਇਆ ਜੀ ਦੇ ਘਰ ਬੜੇ ਵੱਡੇ ਸੇਖਵ ਨਗਰ ਵਿਚ (ਸੰਮਤ ੧੭੮੯ ਵਿਚ ਚੱਬੇ ਜੱਟਾਂ ਦੀ ਵੰਸ ਵਿਚ ਜਨਮ ਹੋਇਆ ਹੈ)।

੨. (ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਕਿ) ਮੈਂ ਗੁਲਾਬ ਸਿੰਘ ਨੇ (ਏਸ ਆਪਣੀ ਵੰਸ ਨੂੰ) ਦੀਵੇ ਵਾਂਗ ਰੌਸ਼ਨ ਕੀਤਾ (ਭਾਵ ਸਪੁੱਤਰ ਬਣੇ) ਹਰਇਕ ਗੱਲ ਦਾ ਚੰਗੀ ਤਰ੍ਹਾਂ ਨਿਰਣਾ (ਸੱਚ-ਝੂਠ ਨੂੰ ਚੰਗੀ ਤਰ੍ਹਾਂ ਸੋਚ) ਕਰਕੇ ਇਹ ਗ੍ਰੰਥ ਤਿਆਰ ਕੀਤਾ। ੧੨੫।

ਗ੍ਰੰਥ ਸਮਾਪਤੀ ਦਾ ਮੰਗਲ ਕਰਦੇ ਹੋਏ ਪੰਡਿਤ ਗੁਲਾਬ ਸਿੰਘ ਜੀ ਸ੍ਰੀ ਰਾਮ ਚੰਦਰ ਜੀ ਦਾ ਧੰਨਵਾਦ ਕਰਦੇ ਹਨ, ਕਿ ਜਿਨ੍ਹਾਂ ਕਿਰਪਾ ਨਾਲ ਏਹ ਭਾਵਰਸਾਂਮ੍ਰਿਤ ਗ੍ਰੰਥ ਸੰਪੂਰਨ ਹੋਇਆ ਹੈ—

ਦੋਹਰਾ।।

**੧. ਬੰਦੋਂ ਸੀਤਾਪਤਿ ਸਦਾ ਚਿਦ ਘਨ ਬ੍ਰਹਮ ਮੁਰਾਰਿ।**
**੨. ਲੰਕ ਰਾਜ ਦਿਯੋ ਭਗਤ ਕੋ ਰਾਵਣ ਕੋ ਰਣ ਮਾਰਿ।। ੧੨੬।।**

**ਪਦ ਅਰਥ :**

ਬੰਦੋਂ=ਨਮਸਕਾਰ, ਮੱਥਾ ਟੇਕਦਾ ਹਾਂ। ਸੀਤਾਪਤਿ=ਸੀਤਾ ਦੇ ਪਤੀ, ਸ੍ਰੀ ਰਾਮ ਚੰਦਰ ਜੀ ਨੂੰ। ਚਿਦ=ਚਿਤ, (ਸਤ ਚਿਤ ਅਨੰਦ ਸਰੂਪ ਹਨ)। ਘਨ=ਬੱਦਲ ਵਰਗਾ ਰੰਗ, ਸ਼ਿਆਮ ਰੰਗ। ਮੁਰਾਰਿ=ਮੁਰ ਰਾਖਸ਼ ਦੇ ਮਾਰਨ ਵਾਲੇ। ਤਿਲਕ ਰਾਜ=ਰਾਜ ਤਿਲਕ। ਲੰਕਾ ਦੇ ਰਾਜ ਦਾ ਟਿੱਕਾ ਲਾ ਦਿੱਤਾ। ਦਿਯੋ=ਦਿੱਤਾ। ਭਗਤ=ਬਭੀਖਣ, ਰਾਵਣ ਦਾ ਭਾਈ। ਕੋ=ਨੂੰ। ਰਣ=ਜੰਗ ਵਿਚ। ਮਾਰਿ=ਮਾਰ ਕੇ।

**ਅਰਥ :**

੧. ਸਤ ਚਿੱਤ ਅਨੰਦ ਮੁਰਾਰੀ ਬ੍ਰਹਮ ਸਰੂਪ, ਸ਼ਿਆਮ ਰੰਗ ਵਾਲੇ ਸੀਤਾ ਪਤੀ (ਸ੍ਰੀ ਰਾਮ ਚੰਦਰ ਜੀ) ਨੂੰ ਨਮਸਕਾਰ ਕਰਦਾ ਹਾਂ।

੨. ਜਿਨ੍ਹਾਂ ਹੰਕਾਰੀ ਰਾਵਣ ਨੂੰ ਜੰਗ ਦੇ ਮੈਦਾਨ ਵਿਚ ਮਾਰ ਕੇ (ਉਸ ਦੇ ਭਰਾ, ਆਪਣੇ) ਭਗਤ ਬਭੀਖਣ ਨੂੰ ਲੰਕਾ ਦਾ ਰਾਜ ਤਿਲਕ ਦਿੱਤਾ। ੧੨੬।

ਇਸ ਦੋਹਰੇ ਵਿਚ ਕੜਾਹ ਕੁੰਡਲ ਨਜਾਇ ਦੇ ਤਰੀਕੇ ਨਾਲ ਪੰਡਿਤ ਗੁਲਾਬ ਸਿੰਘ ਜੀ ਦਸ ਗੁਰੂ ਸਾਹਿਬਾਨ ਦਾ ਮੰਗਲ ਕਰਦੇ ਹਨ। ਜਿਵੇਂ ਕੜਾਹੇ ਦੇ ਦੋਨੋਂ ਕੁੰਡੇ ਫੜ ਲਈਏ ਤਾਂ ਉਸ ਦਾ ਵਿਚਲਾ ਹਿੱਸਾ ਨਾਲ ਹੀ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਲਿਖ ਕੇ ਬਾਕੀ ਆਪੇ ਵਿਚ ਆ ਗਏ—

ਦੋਹਰਾ।।

**੧. ਗੁਰੁ ਨਾਨਕ ਗੋਬਿੰਦ ਕੇ ਮੰਜੁਲ ਪਾਦ ਉਦਾਰ।**
**੨. ਨਿਸ ਦਿਨ ਬੰਦੋਂ ਜੋਰਿ ਕਰ ਭਵ ਮੋਚਕ ਸੁਖ ਕਾਰ।। ੧੨੭।।**

**ਪਦ ਅਰਥ :**

ਗੋਬਿੰਦ=ਗੁਰੂ ਗੋਬਿੰਦ ਸਿੰਘ ਜੀ। ਕੇ=ਦੇ। ਮੰਜੁਲ=ਮਨੋਹਰ, ਸੁੰਦਰ, ਉੱਜਲ, ਸਾਫ-ਸੁਥਰੇ, ਪਵਿੱਤਰ। ਪਾਦ=ਪੈਰ, ਚਰਨ। ਉਦਾਰ=ਸਖੀ, ਸ੍ਰੇਸ਼ਟ, ਦਾਨੀ। ਨਿਸ=ਰਾਤ। ਬੰਦੋ=ਮੱਥਾ ਟੇਕਦਾ ਹਾਂ। ਜੋਰਿ=ਜੋੜ ਕੇ। ਕਰ=ਹੱਥ। ਭਵ=ਜਨਮ। ਮੋਚਕ=ਛੁਡਾਉਣ ਵਾਲੇ, ਕੱਟਣ ਵਾਲੇ। ਕਾਰ=ਕਰਨ ਵਾਲੇ।

**ਅਰਥ :**

੧. ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ (ਸਿੰਘ) ਜੀ ਦੇ ਚਰਨ ਜੋ ਸੁੰਦਰ 'ਤੇ ਦਾਨੀ ਹਨ। (ਜੋ ਵੀ ਸਿੱਖ ਗੁਰੂ

ਸਾਹਿਬ ਦੇ ਪਵਿੱਤਰ ਚਰਨਾਂ ਦਾ ਧਿਆਨ ਕਰਦਾ ਹੈ ਉਸ ਨੂੰ ਦੁਨੀਆਂ ਦੇ ਪਦਾਰਥ ਤੇ ਮੁਕਤੀ ਦੇਣ ਵਿਚ ਜ਼ਰਾ ਵੀ ਦੇਰੀ ਨਹੀਂ ਕਰਦੇ ਅਜਿਹੇ ਦਾਨੀ ਹਨ ਗੁਰੂ ਜੀ ਦੇ ਚਰਨ)।

੨. (ਏਸੇ ਲਈ ਮੈਂ ਗੁਰੂ ਜੀ ਦੇ ਚਰਨ ਭੋਗ-ਮੋਖ ਦੇ ਦਾਤੇ ਸਮਝ ਕੇ) ਰਾਤ ਦਿਨ ਦੋ ਹੱਥ ਜੋੜ ਕੇ (ਉਹਨਾਂ ਚਰਨਾਂ 'ਤੇ) ਮੱਥਾ ਟੇਕਦਾ ਹਾਂ, (ਜੋ ਚਰਨ) ਜਨਮ (ਮਰਨ) ਤੋਂ ਛੁਡਾਉਣ ਵਾਲੇ ਤੇ ਸੁਖ ਪੈਦਾ ਕਰਨ ਵਾਲੇ ਹਨ। ੧੨੭।

ਪੰਡਿਤ ਜੀ ਆਪਣੇ ਵਿਦਿਆ-ਗੁਰੂ ਸੰਤ ਮਾਨ ਸਿੰਘ ਜੀ ਦਾ ਧਨੰਵਾਦ ਕਰਦੇ ਹੋਏ ਲਿਖਦੇ ਹਨ—

## ਦੋਹਰਾ

**੧. ਜਾ ਪਦ ਪੰਕਜ ਹੇਰ ਕੈ ਹਰਯੋ ਨਿਖਲ ਭਵ ਭਾਰ।**
**੨. ਵਿਦਜਾ ਗੁਰੂ ਉਦਾਰ ਕੋ ਬੰਦੋਂ ਮਸਤਕ ਧਾਰਿ।। ੧੨੮।।**

**ਪਦ ਅਰਥ :**

ਜਾ=ਜਿਸ। ਪਦ=ਪੈਰ, ਚਰਨ। ਪੰਕਜ=ਕਮਲ। ਹੇਰ ਕੈ=ਦੇਖਣ ਕਰਕੇ, ਦੇਖਣ ਨਾਲ। ਨਿਖਲ=ਸਾਰਾ, ਸਮੂਹ। ਭਵ=ਸੰਸਾਰ। ਭਾਰ=ਬੋਝ। ਵਿਦਜਾ=ਅਧਿਆਤਮ ਪੜ੍ਹਾਈ ਕਰਾਉਣ ਵਾਲੇ। ਉਦਾਰ=ਦਾਤੇ। ਕੋ=ਨੂੰ। ਬੰਦੋਂ=ਨਮਸਕਾਰ ਕਰਦਾ ਹਾਂ। ਮਸਤਕ=ਮੱਥਾ। ਧਾਰਿ=ਰੱਖ ਕੇ। ਗੁਰੂ=ਪੂਜਨੀਕ।

**ਅਰਥ :**

੧. ਜਿਨ੍ਹਾਂ ਦੇ ਚਰਨ-ਕਮਲ ਦੇਖਣ ਕਰਕੇ ਹੀ ਸੰਸਾਰ ਦਾ ਸਾਰਾ ਬੋਝ ਭਾਵ ਅਗਿਆਨ ਦੇ ਕਾਰਨ ਜੋ ਭਾਰ ਆਪਣੇ ਦਿਲ-ਦਿਮਾਗ 'ਤੇ ਧਾਰੀ ਬੈਠਾ ਸੀ, ਸਾਰੀ ਚਿੰਤਾ ਫਿਕਰ ਆਪਣੇ ਆਪ 'ਤੇ ਲਾਈ ਹੋਈ ਸੀ ਵਿਦਿਆ-ਗੁਰੂ ਨੇ ਬਖਸ਼ਿਸ਼ ਕੀਤੀ ਕਿ ਤੂੰ ਤਾਂ ਸਤ ਚਿੱਤ ਅਨੰਦ ਸਰੂਪ ਹੈਂ, ਤੇਰੀ ਆਤਮਾ ਬਿਲਕੁਲ ਇਹਨਾਂ ਤੋਂ ਵੱਖਰੀ ਹੈ, ਏਨੀ ਗੱਲ ਕਹਿਣ ਨਾਲ ਦਿਮਾਗ ਤੋਂ ਸਾਰਾ ਬੋਝ ਦੂਰ ਹੋ ਗਿਆ।

੨. (ਅਜਿਹੇ ਉਪਕਾਰੀ) ਪੂਜਨੀਕ ਵਿਦਿਆ-ਦਾਤੇ (ਸੰਤ ਮਾਨ ਸਿੰਘ ਜੀ ਦੇ ਚਰਨਾਂ 'ਤੇ) ਮੱਥਾ ਧਰ ਕੇ ਨਮਸਕਾਰ ਕਰਦਾ ਹਾਂ। ੧੨੮।

## ਸ੍ਵੈਯਾ।।

**੧. ਮੋ ਮਦ ਕਾਛਰ ਲੋਹ ਦਗਾ ਮਲ ਸੰਭ ਕਬੀ ਉਰ ਮਾਂਹਿ ਨ ਧਾਰੋ।**
**੨. ਗਾਹ ਅਬੋ ਸਖਿ ਦੇ ਮਰਿਯੰਧਮ ਮਾਵ ਸਦਾ ਉਰ ਤੇ ਨਹਿ ਟਾਰੋ।**
**੩. ਸਾਂਗੁ ਭਵੇ ਸੁਸ ਪੰਚ ਇਨੀ ਤਰ ਜੋ ਦਨ ਦਾ ਥਲੋਂ ਨੇਤ ਸੰਭਾਰੋ।**
**੪. ਜੌਂ ਇਨ ਤੇ ਹਰਿ ਨਾਂਹਿ ਮਿਲੇ ਤਬ ਜਾਮਨ ਸਿੰਘ ਗੁਲਾਬ ਤੁਮਾਰੋ।। ੧੨੯।।**

**ਪਦ ਅਰਥ :**

ਨੋਟ- ਸੱਤ-ਸੱਤ ਅੱਖਰ ਦੋਨਾਂ ਪੰਗਤੀਆਂ ਦੇ ਛੱਡ ਕੇ ਅੱਠਵੇਂ ਅੱਖਰ ਨੂੰ ਫੜ ਕੇ ਚੌਦਾਂ ਤੱਕ ਲਗਾਈ ਜਾਵੇ।

| ੧ | ੨ | ੩ | ੪ | ੫ | ੬ | ੭ | |
|---|---|---|---|---|---|---|---|
| ਮੋ | ਮ | ਦ | ਕਾ | ਛ | ਰ | ਲੋ | |
| ਹ | ਦ | ਗਾ | ਮ | ਲ | ਸ | ਭ | |
| ਮੋਹ | ਮਦ | ਦਗਾ | ਕਾਮ | ਛਲ | ਰਸ | ਲੋਭ | ਕਬੀ ਉਰ ਮਾਹਿ ਨ ਧਾਰੋ। |

ਮੋਹ=ਪਰਿਵਾਰਕ ਮਮਤਾ। ਮਦ=ਮਸਤੀ, ਹੰਕਾਰ, ਧਨ ਦੌਲਤ ਦੀ, ਜ਼ਮੀਨ ਜਾਇਦਾਦ ਦੀ। ਵਿਦਿਆ, ਪੜ੍ਹਾਈ, ਲਿਖਾਈ, ਸਰੀਰਕ ਸੁੰਦਰਤਾ ਦੀ। ਦਗਾ=ਧੋਖਾ। ਕਾਮ=ਵਿਸ਼ੇ-ਵਿਕਾਰ, ਵਿਚ ਖੱਚਤਾ, ਕਾਮਨਾਵਾਂ। ਛਲ=ਫਰੇਬ।

ਰਸ=ਰਸਾਂ ਦੀ ਚਾਹਨਾ। ਲੋਭ=ਲਾਲਚ।

| ੧ | ੨ | ੩ | ੪ | ੫ | ੬ | ੭ | |
|---|---|---|---|---|---|---|---|
| ਰਾ | ਹ | ਅ | ਬੋ | ਸ | ਖਿ | ਦੇ | |
| ਮ | ਰਿ | ਯੋ | ਧ | ਸ | ਮਾ | ਵ | |
| ਰਾਮ | ਹਰੀ | ਇਕ | ਗਿਆਨ | ਸਮਤਾ | ਛਮਾ | ਦੇਵ | ਸਦਾ ਉਰ ਤੇ ਨਹਿ ਟਾਰੋ। |

ਇਥੇ ੧੦ ਅੱਖਰ ਛੱਡ ਕੇ ਫੇਰ ਸ਼ਬਦ ਜੋੜ ਕਰੋ ਅਰਥ ਭਾਵ ਸਪੱਸ਼ਟ ਹੋ ਜਾਵੇਗਾ-

| ੧ | ੨ | ੩ | ੪ | ੫ | ੬ | ੭ | ੮ | ੯ | ੧੦ | |
|---|---|---|---|---|---|---|---|---|---|---|
| ਸ਼ਾਂ | ਗੁ | ਭ | ਵੇ | ਸੁ | ਸ | ਪੰ | ਚ | ਇ | ਨੀ | |
| ਤ | ਰ | ਜੇ | ਦ | ਨ | ਦਾ | ਥ | ਲ | ਨੇ | ਤ | |
| ਸ਼ਾਂਤਿ | ਗੁਰ | ਭਜੇ | ਵੇਦ | ਸੁਨ | ਸਦਾ | ਪੰਥ | ਚਲੋ | ਇਨੇ | ਨੀਤ | ਸੰਭਾਰੋ |

ਜੋ=ਜੋ ਕਹੇ। ਇਨ=ਇਨ੍ਹਾਂ। ਤੇ=ਕਰਕੇ। ਤਬ=ਤਦੋਂ, ਫੇਰ। ਜਾਮਨ=ਸਾਖੀ, ਜ਼ੁੰਮੇਵਾਰ, ਗੁਆਹ। ਸਿੰਘ ਗੁਲਾਬ=ਪੰਡਿਤ ਗੁਲਾਬ ਸਿੰਘ। ਤੁਮਾਰੋ=ਤੁਹਾਡਾ।

ਪਰਮਾਤਮਾ ਦੀ ਪ੍ਰਾਪਤੀ ਕਰਨ ਦਾ ਤਰੀਕਾ ਤੇ ਸੰਸਾਰਕ ਦੁੱਖਾਂ ਕਲੇਸ਼ਾਂ ਤੋਂ ਛੁਟਣ ਦਾ ਸਾਧਨ

ਪੰਡਿਤ ਗੁਲਾਬ ਸਿੰਘ ਜੀ ਏਸ ਸਵੱਈਏ ਵਿਚ ਦਸਦੇ ਹਨ:

੧. (ਸਭ ਤੋਂ ਪਹਿਲਾਂ ਤਾਂ ਮਨੁੱਖ ਵਾਸਤੇ ਜ਼ਰੂਰੀ ਹੈ) (ਪਰਿਵਾਰਕ) ਮਮਤਾ : ਮਸਤੀ (ਧਨ-ਦੌਲਤ, ਜ਼ਮੀਨ ਜਾਇਦਾਦ, ਵਿਦਿਆ, ਸਰੀਰਕ ਅਰੋਗਤਾ ਜਾਂ ਸੁੰਦਰਤਾ ਦਾ ਹੰਕਾਰ ਛੱਡ ਦੇਵੇ)।

੨. (ਦੂਜਾ ਕੰਮ ਇਹ ਕਰੇ ਕਿ) ਰਾਮ-ਰਾਮ, ਹਰੀ-ਹਰੀ ਨੂੰ ਸਦਾ ਯਾਦ ਕਰੇ, ਹਰ ਇਕ ਨੂੰ ਇਕੋ ਨਜ਼ਰ ਨਾਲ ਤੱਕੇ, ਸਾਰਿਆਂ ਵਿਚ ਇਕੋ ਵਾਹਿਗੁਰੂ ਵਸਦਾ ਜਾਣੇ, ਆਪ ਤੋਂ ਛੋਟੇ ਨੇ ਅਪਮਾਨ ਕਰ ਦਿੱਤਾ ਤੇ ਉਸ ਨੂੰ ਸਜ਼ਾ ਦੇਣ ਦਾ ਖਿਆਲ ਛੱਡ ਕੇ ਮੁਆਫ ਕਰ ਦੇਵੇ (ਇਹ ਸ਼ੁਭ ਭਾਵਨਾ ਦਿਲ ਵਿਚ ਰੱਖੇ ਕਦੇ ਵੀ ਦਿਲੋਂ ਦੂਰ ਨਾ ਕਰੇ )।

੩. (ਪਰਮੇਸ਼ਰ ਪ੍ਰਾਪਤੀ ਦਾ ਤੀਜਾ ਕਾਰਣ ਏਹ ਹੈ:) ਹਮੇਸ਼ਾਂ ਸ਼ਾਂਤੀ ਬਣਾਈ ਰੱਖੇ, ਗੁਰੂ ਨੂੰ ਸਦਾ ਅੰਗ-ਸੰਗ ਜਾਣੇ ਤੇ ਧਾਰਮਿਕ ਪੁਸਤਕਾਂ ਦਾ ਮਨ ਦੀ ਅਗਵਾਈ ਵਾਸਤੇ ਪਠਨ-ਪਾਠਨ ਕਰਦਾ ਰਹੇ ਅਤੇ ਪੰਥਕ ਕੰਮਾਂ ਵਿਚ ਮੋਢੇ ਨਾਲ ਮੋਢਾ ਮਿਲਾ ਕੇ ਚਲੇ ਇਹਨਾਂ ਗੱਲਾਂ ਨੂੰ ਜੇਕਰ ਦਿਲ ਵਿਚ ਰੋਜ਼ ਸੰਭਾਲੇਗਾ (ਯਾਦ ਰੱਖੇਗਾ ਤਾਂ) ਪਰਮਾਤਮਾ ਜ਼ਰੂਰ ਮਿਲੇਗਾ ।

੪. ਜੇਕਰ (ਉਪਰੋਕਤ ਗੱਲਾਂ ਧਾਰਨ ਤੋਂ ਬਾਅਦ ਵੀ) ਹਰੀ ਨਹੀਂ ਮਿਲਦਾ ਤਾਂ ਕਵੀ ਜੀ ਕਹਿੰਦੇ ਹਨ ਕਿ (ਮੈਂ) ਗੁਲਾਬ ਸਿੰਘ ਤੁਹਾਡਾ ਗੁਆਹ ਬਣੇਗਾ ਕਿ ਕਿਉਂ ਨਹੀਂ ਵਾਹਿਗੁਰੂ ਦੀ ਪ੍ਰਾਪਤੀ ਹੋਈ।

**ਅਰਥਾਤ**

ਮਾੜੇ ਵਿਚਾਰਾਂ ਦਾ ਕੂੜਾ ਕਰਕਟ ਬਾਹਰ ਕੱਢ ਦਿਓ, ਸੁਭ ਵਿਚਾਰ ਦਿਲ ਵਿਚ ਵਸਾਓ, ਧਾਰਮਿਕ ਕੰਮ-ਕਾਰ ਕਰੋ, ਹਰਇਕ ਨਾਲ ਮਿੱਤ੍ਰਤਾ ਰੱਖੋ, ਆਪ ਤੋਂ ਕਮਜ਼ੋਰ ਦੀ ਗਲਤੀ ਦੇਖ ਕੇ ਮੁਆਫ ਕਰਨ ਦਾ ਮਾਦਾ ਰੱਖੋ, ਦੈਵੀ ਗੁਣ ਧਾਰੋ, ਪੰਥ ਨਾਲ ਮਿਲ ਕੇ ਚੱਲੋ ਜਦੋਂ ਤੁਸੀਂ ਰੱਬ ਵਰਗੇ ਖਿਆਲ ਧਾਰੋਗੇ ਤਾਂ ਰੱਬ ਦਾ ਮਿਲਣਾ ਅਸਾਨ ਹੋ ਜਾਵੇਗਾ ਤੁਹਾਨੂੰ ਲੱਭਣ ਦੀ ਜ਼ਰੂਰਤ ਨਹੀਂ ਪਵੇਗੀ, ਤਦ ਤੁਹਾਨੂੰ ਆਪਣੇ ਆਪ ਸਾਰੇ ਪਰਮਾਤਮਾ ਵਸਦਾ ਪ੍ਰਤੀਤ ਹੋਣ ਲੱਗ ਪਵੇਗਾ। ਅਗਰ ਫੇਰ ਵੀ ਨਾ ਮਿਲੇ ਤਾਂ ਕਵੀ ਜੀ ਨੇ ਕਹਿੰਦੇ ਨੇ ਮੈਂ ਜ਼ੁੰਮੇਵਾਰ ਹੋਵਾਂਗਾ। ਏਹ ਕੁਝ ਕਵੀ ਜੀ ਨੇ ਇਸ ਸਵੱਈਏ ਅੰਦਰ ਬੁਝਾਰਤ ਰੂਪ ਵਿਚ ਦਰਸਾਇਆ ਹੈ।

ਸ੍ਵੈਯਾ।।

**੧. ਸਤ ਅਸਟਦਸਾ ਸੁਭ ਸੰਮਤ ਥੋ ਪੁਨ ਤ੍ਰਿੰਸਤ ਚਾਰ ਭਏ ਅਧਿਕਾਈ।**

**੨. ਘਨ ਪੂਰ ਰਹੇ ਦਿਸ ਚਾਰ ਘਨੇ ਪੁਨ ਮੰਦ ਸਮੀਰ ਸੁ ਬੂੰਦ ਸੁਹਾਈ।**

**੩. ਸਸਿ ਪੂਰਣਮਾ ਰਵਿ ਬਾਸੁਰ ਥੋ ਸੁਧ ਹਾੜ ਸਮਾਪਤ ਕੀ ਤਿਥਿ ਪਾਈ।**
**੪. ਦਿਨ ਤਾਹਿ ਸਮਾਪਤ ਗ੍ਰੰਥ ਭਯੋ ਹਰਿ ਕੇ ਪਦ ਪੰਕਜ ਭੇਟ ਚੜ੍ਹਾਈ॥ ੧੩੦॥**

**ਪਦ ਅਰਥ :**

ਸਤ=ਸ਼ਤ, ੧੦੦। ਅਸਟ=੮। ਦਸਾ=੧੦। ਸੁਭ=ਸੋਹਣਾ। ਸੰਮਤ=ਬਿਕ੍ਰਮੀ ਸਾਲ। ਥੋ=ਸੀ। ਪੁਨ=ਫੇਰ। ਤ੍ਰਿੰਸ਼=੩੦। ਚਾਰ=੪ ਭਾਵ ੧੮੩੪ ਸੰਮਤ ਸੀ। ਘਨ=ਬੱਦਲ। ਪੂਰ ਰਹੇ=ਪੂਰਨ ਹੋ ਰਹੇ ਸਨ। ਦਿਸ ਚਾਰ=ਚਾਰੋਂ ਦਿਸ਼ਾਵਾਂ ਵਿਚ ਭਾਵ ਵਰਸਾਤ ਦੀ ਰੁਤ ਸੀ। ਪੁਨ=ਫੇਰ। ਮੰਦ=ਹੌਲੀ-ਹੌਲੀ। ਸਮੀਰ=ਹਵਾ। ਸੁ=ਉਹ। ਬੁੰਦ=ਬੂੰਦਾਂ। ਸੁਹਾਈ=ਸੋਹਣੀਆਂ ਲੱਗਦੀਆਂ ਸਨ। ਸਸਿ=ਚੰਦਰਮਾ। ਪੂਰਣਮਾ=ਪੂਰਨਮਾਸ਼ੀ। ਰਵਿ=ਐਤਵਾਰ। ਬਾਸੁਰ=ਦਿਨ। ਥੋ=ਸੀ। ਸੁਧ=ਪਵਿੱਤਰ। ਤਿਥਿ=ਤਿਥੀ, ਥਿੱਤ ਪੂਰਨਮਾਸ਼ੀ ਦੀ ਥਿਤ ਸੀ। ਸਮਾਪਤ=ਪੂਰਾ ਹੋਇਆ। ਦਿਨ ਤਾਂਹਿ=ਉਸ ਦਿਨ। ਸਮਾਪਤਿ=ਸੰਪੂਰਨ ਹਾੜ ਸੁਦੀ ਪੰਦਰਵੀਂ ਤਿਥ ਸੀ (੧੮੩੪)। ਗ੍ਰੰਥ=ਭਾਵਰ ਸਾਂਮ੍ਰਿਤ ਗ੍ਰੰਥ। ਪਦ ਪੰਕਜ=ਚਰਨ-ਕਮਲਾਂ 'ਚ। ਚੜਾਈ=ਚਾੜ੍ਹ ਦਿੱਤੀ। ਹਰਿ ਕੇ ਪਦ ਪੰਕਜ=ਹਰੀ ਦੇ ਚਰਨ ਕਮਲਾਂ 'ਤੇ ਭੇਟ ਕਰ ਦਿੱਤੀ। ਪਰਮਾਤਮਾ ਨੂੰ ਸਮਰਪਣ ਕਰ ਦਿੱਤੀ।

**ਅਰਥ :**

੧. ਸੋ, ਅਠਾਰਾਂ (ਅਠਾਰਾਂ ਸੌ) ਸ੍ਰੇਸ਼ਟ ਸੰਮਤ ਸੀ ਫੇਰ ਤੀਹ ਤੇ ਚਾਰ ਉੱਪਰ ਅਧਿਕ ਸਨ। ਭਾਵ ਅਠਾਰਾਂ ਸੌ ਚੌਂਤੀ ਸੁਭ ਬਿਕ੍ਰਮੀ ਸੰਮਤ ਸੀ।

੨. ਬੱਦਲ ਚਾਰ ਚੁਫੇਰੇ ਬਹੁਤੇ ਭਰੇ ਹੋਏ ਸਨ ਭਾਵ ਚੜ੍ਹੇ ਹੋਏ ਸਨ ਤੇ ਫੇਰ ਹਵਾ (ਚਲਦੀ ਤੇ) ਉਸ ਵੇਲੇ (ਮੀਂਹ ਦੀਆਂ ਨਿੱਕੀਆਂ ਨਿੱਕੀਆ) ਬੂੰਦਾਂ ਪੈ ਰਹੀਆਂ ਸਨ।

੩. ਚੰਦਰਮਾ ਅਕਾਸ਼ ਵਿਚ ਪੂਰਾ ਸੀ ਭਾਵ ਪੂਰਨਮਾਸ਼ੀ ਦਾ ਦਿਨ ਐਤਵਾਰ ਸੀ ਅਤੇ ਹਾੜ ਸੁਦੀ ਪੰਦਰਵੀਂ ਆਖਰੀ ਤਿੱਥ ਸੀ।

੪. ਉਸ ਦਿਨ ਇਹ ਗ੍ਰੰਥ (ਭਾਵਰ ਸਾਂਮ੍ਰਿਤ) ਸੰਪੂਰਨ ਹੋਇਆ ਸੀ ਤੇ (ਮੈਂ ਇਸ ਗ੍ਰੰਥ ਨੂੰ) ਪਰਮਾਤਮਾ ਦੇ ਚਰਨ ਕਮਲਾਂ 'ਤੇ ਭੇਟ ਕੀਤਾ। ਭਾਵ ਅਰਪਣ ਕੀਤਾ।

**ਇਤਿ ਸ੍ਰੀ ਮਤਿ ਮਾਨ ਸਿੰਘ ਚਰਨ ਸਿਖ੍ਯਤ ਗੁਲਾਬ ਸਿੰਘ ਨੇ**
**ਗੌਰੀ-ਰਾਇਆ ਆਤਮਜੇਨ ਵਿਰਚਤੇ ਭਾਵਰਸਾਂਮ੍ਰਿਤ ਸਮਾਪਤੰ।**

**ਭਾਵਰਸਾਂਮ੍ਰਿਤ ਗ੍ਰੰਥ ਸਟੀਕ ਸਮਾਪਤੰ**

**ਦਾਸਨ ਦਾਸ ਸੁਰਜੀਤ ਸਿੰਘ**
**ਸੇਵਾ ਪੰਥ ਰੇਵਾੜੀ**
**ਅੰਮ੍ਰਿਤਸਰ**